# ਬਾਰਹਮਾਹਾ
# ਮਾਘਿ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*
*ਅੰਗ - 136*

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ਅੰਗ - 658*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ ਦੀ ਵਾਰ 27/4*

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*
*ਜਹ ਜਹ ਜਾਉ ਤਹਾ ਤੇਰੀ ਸੇਵਾ॥*
*ਤੁਮ ਸੋ ਠਾਕੁਰੁ ਅਉਰੁ ਨ ਦੇਵਾ॥*
*ਤੁਮਰੇ ਭਜਨ ਕਟਹਿ ਜਮ ਫਾਂਸਾ॥*
*ਭਗਤਿ ਹੇਤ ਗਾਵੈ ਰਵਿਦਾਸਾ॥ ਅੰਗ - 658*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਅੱਜ ਦਾ ਦਿਨ 12 ਮਹੀਨਿਆਂ ਦੇ ਅੰਦਰੋਂ ਮਾਘਿ ਦੀ ਸੰਗਰਾਂਦ, ਸਾਡੇ ਲਈ ਇਕ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਪਹਿਲੇ ਜ਼ਮਾਨਿਆਂ ਦੇ ਅੰਦਰ ਕਿਉਂਕਿ ਸੂਰਜ ਅੱਜ ਆਪਣੀ ਚਾਲ ਛੱਡ ਕੇ ਦੂਸਰੇ ਘਰ ਵਿਚ ਪੈਂਦਾ ਹੈ ਅਤੇ ਉਨ੍ਹਾਂ ਹਿਸਾਬਾਂ ਦੇ ਨਾਲ ਅੱਜ ਦਾ ਦਿਨ ਬੜਾ ਪਵਿੱਤਰ ਗਿਣਿਆ ਜਾਂਦਾ ਹੈ। ਐਸਾ ਲਿਖਿਆ ਹੋਇਆ ਹੈ ਸਾਸ਼ਤਰਾਂ ਦੇ ਅੰਦਰ ਕਿ ਅੱਜ ਕੋਈ ਪੁੰਨ ਕਰੇ, ਦਾਨ ਕਰੇ, ਭਜਨ ਬੰਦਗੀ ਕਰੇ ਉਹਦਾ ਹਜ਼ਾਰਾਂ ਗੁਣਾਂ ਫਲ ਵਧ ਜਾਇਆ ਕਰਦਾ ਹੈ। ਜਾਂ ਤਾਂ ਇਸ ਤਰ੍ਹਾਂ ਸਮਝ ਲਓ ਕਿ ਕੋਈ ਵਤਰ ਹੋਣੀ ਹੈ ਸੰਸਾਰ ਦੇ ਅੰਦਰ ਬਣਾਈ ਹੋਈ ਕਿ ਅੱਜ ਦਾ ਦਾਣਾ ਪਾਇਆ ਹੋਇਆ ਵਧ ਜਾਏਗਾ। ਸੋ ਇਸ ਕਰਕੇ ਇਸ ਮਹੀਨੇ ਇਹ ਵਿਸ਼ਵਾਸ਼ ਤੁਰਿਆ ਆਉਂਦਾ ਸੀ ਕਿ ਅੰਮ੍ਰਿਤ ਵੇਲੇ ਉਠ ਕੇ ਕੇਸੀ ਇਸ਼ਨਾਨ ਕਰੋ ਤਾਂ ਜਿੰਨੇ ਕੇਸ ਨੇ ਸਭ ਸੋਨੇ ਦੇ ਬਣ ਜਾਣਗੇ। ਸੋਨੇ ਦੇ ਬਾਲ ਬਣਾਉਂਦੇ ਸੀ। ਪਿੰਡਾਂ ਦੇ ਅੰਦਰ ਰਿਵਾਜ ਹੋਇਆ ਕਰਦਾ ਸੀ। ਸਾਡੇ ਕੋਲ ਦੀ ਨਹਿਰ ਲੰਘਦੀ ਸੀ, ਪਾਣੀ ਠਰਿਆ ਹੁੰਦਾ, ਹੱਥ ਨਹੀਂ ਲਗਦਾ ਸੀ, ਲੇਕਿਨ ਜਿਹੜੇ ਸ਼ੌਂਕ ਵਾਲੇ ਬੰਦੇ ਸੀ, ਬੀਬੀਆਂ, ਭਾਈ ਉਹ ਅੰਮ੍ਰਿਤ ਵੇਲੇ ਉਠ ਕੇ ਨਹਿਰ 'ਚ ਜਾ ਕੇ ਇਸ਼ਨਾਨ ਕਰਦੇ ਸੀ। ਅਰ ਇਕ ਮਹੀਨਾ ਪੂਰਾ ਇਸ਼ਨਾਨ ਕਰਦੇ। ਲੇਕਿਨ ਗੁਰੂ ਮਹਾਰਾਜ ਨੇ ਕਿਹਾ ਕਿ ਜਿਵੇਂ ਤੁਸੀਂ ਇਕ ਮਹੀਨਾ ਕਰਦੇ ਓਂ ਤੁਸੀਂ ਸਾਰਾ ਸਾਲ ਇਵੇਂ ਕਰੋ ਫੇਰ ਦੇਖੋ ਕਿੰਨਾ ਫਲ ਹੁੰਦਾ ਹੈ? ਇਹ ਕਹਿੰਦੇ ਸੀ ਕਿ ਜੇ ਮਾਘ ਦੇ ਮਹੀਨੇ ਇਸ਼ਨਾਨ ਕਰਿਆ ਜਾਵੇ ਤਾਂ ਉਹ ਪਵਿੱਤਰ ਹੋ ਜਾਂਦਾ ਹੈ। ਉਹਦੇ ਪਾਪ ਹਟ ਜਾਂਦੇ ਨੇ। ਬਹੁਤ ਵੱਡਾ ਉਸਨੂੰ ਫਲ ਪ੍ਰਾਪਤ ਹੁੰਦਾ ਹੈ। ਮਾਘਿ ਦੇ ਮਹੀਨੇ ਵਿਚ ਜੇ ਦਾਨ ਕਰੇ, ਪਿੱਤਰ ਲੋਕ 'ਚ ਜਾ ਕੇ ਖਤਮ ਹੋਣ 'ਚ ਨਹੀਂ ਆਉਂਦਾ। ਲੱਖਾਂ ਗੁਣਾਂ ਵਧ ਜਾਇਆ ਕਰਦਾ ਹੈ। ਸੇਵਾ ਕਰੀ ਵਧ ਜਾਂਦੀ ਹੈ। ਸੋ ਗੁਰੂ ਮਹਾਰਾਜ ਦੇ ਕੋਲ ਜਦੋਂ ਅਰਜ਼ ਕਰੀ ਕਿ ਸੱਚੇ ਪਾਤਸ਼ਾਹ! ਮਾਘ ਦੇ ਮਹੀਨੇ ਦਾ ਬੜਾ ਮਹਾਤਮਾ ਹੈ। ਆਪ ਭੀ ਕ੍ਰਿਪਾ ਕਰਕੇ ਦੱਸੋ। ਲੋਕ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਨੇ, ਦਾਨ ਕਰਦੇ ਨੇ ਤੇ ਸਾਨੂੰ ਵੀ ਦੱਸੋ ਕੋਈ ਤਰੀਕਾ ਦਾਨ ਕਰਨ ਦਾ ਤੇ ਇਸ਼ਨਾਨ ਕਰਨ ਦਾ, ਜਿਹਦੇ ਨਾਲ ਅਸੀਂ ਪਵਿੱਤਰ ਹੋ ਜਾਈਏ, ਸਾਡੇ ਪਾਪ ਲਹਿ ਜਾਣ। ਤਾਂ ਮਹਾਰਾਜ ਨੇ ਫੁਰਮਾਨ ਕਰਿਆ ਕਿ ਪਿਆਰਿਓ! ਬਾਹਰਲੇ ਜਿਹੜੇ ਤੀਰਥ ਨੇ ਇਨ੍ਹਾਂ ਵਿਚ ਮੈਲ ਭਰ ਗਈ –

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥***
***ਅੰਗ - 747***

ਕਰੋੜਾਂ ਤੀਰਥਾਂ ਦੇ ਵਿਚ ਮੈਲ ਭਰ ਗਈ। ਇਨ੍ਹਾਂ ਦੇ ਵਿਚ ਨਾਤ੍ਰਿਆਂ ਤੇ ਮੈਲ ਉਤਰਦੀ ਨਹੀਂ ਸਗੋਂ ਹੋਰ ਮੈਲ ਲਗ ਜਾਂਦੀ ਹੈ। ਤੀਰਥ ਤੇ ਜਾਂਦਾ ਹੈ ਜੇ ਮਨ ਦੇ ਅੰਦਰ ਅਭਿਮਾਨ ਆ ਜਾਵੇ ਕਿ ਮੈਂ ਜਾ ਕੇ ਇਸ਼ਨਾਨ ਕਰਿਆ ਹੈ। ਮਹਾਰਾਜ ਕਹਿੰਦੇ ਉਹ ਤਾਂ ਨਿਸਫਲ ਚਲਿਆ ਗਿਆ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਅੰਗ - 1428***

ਵਰਤ ਵੀ ਰੱਖਿਆ, ਦਾਨ ਵੀ ਕੀਤਾ ਤੇ ਅਭਿਮਾਨ ਹੋ ਗਿਆ ਮਨ ਦੇ ਅੰਦਰ ਤਾਂ ਤੀਰਥ ਦਾ ਫਲ ਜਾਂਦਾ ਰਿਹਾ। ਹਾਥੀ ਨਹਾ ਕੇ ਆਇਆ ਹੈ ਤੇ ਉਤੇ ਮਿੱਟੀ ਪਾ ਲਈ। ਕਹਿੰਦੇ ਜਿਸ ਤਰ੍ਹਾਂ ਇਹਦਾ ਇਸ਼ਨਾਨ ਨਿਹਫਲ ਚਲਿਆ ਜਾਂਦਾ ਹੈ ਇਵੇਂ ਜਿਵੇਂ ਬਿਨਾਂ ਸੋਚੇ ਸਮਝੇ ਤੇ ਜੋ ਦਾਨ ਕਰਨਾ ਹੈ, ਵਰਤ ਰੱਖਣਾ ਹੈ, ਇਸ਼ਨਾਨ ਕਰਨਾ ਹੈ, ਤੀਰਥ ਯਾਤਰਾ ਕਰਨੀ ਹੈ ਉਹ ਵੀ ਫਲ ਨਹੀਂ ਦਿਆ ਕਰਦੀ। ਸੋ ਗੱਲ ਨੂੰ ਸਮਝਣ ਦਾ ਯਤਨ ਕਰੋ। ਜੇ ਤਾਂ ਮਨ ਮੈਲਾ ਹੈ ਤਾਂ ਸਭ ਕੁਛ ਮੈਲਾ ਹੈ।

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*
*ਅੰਗ - 558*

ਜੇ ਤਨ ਧੋ ਲਿਆ ਤਾਂ ਮਨ ਨਹੀਂ ਅੱਛਾ ਹੋਇਆ ਕਰਦਾ। ਜੇ ਮਨ ਧੋ ਲਿਆ ਫੇਰ ਤਨ ਪਵਿੱਤਰ ਹੋ ਜਾਇਆ ਕਰਦਾ ਹੈ। ਸੋ ਮਨ ਨੂੰ ਧੋਣ ਦੀ ਜ਼ਰੂਰਤ ਹੈ। ਮਨ ਕਿਥੇ ਧੋਵੇ? ਮਹਾਰਾਜ ਕਹਿੰਦੇ ਇਕ ਤੀਰਥ ਹੈ ਤੁਹਾਡੇ ਅੰਦਰ, ਹਰੇਕ ਦੇ ਅੰਦਰ ਹੈ–

*ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*
*ਅੰਗ - 468*

ਆਤਮਾ ਦਾ ਤੀਰਥ, ਨਾਮ ਦਾ ਤੀਰਥ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਅੰਗ - 293*

ਉਹ ਅੰਦਰ ਹੈ ਨਾਮ ਦਾ ਤੀਰਥ ਉਹਦੇ ਵਿਚ ਜਦੋਂ ਇਸ਼ਨਾਨ ਕਰਦੇ ਹਾਂ ਨਾ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ - 4*

ਉਹ ਮਨ ਮੈਲਾ ਹੋਇਆ, ਨਾਮ ਦੇ ਪਿਆਰ ਦੇ ਨਾਲ ਧੋਤਾ ਹੋਇਆ ਸੁਥਰਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਕਿ ਮਾਘ ਦੇ ਵਿਚ ਉਹ ਪਵਿੱਤਰ ਹੋ ਜਾਂਦੇ ਨੇ ਜਿਨ੍ਹਾਂ ਨੂੰ ਅੰਦਰਲੇ ਤੀਰਥ ਦਾ ਪਤਾ ਲੱਗ ਗਿਆ –

*ਧਾਰਨਾ - ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥*
*ਅੰਗ - 1109*

ਅੰਦਰਲਾ ਇਸ਼ਨਾਨ ਕਰਨ ਦੀ ਜਾਚ ਗੁਰੂ ਮਹਾਰਾਜ ਦਸਦੇ ਨੇ। ਪਹਿਲਾਂ ਮਨ ਨੂੰ ਸ਼ਬਦ ਦੇ ਨਾਲ ਇਸ਼ਨਾਨ ਕਰਾਓ। ਮਾਘ ਦੇ ਮਹੀਨੇ ਜੋ ਬੁੱਧੀ ਹੈ, ਜੀਵ ਆਤਮਾ ਹੈ ਉਹ ਪਵਿੱਤਰ ਹੋ ਜਾਂਦੀ ਹੈ, ਜੇ ਅੰਦਰਲੇ ਤੀਰਥ ਦੀ ਸੋਝੀ ਆ ਜਾਵੇ। ਹੁਣ ਕਿੰਨਾ ਫਾਇਦਾ ਹੋ ਗਿਆ ਸਾਨੂੰ ਬਾਹਰ ਜਾ ਕੇ ਖਰਚ ਕੇ, ਦੂਰ-ਦੂਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ ਹੈ। ਅੰਦਰਲੇ ਤੀਰਥ ਦੀ ਜੇ ਸਮਝ ਆ ਜਾਵੇ, ਕਹਿੰਦੇ ਪਵਿੱਤਰ ਤਾਂ ਇਸ ਪਾਸੇ ਰਿਹਾ, ਜੇ ਹਜ਼ਾਰ ਵਾਰੀ ਪਵਿੱਤਰ-ਪਵਿੱਤਰ ਕਹੀ ਜਾਓ ਨਾ, ਇਕ ਵਾਰੀ ਪੁਨੀਤ ਕਹਿ ਦਿਓ ਉਹਦੇ ਬਰਾਬਰ ਹੋ ਜਾਂਦਾ ਹੈ। ਐਨਾ ਮਹਾਂ ਪਵਿੱਤਰ ਹੋ ਜਾਂਦਾ ਹੈ ਜੇ ਅੰਦਰਲੇ ਤੀਰਥ ਦੀ ਸੋਝੀ ਆ ਜਾਵੇ। ਫੇਰ ਜਿਹੜੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ, ਗੁਰੂ ਦੇ ਦਰਸ਼ਨ ਨਹੀਂ ਹੁੰਦੇ, ਮਾਘ ਦੇ ਮਹੀਨੇ ਜੇ ਤੀਰਥ ਨਾਹੁਣ ਦੀ ਜਾਚ ਆ ਜਾਵੇ ਤਾਂ ਕਹਿੰਦੇ ਉਹ ਵੀ ਮਿਲ ਜਾਂਦੇ ਨੇ।

*ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥*
*ਅੰਗ - 1109*

ਗੁਣ ਗਾਏ ਅਤੇ ਅੰਤ ਦੇ ਵਿਚ ਉਹਨੇ ਬੁੱਕਲ ਵਿਚ ਲੈ ਲਿਆ।

*ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥*
*ਅੰਗ - 1109*

ਜੇ ਮੈਂ ਤੈਨੂੰ ਭਾਉਂਦਾ ਹਾਂ ਵਾਹਿਗੁਰੂ ਤਾਂ ਮੈਂ ਕਿਸੇ 'ਸਰਿ' ਦੇ ਉਤੇ ਇਸ਼ਨਾਨ ਕਰ –

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥*
*ਅੰਗ - 2*

ਜੇ ਅਸੀਂ ਭਾਉਂਦੇ ਹੀ ਨਹੀਂ ਵਾਹਿਗੁਰੂ ਨੂੰ ਤਾਂ ਤੀਰਥਾਂ ਦੇ ਨਹਾ ਕੇ ਦੱਸੋ ਕੀ ਬਣਿਆ। ਕੁਝ ਵੀ ਨਾ ਬਣਿਆ। ਮਹਾਰਾਜ ਕਹਿੰਦੇ ਫੇਰ ਨਾਹੁੰਣ ਦਾ ਕੀ ਫਾਇਦਾ ਜੇ ਭਾਇਆ ਹੀ ਨਾ ਵਾਹਿਗੁਰੂ ਨੂੰ।

*ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥*
*ਅੰਗ - 1108*

ਫੇਰ ਸਰੋਵਰ ਦੇ ਵਿਚ ਇਸ਼ਨਾਨ ਕਰਾਂ, ਜੇ ਤੈਨੂੰ ਭਾਵੇ। ਉਹ ਸਰੋਵਰ ਕਿਹੋ ਜਿਹਾ ਹੈ? ਕਹਿੰਦੇ –

*ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥*
*ਅੰਗ - 1109*

ਸੱਤ ਸਮੁੰਦਰ ਉਹਦੇ ਵਿਚ ਸਮਾਏ ਹੋਏ ਨੇ। ਤਿੰਨ ਦਰਿਆ ਬੜੇ ਪਵਿੱਤਰ ਗਿਣੇ ਗਏ ਨੇ। ਗੰਗਾ, ਸੁਰਸਤੀ ਤੇ ਜਮਨਾ। ਜਿਥੇ ਸਾਰਿਆਂ ਦਾ ਸੰਗਮ ਹੁੰਦਾ ਹੈ। ਉਹਨੂੰ ਵੇਣੀ ਕਹਿੰਦੇ ਨੇ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਇਸ ਸਰੀਰ ਦੇ ਅੰਦਰ ਤਿੰਨ ਦਰਿਆ ਨੇ, ਇਕ ਨੂੰ ਈੜਾ ਕਹਿੰਦੇ, ਇਕ ਨੂੰ ਪਿੰਗਲਾ, ਇਕ ਨੂੰ ਸੁਖਮਨਾ। ਤਿੰਨਾਂ ਦਾ ਜਿਥੇ ਸੰਗਮ ਹੁੰਦਾ ਹੈ, ਉਥੇ ਪਰਾਗ ਦਾ ਮਹਾਂਪੁਰਬ ਲਗਦਾ ਹੈ। ਉਥੇ ਸੰਗਮ ਹੁੰਦਾ ਹੈ, ਇੜਾ ਕਹਿੰਦੇ ਨੇ ਸੱਜੀ ਨਾੜ ਨੂੰ। ਖੱਬੀ ਤੇ ਸੱਜੀ ਨਾੜੀ ਵਿਚ ਵਿਚਾਲੇ ਸੁਖਮਨਾ ਨਾੜੀ, ਮੱਥੇ ਤੇ ਇਕੱਠੇ ਹੁੰਦੇ ਨੇ ਤਿੰਨੋ, ਕਹਿੰਦੇ ਉਹ ਤੀਰਥ ਹੈ ਪ੍ਰੇਮੀਓ। ਉਥੇ ਸੱਤ ਸਮੁੰਦਰ ਸਮਾਉਂਦੇ ਨੇ। ਜਦੋਂ ਅਸੀਂ ਵਾਹਿਗੁਰੂ ਕਹਿ ਕੇ ਅੰਦਰ ਨੂੰ ਜਾਂਦੇ ਹਾਂ। ਅੰਦਰ ਜਾ ਕੇ ਰੁਕਦੇ ਹਾਂ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਥੇ ਉਸ ਤੀਰਥ ਦਾ

ਇਸ਼ਨਾਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹਦੇ ਵਿਚ ਸੱਤਾਂ ਹੀ ਸਮੁੰਦਰਾਂ ਦਾ ਇਸ਼ਨਾਨ ਆ ਜਾਂਦਾ ਹੈ।

*ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥ ਅੰਗ - 1109*

ਜੋ ਪੁੰਨ ਹੈ, ਦਾਨ ਹੈ, ਪ੍ਰਮੇਸ਼ਰ ਦੀ ਪੂਜਾ ਇਹ ਸਮਝ ਕੇ ਕਰਨੀ ਕਿ ਤੂੰ ਸਦਾ ਹੀ ਇਕੋ ਹੈਂ, ਹਰ ਥਾਂ ਦੇ ਉਤੇ ਹੈਂ।

*ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥*
*ਅੰਗ - 1109*

ਇਥੇ ਹੁਣ ਮਹਾਰਾਜ ਨੇ ਹੋਰ ਘੁੰਡੀ ਖੋਲ੍ਹ ਦਿਤੀ ਕਿ ਮਾਘ ਜਿਹੜਾ ਹੈ ਇਹਦੇ ਵਿਚ ਮਹਾਂ ਰਸ ਮਿਲਦਾ ਹੈ ਤੇ 68 ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਇਹ ਇਸ਼ਨਾਨ ਕਰਕੇ ਜੀਵ ਪਵਿੱਤਰ ਹੋ ਜਾਂਦਾ ਹੈ -

*ਧਾਰਨਾ - ਮਹੀਨਾ ਮਾਘ ਦਾ ਪਵਿੱਤਰ ਹੋ ਜਾਵੇ,*
*ਜਪ ਸਤਿਨਾਮ ਵਾਹਿਗੁਰੂ।*
*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*

ਮਾਘ ਦਾ ਮਹੀਨਾ, ਮਹਾਰਾਜ ਨੇ ਕਿੰਨਾ ਖੋਲ੍ਹ-ਖੋਲ੍ਹ ਕੇ ਸਾਨੂੰ ਸਮਝਾਇਆ ਹੈ। ਅਰਥ ਕਰਨ ਦੀ ਲੋੜ ਨਹੀਂ ਕਿਉਂਕਿ ਵਿਚੇ ਬਾਣੀ ਦੇ ਅਰਥ ਆਪਣੇ ਆਪ ਹੋ ਗਏ। ਇਸ ਮਹੀਨੇ ਦੇ ਅੰਦਰ ਨਾਮ ਦੇ ਵਿਚ ਇਸ਼ਨਾਨ ਕਰੋ। ਨਾਮ ਦਾ ਦਾਨ ਕਰੋ। ਦਾਨ ਬੜੀ ਕਿਸਮ ਦੇ ਨੇ। ਅੰਨ ਦਾ ਦਾਨ ਹੈ, ਵਸਤਰ ਦਾ ਦਾਨ ਹੈ, ਭੂਮੀ ਦਾ ਦਾਨ ਹੈ ਹੋਰ ਅਨੇਕਾਂ ਕਿਸਮ ਦੇ ਦਾਨ ਨੇ। ਮਿੱਠੇ ਬਚਨਾਂ ਦਾ ਦਾਨ ਹੈ, ਮਨ ਦੀ ਸ਼ੁਭ ਇੱਛਾ ਦਾ ਦਾਨ ਹੈ, ਬੁੱਧੀ ਸ਼ੁਭ ਸਲਾਹ ਦਾ ਦਾਨ ਹੈ, ਲੇਕਿਨ ਸਾਰਿਆਂ ਨਾਲੋਂ ਉਤਮ ਦਾਨ ਮਹਾਰਾਜ ਨੇ ਕਿਹਾ ਹੈ ਕਿ -

*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ - 749*

ਬੰਦਗੀ ਆਪ ਕਰੋ ਤੇ ਹੋਰਾਂ ਨੂੰ ਕਰਾਓ।

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ - 306*

ਸੋ ਇਹ ਮਾਘ ਦੇ ਮਹੀਨੇ ਦੀ ਮਹੱਤਤਾ ਸੁਣੀ ਹੈ, ਪਰ ਇਹਦੇ ਵਿਚ ਇਕ ਸ਼ਰਤ ਰਹਿ ਗਈ। ਉਹਨੂੰ ਵੀ ਸਮਝਣ ਦਾ ਯਤਨ ਕਰੋ। ਮਹਾਰਾਜ ਕਹਿੰਦੇ -

*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*
*ਅੰਗ - 136*

ਪਹਿਲਾਂ ਤਾਂ ਆ ਗਿਆ ਕਿ ਸਾਧੂਆਂ ਦੇ ਨਾਲ ਮਿਲ ਕੇ, ਸੰਗਤ ਕਰਕੇ, ਉਨ੍ਹਾਂ ਦੀ ਧੂੜੀ ਵਿਚ ਇਸ਼ਨਾਨ ਕਰੋ। ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ, ਇਕ ਚਰਨ ਧੂੜੀ ਹੁੰਦੀ ਹੈ, ਇਕ ਮੁੱਖ ਵਾਕ ਧੂੜੀ ਹੁੰਦੀ ਹੈ। ਚਰਨ ਧੂੜ ਜੋ ਹੈ ਉਹ ਵੀ ਬਹੁਤ ਪਵਿੱਤਰ ਹੈ। ਉਹਨੂੰ ਤੀਰਥ ਲੋਚਦੇ ਨੇ। ਜੋ ਵਾਕ ਧੂੜੀ ਹੈ ਇਹਨੂੰ ਦੇਵਤਾ ਲੋਚਦੇ ਨੇ ਸਾਰੇ। ਸਾਰੇ ਸੰਸਾਰ ਦਾ ਉਧਾਰ ਕਰਦੀ ਹੈ ਸੰਤਾਂ ਦੀ ਵਾਕ ਧੂੜੀ। ਮਹਾਰਾਜ ਕਹਿੰਦੇ-

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਅੰਗ - 135*

ਸੁਣਨਾ ਕਰੋ, ਫੇਰ ਇਹਦਾ ਦਾਨ ਕਰੋ, ਆਪਣੇ ਕੋਲ ਨਾ ਰੱਖੋ। ਫੇਰ ਨਤੀਜਾ ਕੀ ਹੋਏਗਾ ਕਰੋੜਾਂ ਜਨਮਾਂ ਦੀ ਮੈਲ ਲਹਿ ਜਾਏਗੀ ਤੇ ਮਨ ਦੇ ਉਤੇ ਹਉਮੈ ਦਾ ਜਿਹੜਾ ਗੁਮਾਨ ਪਿਆ ਹੋਇਆ ਹੈ, ਹੰਕਾਰ ਦਾ। ਉਹ ਉਤਰ ਜਾਏਗਾ। ਜਦੋਂ ਉਤਰ ਗਿਆ ਉਸ ਵੇਲੇ ਨਾ ਕਾਮ, ਨਾ ਕ੍ਰੋਧ, ਨਾ ਲੋਭ, ਨਾ ਮੋਹ, ਨਾ ਅਹੰਕਾਰ। ਕੋਈ ਨਹੀਂ ਉਹਨੂੰ ਮੋਹ ਸਕੇਗਾ ਤੇ ਲੋਭ ਕੁੱਤਾ ਵੀ ਵਿਚੋਂ ਨਿਕਲ ਜਾਏਗਾ। ਜਦੋਂ ਫੇਰ ਨਿਕਲ ਜਾਣਗੇ ਫੇਰ ਰਸਤਾ ਸੱਚਾ ਹੋ ਜਾਏਗਾ। ਜਦੋਂ ਸੱਚੇ ਰਾਹ ਤੇ ਅਸੀਂ ਚੱਲਾਂਗੇ ਫੇਰ ਸਾਰਾ ਸੰਸਾਰ ਧੰਨ-ਧੰਨ ਕਹੇਗਾ। ਦਰਗਾਹ ਵਿਚ ਵੀ ਧੰਨ-ਧੰਨ ਹੋਏਗੀ। 68 ਤੀਰਥਾਂ ਦਾ ਪੁੰਨ ਹੈ ਜੀਅ ਦੇ ਉਤੇ ਦਇਆ ਕਰਨੀ। ਟੁੱਟਿਆਂ ਨੂੰ ਜੋੜ ਦੇਣਾ, ਵਿਗੜਿਆਂ ਦਾ ਸੰਵਾਰ ਦੇਣਾ। ਰੁੱਸਿਆਂ ਨੂੰ ਮਨਾ ਦੇਣਾ, ਗਫਲਤ 'ਚੋਂ ਕੱਢ ਕੇ ਬੰਦਗੀ ਵਲ ਲਾ ਦੇਣਾ। ਸ਼ਰਾਬਾਂ ਕਬਾਬਾਂ, ਗਲਤ ਰਸਤੇ ਤੇ ਪਏ ਨੂੰ, ਪ੍ਰਮੇਸ਼ਰ ਵਲ ਲਾ ਦੇਣਾ। ਇਸ ਤਰ੍ਹਾਂ ਕਰਨ ਦੇ ਨਾਲ ਆਪਣੇ ਪ੍ਰਭੂ ਦਾ ਮਿਲਾਪ ਹੋਣਾ ਹੈ। ਮਹਾਰਾਜ ਕਹਿੰਦੇ -

*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*
*ਅੰਗ - 136*

ਪੂਰਾ ਗੁਰੂ। ਮਾੜਾ ਮੋਟਾ ਗੁਰੂ ਨਹੀਂ। ਪੂਰੇ ਗੁਰੂ ਦੀ ਨਿਸ਼ਾਨੀ ਦਸਦੇ ਨੇ -

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।*
*ਜਿਉਕਰਿ ਨਿਰਮਲੁ ਆਰਸੀ ਜਗ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖ ਮੁਹਕਾਲਾ॥*
*ਭਾਈ ਗੁਰਦਾਸ ਜੀ ਦੀ ਵਾਰ 34/1*

ਐਸਾ ਸਤਿਗੁਰੂ ਜਿਹਦਾ ਕਿਸੇ ਨਾਲ ਵੈਰ ਨਾ ਹੋਵੇ ਤੇ ਸਾਰੇ ਕਰਤੱਬ ਨਿਰਾਲੇ ਹੋਣ। ਐਸਾ ਪੂਰਾ ਗੁਰੂ ਮਿਹਰਵਾਨ ਹੋ ਜਾਵੇ। ਮਿਹਰਵਾਨ ਹੁੰਦਾ ਹੈ ਗੁਰੂ ਪਿਆਰ ਨਾਲ। ਉਂਝ ਦਿਖਾਵੇ ਨਾਲ ਗੱਲਾਂ-ਬਾਤਾਂ ਨਾਲ, ਭੇਖ ਨਾਲ ਗੁਰੂ ਦਇਆਲ ਨਹੀਂ ਹੁੰਦਾ। ਕਿਸੇ ਚੀਜ਼ ਨਾਲ ਨਹੀਂ ਹੁੰਦਾ।

ਸੱਚਾ ਪਿਆਰ ਹੋਵੇ, ਆਪਣਾ ਆਪਾ ਗੁਰੂ ਨੂੰ ਸਮਰਪਣ ਕਰ ਦਿਤਾ ਹੋਵੇ, ਫੇਰ ਗੁਰੂ ਦਇਆਲ ਹੋ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਆਪ ਦੇ ਸਨਮੁਖ ਬਹੁਤ ਸਾਰੀ ਸੰਗਤ ਬੈਠੀ ਹੈ। ਕਹਿਣ ਲੱਗੀ, "ਪਾਤਸ਼ਾਹ! ਤੁਸੀਂ ਸਾਰੇ ਸਿੱਖਾਂ ਤੇ ਦਇਆਲ ਹੁੰਦੇ ਓਂ?" ਕਹਿੰਦੇ ਦੇਖੋ ਇਹਦੇ ਵਿਚ ਭੇਦ ਹੈ। ਗੁਰੂ ਹੁੰਦਾ ਹੈ ਪਾਰਸ। ਜਿਹੋ ਜਿਹੀ ਭਾਵਨਾ ਕੋਈ ਕਰਕੇ ਆਉਂਦਾ ਹੈ, ਉਹਦੀ ਭਾਵਨਾ ਪੂਰੀ ਹੋ ਜਾਂਦੀ ਹੈ। ਕਿਹੋ ਜਿਹਾ ਹੀ ਸਿੱਖ ਹੋਵੇ ਚਾਹੇ। ਜਿਹੋ ਜਿਹੀ ਭਾਵਨਾ ਜਿਹੋ ਜਿਹੀ ਸ਼ਰਧਾ ਲੈ ਕੇ ਆਏਗਾ। ਕੱਚਾ ਹੋਵੇ, ਪੱਕਾ ਹੋਵੇ ਗੁਰੂ ਇਹ ਨਹੀਂ ਦੇਖਦਾ। ਗੁਰੂ ਦਿੰਦਾ ਹੀ ਰਹਿੰਦਾ ਹੈ ਸਭ ਨੂੰ। ਲੇਕਿਨ ਫੇਰ ਵੀ ਤਿੰਨ ਕਿਸਮ ਦੇ ਸਿੱਖ ਹੁੰਦੇ ਨੇ। ਤਿੰਨ ਕਿਸਮ ਦੇ ਮੁਰੀਦ ਹੁੰਦੇ ਨੇ। ਇਕ ਤਾਂ ਹੁੰਦਾ ਹੈ ਸਿੱਖ। ਦੂਜਾ ਦਰਜਾ ਕਿਹੜਾ ਹੁੰਦਾ ਹੈ ਕਹਿੰਦੇ ਸਿਦਕੀ ਸਿੱਖ। ਤੀਸਰੇ ਮਰਜੀਵੜੇ ਸਿੱਖ ਹੁੰਦੇ ਨੇ। ਪਹਿਲਾ ਮੁਰੀਦ ਹੁੰਦਾ ਹੈ, ਦੂਸਰਾ ਮੁਰੀਦ-ਏ-ਸਾਦਕ ਹੁੰਦਾ ਹੈ, ਤੀਸਰਾ ਮੁਰੀਦ-ਏ-ਫਿਦਾਈ ਹੁੰਦਾ ਹੈ। ਜਿਹੜਾ ਫਿਦਾ ਹੋ ਜਾਵੇ, ਆਪਣਾ ਆਪ ਗੁਰੂ ਤੇ ਕੁਰਬਾਨ ਕਰ ਦੇਵੇ। ਆਪਣਾ ਕੁਛ ਨਾ ਰੱਖੇ। ਜਿਹੜਾ ਸਿੱਖ ਹੈ ਇਹ ਤਾਂ ਡੋਲ ਡਾਲ ਜਾਇਆ ਕਰਦਾ ਹੈ, ਇਹ ਮਤਲਬ ਨਾਲ ਆਉਂਦਾ ਹੈ, ਇਹਦੀ ਕੋਈ ਗੁਰੂ ਨਾਲ ਪ੍ਰੀਤ ਨਹੀਂ ਹੋਇਆ ਕਰਦੀ। ਇਹਦੇ ਵਿਚ ਇਕ ਨਾ ਤਾਂ ਕਹੋ ਧੰਦੇ ਦੀ ਸਿੱਖੀ। ਧੰਦੇ ਦਾ ਸਿੱਖ ਉਹ ਹੁੰਦਾ ਹੈ ਸਤਿਸੰਗ 'ਚ ਗਿਆ, ਬੰਦਗੀ ਕਰਨ ਵਾਲਿਆਂ, ਗੁਰੂ ਵਾਲਿਆਂ 'ਚ ਰਹਿੰਦਾ ਹੈ। ਗੁਰੂ ਵਾਲੇ ਉਸਨੂੰ ਹਰ ਰੋਜ਼ ਇਹ ਬਚਨ ਸੁਣਾਉਂਦੇ ਨੇ ਕਿ ਨਗੁਰੇ ਕਾ ਹੈ ਨਾਉ ਬੁਰਾ। ਐਸੇ ਬਚਨ ਸੁਣਾਉਂਦੇ ਨੇ ਕਿ ਨਿਗੁਰਾ ਮੂਰਖ ਹੁੰਦਾ ਹੈ, ਮਰ-ਮਰ ਜੰਮਦਾ ਹੈ, ਕਰੋੜਾਂ ਜੂਨਾਂ ਵਿਚ ਜਾਂਦਾ ਹੈ, ਕਿਉਂਕਿ ਨਿਗੁਰੇ ਦੀ ਕੋਈ ਗਤੀ ਨਹੀਂ ਹੋਇਆ ਕਰਦੀ। ਜਿਥੇ ਨਿਗੁਰਾ ਬੈਠ ਜਾਵੇ ਸਵਾ ਗਜ਼ ਧਰਤੀ ਡੂੰਘੀ, ਸਵਾ ਗਜ਼ ਚੌੜੀ ਭਰਿਸ਼ਟ ਹੋ ਜਾਇਆ ਕਰਦੀ ਹੈ। ਉਹ ਇਸ ਲਾਹਨਤ ਤੋਂ ਬਚਣ ਵਾਸਤੇ ਸਿੱਖੀ ਧਾਰਨ ਕਰ ਲੈਂਦਾ ਹੈ। ਅੰਮ੍ਰਿਤ ਛਕ ਲੈਂਦਾ ਹੈ। ਉਹ ਫਿਟਕਾਰਾਂ ਤੋਂ ਡਰਦਾ ਹੈ। ਪ੍ਰੇਮ ਨਹੀਂ ਉਸਨੂੰ ਹੋਇਆ ਕਰਦਾ। ਉਹ ਸਿੱਖ ਤਾਂ ਪਹਿਲੇ ਹੱਲੇ ਹੀ ਝਟਕੇ ਜਾਂਦੇ ਨੇ। ਇਥੋਂ ਦੀ ਅੰਮ੍ਰਿਤ ਛਕ ਕੇ ਗਏ, ਥੋੜ੍ਹੀ ਜਿਹੀ ਹਵਾ ਦਾ ਬੁੱਲ੍ਹਾ ਆਇਆ, ਕੁਸੰਗ ਦਾ। ਜਿਵੇਂ ਗਲੇ ਹੋਏ ਫਲ ਝੜ ਜਾਂਦੇ ਨੇ ਐਉਂ ਝੜ ਜਾਂਦੇ ਨੇ। ਉਸੇ ਵੇਲੇ ਸ਼ਰਾਬ ਪੀਣ ਲੱਗ ਗਏ, ਮਾਸ ਖਾਣ ਲਗ ਗਏ, ਉਸੇ ਵੇਲੇ ਕਿਰਪਾਨ ਲਾਹ ਦਿਤੀ। ਕਿਧਰੇ ਸਿੱਖੀ ਗਈ, ਕਿਧਰੇ ਗੁਰੂ ਗਿਆ। ਇਹ ਤਾਂ ਹੁੰਦੇ ਨੇ ਧੰਦੇ ਦੇ ਸਿੱਖ।

ਦੂਸਰੇ ਹੋਇਆ ਕਰਦੇ ਨੇ ਦੇਖਾ-ਦੇਖੀ ਦੇ। ਗੁਰੂ ਕੋਲ ਜਾਣ ਲਗ ਗਿਆ, ਉਹਦਾ ਕਾਰੋਬਾਰ ਠੀਕ ਹੋ ਗਿਆ। ਘਰ ਮਿਲ ਗਿਆ, ਪਦਾਰਥ ਮਿਲ ਗਏ, ਪੁੱਤਰ ਹੋ ਗਿਆ। ਇਜ਼ਤ ਹੋ ਗਈ, ਪੈਸਾ ਆ ਗਿਆ। ਪਤ ਵਧ ਗਈ, ਦੁਧ ਹੋ ਗਿਆ, ਜ਼ਮੀਨਾਂ ਜਾਇਦਾਦਾਂ ਹੋਣੀਆਂ ਸ਼ੁਰੂ ਹੋ ਗਈਆਂ। ਹੋਰ ਅਨੇਕਾਂ ਕਿਸਮ ਦੇ ਸੁਖ ਹੋ ਗਏ। ਸੁਸਾਇਟੀ ਵਿਚ ਉਹਦੀ ਇਜ਼ਤ ਹੋ ਗਈ। ਇਹ ਚੀਜ਼ਾਂ ਦੇਖ ਕੇ ਉਹਦੇ ਮਨ ਵਿਚ ਵੀ ਆਉਂਦਾ ਹੈ ਕਿ ਆਹ ਤਾਂ ਵਧ ਗਿਆ ਤੇ ਮੈਂ ਵੀ ਜੇ ਸਿੱਖ ਬਣ ਜਾਵਾਂ ਤਾਂ ਮੇਰਾ ਵੀ ਭਲਾ ਹੋ ਜਾਵੇਗਾ। ਬਹੁਤੇ ਮਹਾਤਮਾ ਕੋਲ ਵੀ ਇਸੇ ਤਰ੍ਹਾਂ ਹੀ ਆਇਆ ਕਰਦੇ ਨੇ। ਉਹ ਇਸ ਪਾਸੇ ਨੂੰ ਲਗ ਜਾਂਦੇ ਨੇ, ਲੇਕਿਨ ਉਨ੍ਹਾਂ ਦਾ ਪਿਆਰ ਨਹੀਂ ਹੁੰਦਾ ਕਿ ਫਲਾਣੀ ਬੀਬੀ ਰਾਜ਼ੀ ਹੋਈ ਹੈ ਜੀ। ਉਹਦੇ ਪੁੱਤਰ ਨਹੀਂ ਸੀ ਉਹਨੂੰ ਸੇਵਾ ਕਰਕੇ ਪੁੱਤਰ ਦੀ ਦਾਤ ਪ੍ਰਾਪਤ ਹੋਈ। ਫਲਾਣੇ ਦਾ ਮੁਕੱਦਮਾ ਨਹੀਂ ਸੀ ਠੀਕ ਹੁੰਦਾ ਇਥੇ ਅਰਦਾਸ ਕਰਾ ਕੇ ਠੀਕ ਹੋਇਆ। ਇਹ ਸੋਚ ਕੇ ਕਹਿੰਦੇ ਨੇ ਕਿ ਆਪਾਂ ਵੀ ਫੇਰ ਕਰਾ ਲਓ। ਗੁਰੂ ਨਾਲ ਉਨ੍ਹਾਂ ਦਾ ਕੋਈ ਲੈਣ ਨਾ ਦੇਣ, ਕੁਛ ਨਹੀਂ ਹੁੰਦਾ।

ਉਹ ਵੀ ਗੁਰੂ ਦਾ ਸਿੱਖ ਬਣ ਗਿਆ। ਨਾ ਨਾਮ ਜਪਣਾ ਹੈ ਉਹਨੇ, ਨਾ ਬੰਦਗੀ ਕਰਨੀ ਹੈ, ਨਾ ਕਥਾ ਸੁਣਨੀ ਹੈ, ਨਾ ਬਾਣੀ ਵਿਚਾਰਨੀ ਹੈ। ਨਾ ਮਹਾਂਪੁਰਸ਼ਾਂ ਦੀ ਸੇਵਾ ਕਰਨੀ ਹੈ, ਨਾ ਗੁਰੂ ਘਰ ਵਿਚ ਨੇਮ ਨਾਲ ਜਾਣਾ ਹੈ। ਕਹਿੰਦੇ ਇਹ ਸਿੱਖੀ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ।

ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਉਹਨੂੰ ਨਾ ਤਾਂ ਸ਼ਬਦ ਦਾ ਪਰਚਾ ਆਉਂਦੈ। ਨਾਮ ਨਾਲ ਨਹੀਂ ਉਸ ਦਾ ਪਰਚਾ ਪਿਆ ਹੁੰਦਾ। ਨਾ ਉਹ ਭਜਨ ਕਰਦਾ ਹੈ, ਗੁਰੂ ਦਾ ਸਰੂਪ ਨਹੀਂ ਹਿਰਦੇ 'ਚ ਵਸਾਇਆ ਹੁੰਦਾ। ਕਹਿੰਦੇ ਬਹੁਤਾ ਕਰਦੇ ਨੇ ਉਹਦੇ ਮਗਰ ਲਗ ਕੇ ਉਹ ਵੀ ਹੋ ਜਾਂਦਾ ਹੈ। ਇਹਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ। ਲੋਭ ਦੀ ਸਿੱਖੀ ਹੁੰਦੀ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਆਪਣੇ ਲੋਭ ਲਈ ਬਣਾਇਆ***
***ਮਿਤਰ ਗੁਰਾਂ ਨੂੰ,***
***ਦੇਖਾ ਦੇਖੀ ਸਿੱਖੀ ਧਾਰ ਕੇ।***

***ਅਪਨੇ ਲੋਭ ਕਉ ਕੀਨੋ ਮੀਤੁ॥***
***ਸਗਲ ਮਨੋਰਥ ਮੁਕਤਿ ਪਦੁ ਦੀਤੁ॥ ਅੰਗ - 195***

ਮਿਤਰ ਬਣਾ ਲਿਆ ਕਿ ਮੇਰਾ ਗੁਰੂ ਭਾਈ ਬਣ ਜਾਏਗਾ। ਅੰਮ੍ਰਿਤ ਛਕ ਲਵਾਂ। ਕਿਸੇ ਥਾਂ ਦੇ ਉਤੇ ਆਦਰ ਸਤਿਕਾਰ ਹੁੰਦਾ ਹੈ ਉਹੋ ਜਿਹਾ ਹੀ ਬਣ ਜਾਣੈ। ਅੰਦਰੋਂ ਪਿਆਰ ਨਹੀਂ ਹੈ। ਉਹੀ ਮਨਮਤਿ ਧਾਰੀ ਹੋਈ ਹੈ, ਉਹੀ ਨਿੰਦਿਆ, ਚੁਗਲੀ, ਈਰਖਾ, ਝਗੜੇ ਝਾਟੇ, ਉਹੀ ਸਮਗਲਿੰਗ ਕਰਨੀ, ਉਹੀ ਮਿਲਾਵਟਾਂ ਕਰਨੀਆਂ। ਸੰਗਤ 'ਚ ਆ ਕੇ ਨਹੀਂ ਬੈਠਦਾ। ਜਿਹੜੀ ਪਾਹੁਲ ਪੀਤੀ ਸੀ

ਉਹਦਾ ਭੇਤ ਨਹੀਂ ਸਮਝਿਆ ਕਿ ਮੈਂ ਅੰਮ੍ਰਿਤ ਕਿਉਂ ਛਕਿਆ। ਪੰਜ ਪਿਆਰਿਆਂ ਨੇ ਦੱਸਿਆ ਕਿ ਜਿਹੜੀ ਪਾਹੁਲ ਦਿੰਦੇ ਹਾਂ ਇਹਦੇ ਨਾਲ ਤੇਰਾ ਜਨਮ ਵਟ ਗਿਆ। ਪਹਿਲੇ ਤੇਰੇ ਸੰਸਕਾਰ ਜਿਹੜੇ ਨੇ ਉਹ ਖਤਮ ਹੋ ਗਏ, ਹੁਣ ਉਹ ਨਾ ਕਰੀ। ਗੁਰੂ ਦੀ ਮਤ ਵਿਚ ਆ।

ਮਹਾਰਾਜ ਕਹਿੰਦੇ ਨੇ ਅੰਮ੍ਰਿਤ ਤਾਂ ਨਾਮ ਹੁੰਦਾ ਹੈ।

*ਧਾਰਨਾ - ਸੁਣ ਮੇਰੇ ਮਨਾ, ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538*

ਗੁਰੂ ਦੀ ਮਤ ਧਾਰਨ ਕਰੇ ਤਾਂ ਇਹ ਅੰਮ੍ਰਿਤ ਮਿਲਦਾ ਹੈ। ਪਾਹੁਲ ਤਾਂ ਛਕ ਲਈ, ਪਾਹੁਲ ਦਾ ਭੇਦ ਨਹੀਂ ਜਾਣਿਆ। ਜਿਹਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ, ਅੰਮ੍ਰਿਤ ਤਾਂ ਛਕ ਲਿਆ ਪਰ ਭੇਦ ਨਹੀਂ ਜਾਣਿਆ।

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਅੰਗ - 538*

ਆਹ ਜਿਹੜੀ ਹਉਮੈ ਲੱਗੀ ਹੋਈ ਹੈ, ਮਾਇਆ ਦੇ ਵਿਚ ਸਾਰਾ ਸੰਸਾਰ ਫਸਿਆ ਹੋਇਆ ਹੈ ਕਹਿੰਦੇ ਜ਼ਹਿਰ ਹੈ ਜ਼ਹਿਰ। ਹਰੀ ਦਾ ਮੰਤਰ ਜਿਹੜਾ ਲਿਆ ਹੋਇਆ ਹੈ ਨਾ ਇਹਦੇ ਜਪਣ ਦੇ ਨਾਲ ਇਹ ਵਿਹੁ ਲਹਿ ਜਾਂਦੀ ਹੈ।

ਚੌਥੀ ਸਿੱਖੀ ਸਿਦਕ ਦੀ ਸਿੱਖੀ ਹੈ। ਜਿਹਨੂੰ ਮੁਰੀਦ-ਏ-ਸਾਦਕ ਕਹਿੰਦੇ ਨੇ ਉਹ ਜਿਹੜਾ ਹੁੰਦਾ ਹੈ ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦਾ। ਨਾ ਕਿਸੇ ਜੋਤਸ਼ ਨੂੰ, ਨਾ ਕਿਸੇ ਗ੍ਰਹਿ ਨੂੰ। ਕਿਸੇ ਨੂੰ ਨਹੀਂ ਮੰਨਦਾ। ਜੇ ਮੰਨੇਗਾ ਤਾਂ ਗੁਰੂ ਨੂੰ। ਕਿਸੇ ਵਹਿਮ 'ਚ ਨਹੀਂ ਪੈਂਦਾ। ਮੇਰੇ ਸਿਰ ਦੇ ਉਤੇ ਗੁਰੂ ਦਾ ਹੱਥ ਹੈ। ਮੇਰਾ ਗੁਰੂ ਜਿਹੜਾ ਹੈਗਾ -

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*
*ਤ੍ਵਪ੍ਰਸਾਦਿ ਸ੍ਵਯੈ*

ਉਹਦਾ ਭਰੋਸਾ ਛੱਡ ਕੇ ਕੋਈ ਭਰੋਸਾ ਨਹੀਂ ਕਰਦਾ। ਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਦਾ। ਜੇ ਜਿਉਂਦੇ ਹਾਂ ਤਾਂ ਵੀ ਗੁਰੂ ਦੀ ਸ਼ਰਨੀ, ਜੇ ਮਰ ਗਏ ਤਾਂ ਵੀ ਗੁਰੂ ਦੀ ਸ਼ਰਨੀ। ਕੋਈ ਮਰ ਗਿਆ ਤਾਂ ਤਾਂ ਵੀ ਕਹਿਣਾ ਹੈ -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
*ਅੰਗ - 917*

ਰੋਂਦਾ ਨਹੀਂ ਸਿੱਖ। ਸਸਕਾਰ ਕਰਕੇ ਕਹਿੰਦਾ ਹੈ ਕਿ 'ਅਨੰਦ ਭਇਆ ਮੇਰੀ ਮਾਇ'। ਕਦੇ ਨਹੀਂ ਕਹਿੰਦਾ ਕਿ ਮੈਨੂੰ ਬਹੁਤ ਦੁੱਖ ਹੋ ਗਿਆ ਕਿਉਂਕਿ ਗੁਰੂ ਦੇ ਭਾਣੇ ਵਿਚ ਚਲਦਾ ਹੈ। ਦੁਖ ਆ ਜਾਏ, ਸੁਖ ਆ ਜਾਏ, ਭਵਰਾਂ ਆ ਜਾਣ ਦੁਖਾਂ ਦੀਆਂ ਤਾਂ ਵੀ ਗੁਰੂ ਨੂੰ ਨਹੀਂ ਛਡਦਾ। ਸਿਰ ਚਲਿਆ ਜਾਵੇ, ਲੇਕਿਨ ਆਪਣੇ ਅਸੂਲ ਤੋਂ ਨਹੀਂ ਬਦਲਿਆ ਕਰਦਾ। ਸਿਦਕ ਦੇ ਵਿਚ ਨਹੀਂ ਕਮਜ਼ੋਰੀ ਆਉਂਦੀ। ਜਾਂਦਾ ਹੈ ਸਿਰ ਜਾਣ ਦੇ। ਤੇ ਉਹਦੀ ਤਾਂ ਆਵਾਜ਼ ਇਹ ਹੁੰਦੀ ਹੈ -

*ਧਾਰਨਾ - ਸਿਰ ਜਾਵੇ ਤਾਂ ਜਾਵੇ*
*ਮੇਰਾ ਸਿੱਖੀ ਸਿਦਕ ਨਾ ਜਾਵੇ।*

ਜਦ ਅੰਤਲਾ ਸੁਆਸ ਆਉਂਦਾ ਹੈ ਉਸ ਵੇਲੇ ਤੱਕ ਗੁਰੂ ਦਾ ਪਿਆਰ ਅਤੇ ਸਿੱਖੀ ਦਾ ਨਿਬਾਹ ਕਰਦਾ ਹੈ। ਕਹਿੰਦਾ ਹੈ ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ ਇਹਦੇ ਵਿਚੋਂ ਗੁਰੂ ਦਾ ਪਿਆਰ ਨਾ ਜਾਵੇ। ਜਦੋਂ ਪਿਆਰ ਚਲਿਆ ਗਿਆ ਗੁਰੂ ਦੀ ਸਿੱਖੀ ਚਲੀ ਗਈ, ਤਾਂ ਕੁਝ ਵੀ ਸਾਡੇ ਕੋਲ ਬਾਕੀ ਨਹੀਂ ਰਹਿਣਾ। ਪ੍ਰਾਣਾਂ ਨੇ ਤਾਂ ਜਾਣਾ ਹੀ ਜਾਣਾ ਹੈ, ਪਰ ਜਿਹੜੀ ਚੀਜ਼ ਨਹੀਂ ਜਾਣ ਦੇਣੀ ਉਹ ਗੁਰੂ ਦੇ ਪਿਆਰ ਤੇ ਸਿੱਖੀ ਨਹੀਂ ਜਾਣ ਦੇਣੀ। ਉਹ ਵਾਹਿਗੁਰੂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੱਚ ਦੇ ਉਤੇ ਜੀਵਨ ਗੁਜ਼ਾਰਦਾ ਹੈ। ਪ੍ਰਾਣ ਜਦੋਂ ਜਾਂਦੇ ਨੇ ਉਸ ਵੇਲੇ ਤੱਕ। ਜ਼ਿੰਦਗੀ ਦੇ ਅੰਦਰ ਸਾਰੇ ਦਿਨ ਕਿਤੇ ਚੰਗੇ ਤਾਂ ਨਹੀਂ ਨਾ ਹੁੰਦੇ। ਮਾੜਾ ਚੱਕਰ ਵੀ ਆ ਜਾਂਦਾ ਹੈ, ਚੰਗਾ ਵੀ ਆ ਜਾਂਦਾ ਹੈ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ॥ ਅੰਗ - 757*

ਕੁਛ ਆ ਜਾਵੇ। ਜਿਹੜੀ ਪੀਡੀ ਗੰਢ ਪਾਈ ਹੋਈ ਹੈ ਪਿਆਰ ਦੀ, ਤੋਰੀ ਨਾ ਟੁਟੈ ਛੋਰੀ ਨ ਛੁਟੈ ਉਹਨੂੰ ਨਹੀਂ ਛੱਡਦਾ, ਨਿਭਾ ਦਿੰਦਾ ਹੈ। ਇਕ ਪਲ ਵਿਚ ਗੁਰੂ ਕਹਿ ਦੇ ਸਿਰ ਚਾਹੀਦਾ ਹੈ ਉਸੇ ਵੇਲੇ ਦੇ ਦਿੰਦਾ ਹੈ। ਮਹਾਰਾਜ ਕਹਿੰਦੇ ਨੇ ਉਹ ਸਿੱਖ ਮੇਰਾ ਪੂਰਨ ਹੁੰਦਾ ਹੈ। ਮਹਾਰਾਜ ਕਹਿੰਦੇ ਇਹ ਚੌਥੀ ਸਿੱਖੀ ਹੁੰਦੀ ਹੈ ਜਿਹਨੂੰ ਸਿਦਕ ਦੀ ਸਿੱਖੀ ਕਹਿੰਦੇ ਨੇ।

ਪੰਜਵੀ ਸਿੱਖੀ ਹੋਇਆ ਕਰਦੀ ਹੈ ਭਾਵਨਾ ਦੀ। ਗੁਰੂ ਨੂੰ ਪ੍ਰਮੇਸ਼ਰ ਸਮਝਣਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਅੰਗ - 442*

ਗੁਰੂ ਤੇ ਗੋਬਿੰਦ ਵਿਚ ਕੋਈ ਭੇਦ ਨਾ ਸਮਝਣਾ। ਹਰ ਵਕਤ ਗੁਰੂ ਦਾ ਧਿਆਨ ਹਿਰਦੇ ਵਿਚ ਰੱਖਣਾ। ਕਦੇ ਵੀ ਨਾ ਗੁਰੂ ਨੂੰ ਭੁੱਲਣਾ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ

ਸਿੱਖੀ ਦਾ ਭੇਦ ਹੈ। ਮਹਾਰਾਜ ਕਹਿੰਦੇ ਅਸਲੀ ਸਿੱਖ ਤਾਂ ਟਾਵਾਂ-ਟਾਵਾਂ ਹੁੰਦਾ ਹੈ।

ਬੇਨਤੀ ਚਲਦੀ ਹੈ ਕਿ ਪੂਰਾ ਗੁਰੂ ਕਿਵੇਂ ਮਿਹਰਵਾਨ ਹੁੰਦਾ ਹੈ? ਜਦੋਂ ਪੂਰਾ ਗੁਰੂ ਮਿਹਰਵਾਨ ਕਰ ਲਿਆ, ਦੁਨੀਆਂ ਵਿਚ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ। ਗੁਰੂ ਮਹਾਰਾਜ ਜੀ ਜਿਥੇ ਨਾਮ ਜਪਦੇ ਆ ਰਹੇ ਸੀ ਸਾਰੇ ਉਥੇ ਥੋੜ੍ਹਾ ਜਿਹਾ ਬਾੜ ਕਰ ਦਿਤੀ ਖੇਤ ਨੂੰ ਅਤੇ ਅੰਮ੍ਰਿਤ ਦੀ ਦਾਤ ਖੰਡੇ ਬਾਟੇ ਦੇ ਨਾਲ ਬਾਣੀ ਪੜ੍ਹ ਕੇ ਇਕ ਐਸਾ ਪਵਿੱਤਰ ਤੇ ਸ਼ਕਤੀ ਵਾਲਾ ਜਲ ਆਦਮੀ ਦੇ ਅੰਦਰ ਪ੍ਰਵੇਸ਼ ਕਰਾਇਆ ਕਿ ਉਹ ਕਿੱਡਾ ਵੱਡਾ ਬਹਾਦਰ ਬਣਾ ਦਿਤਾ। ਮਹਾਰਾਜ ਕਹਿੰਦੇ 'ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਕੋਲੋਂ ਬਾਜ ਤੁੜਾਊਂ, ਤਬ ਗੋਬਿੰਦ ਸਿੰਘ ਨਾਮ ਸਦਾਊਂ। ਚੜ੍ਹੇ ਸਿੰਘ ਤਿਸ ਮੁਕਤ ਕਰਾਊਂ।' ਜੇ ਸ਼ਹੀਦ ਹੋ ਜਾਵੇ ਸਿੰਘ ਅਸੀਂ ਉਹਨੂੰ ਆਪਣੇ ਲੋਕ ਵਿਚ ਲੈ ਜਾਵਾਂਗੇ। ਸੋ ਸਮੇਂ ਦੀ ਲੋੜ ਦੇ ਮੁਤਾਬਿਕ ਅੰਮ੍ਰਿਤ ਛਕਾਇਆ ਵਿਸਾਖੀ ਵਾਲੇ ਦਿਨ। ਲੇਕਿਨ ਇਹ ਰਾਜ ਵਾਲਿਆਂ ਨੂੰ ਚੰਗਾ ਨਾ ਲੱਗਿਆ। ਰਾਜਾ ਆਪਣਾ ਹਿਤ ਦੇਖਦਾ ਹੈ। ਪਹਾੜੀ ਰਾਜੇ ਵੀ ਖੁਣਸਾਂ ਖਾਣ ਲਗ ਗਏ। ਇਹ ਤਾਂ ਫੌਜ ਪ੍ਰਗਟ ਹੋਈ ਸੀ –

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

*(ਸਰਬ ਲੋਹ ਗ੍ਰੰਥ 'ਚੋਂ)*

ਖਾਲਸਾ ਕੌਣ ਸੀ ਪਵਿੱਤਰ ਮਨੁੱਖ –

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ'ਚੋਂ)*

ਖਾਲਸਾ ਉਹ ਹੁੰਦਾ ਹੈ ਜਿਹੜਾ ਹਰੇਕ ਦੇ ਵਿਚ ਵਾਹਿਗੁਰੂ ਦੇਖ ਲਵੇ। ਜਿਹੜਾ ਹਰੇਕ ਵਿਚ ਵਾਹਿਗੁਰੂ ਦੇਖੇਗਾ ਉਹ ਕਿਸੇ ਦਾ ਬੁਰਾ ਨਹੀਂ ਕਰਦਾ। ਗਰੀਬ ਦੀ ਰੱਖਿਆ ਕਰਦਾ ਹੈ, ਲੋੜਵੰਦ ਦੀ ਲੋੜ ਪੂਰੀ ਕਰਦਾ ਹੈ। ਸੋ ਮਹਾਰਾਜ ਨੇ ਨਵਾਂ ਮੋੜ ਦੇ ਕੇ 'ਖਾਲਸੇ' ਦਾ ਆਦਰਸ਼ ਭਰ ਕਰ ਦਿਤਾ ਆਮ ਮਨੁੱਖਾਂ ਵਿਚ, ਨਾਮ ਜਪਣ ਵਾਲਿਆਂ ਵਿਚ। ਉਹ ਚੰਗਾ ਨਾ ਲੱਗਿਆ ਤੇ ਮਹਾਰਾਜ ਜੀ ਨੂੰ ਬੜੇ ਯੁੱਧ ਲੜਨੇ ਪਏ। ਕਿਸੇ ਦੇ ਉਤੇ ਗੁਰੂ ਦਸਵੇਂ ਪਾਤਸ਼ਾਹ ਨੇ ਜਾ ਕੇ ਚੜ੍ਹਾਈ ਨਹੀਂ ਕੀਤੀ। ਕਿਸੇ ਨੂੰ ਜਾ ਕੇ ਮਾਰਿਆ ਨਹੀਂ। ਜੇ ਕੋਈ ਚੜ੍ਹ ਕੇ ਆਇਐ ਜਿਹੋ ਜਿਹੀ ਭਾਵਨਾ ਲੈ ਕੇ ਆਇਆ ਹੈ, ਸ਼ਸਤਰਾਂ ਵਾਲੀ ਭਾਵਨਾ ਲੈ ਕੇ ਆਇਆ ਹੈ ਤਾਂ ਸ਼ਸਤਰਾਂ ਨਾਲ ਹੀ ਉਹਦਾ ਜਵਾਬ ਦਿਤਾ ਹੈ।

ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਨੇ ਇਕ ਨਵਾਂ ਰੂਪ ਦਿਤਾ ਸਿੱਖੀ ਨੂੰ ਸਾਧਸੰਗਤ ਜੀ। ਯੁੱਧ ਹੋਣੇ ਕੁਦਰਤੀ ਸੀ। ਕੁੱਲ 13 ਯੁੱਧ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਹੋਏ। ਹਰੇਕ ਯੁੱਧ ਦੇ ਅੰਦਰ ਦੁਸ਼ਮਣ ਨੇ ਹਾਰ ਖਾਧੀ ਹੈ। ਚਾਹੇ ਦੱਸ ਲੱਖ ਫੌਜ ਸੀ ਚਾਹੇ ਕੁਛ। ਹਾਰ ਉਹ ਹੁੰਦੀ ਹੈ ਜਿਹੜਾ ਹਥਿਆਰ ਸੁੱਟ ਦੇਵੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਚਮਕੌਰ ਸਾਹਿਬ ਛੱਡ ਕੇ ਦੀਨੇ ਕਾਂਗੜ ਜਾ ਕੇ ਚਿੱਠੀ ਲਿਖੀ ਹੈ। ਉਹ ਚਿੱਠੀ ਦਾ ਨਾਮ 'ਜਫਰਨਾਮਾ' ਲਿਖਿਆ, ਫਤਹਿ ਦੀ ਚਿੱਠੀ। ਅਸੀਂ ਨਹੀਂ ਹਾਰੇ, ਅਸੂਲਾਂ ਵਿਚ ਹਾਰਿਆ ਹੈ ਤਾਂ ਔਰੰਗਜ਼ੇਬ ਹਾਰਿਆ ਹੈ। ਅਸੂਲਾਂ ਦੀ ਜੰਗ ਦੇ ਅੰਦਰ ਜੇ ਹਾਰੇ ਨੇ ਤਾਂ ਪਹਾੜੀ ਰਾਜੇ ਹਾਰੇ ਨੇ। ਅਸੀਂ ਨਹੀਂ ਹਾਰੇ ਸਾਡੀ ਜਿੱਤ ਹੋਈ ਹੈ ਕਿਉਂਕਿ ਅਸੀਂ ਅਤਿ ਮੁਸੀਬਤ ਵਿਚ, ਅਤਿ ਦੁਖ ਦੇ ਵਿਚ ਆਪਣੇ ਅਸੂਲ ਨਹੀਂ ਹੱਥੋਂ ਜਾਣ ਦਿਤੇ। ਧਰਮ ਨੂੰ ਹੱਥੋਂ ਨਹੀਂ ਜਾਣ ਦਿਤਾ। ਧਰਮ ਦੇ ਲਈ ਯੁੱਧ ਕੀਤਾ।

ਸੋ ਅੱਜ ਛੇ ਮਹੀਨੇ ਤੋਂ ਘੇਰਾ ਪਿਆ ਹੋਇਆ ਹੈ। ਬੜਾ ਨੁਕਸਾਨ ਹੋ ਗਿਆ, ਬੇਅੰਤ ਸਿੰਘ ਸ਼ਹੀਦ ਹੋ ਗਏ। ਇਤਿਹਾਸ ਦਸਦਾ ਹੈ, ਕੋਈ ਤਾਂ ਦਸਦਾ ਹੈ ਕਿ ਪੰਜ ਹਜ਼ਾਰ ਸਿੰਘ ਮਹਾਰਾਜ ਨਾਲ ਸੀ, ਪਰ ਦੱਸ ਹਜ਼ਾਰ ਦੀ ਗਿਣਤੀ ਵੀ ਲਿਖਦੇ ਨੇ। ਚਾਰ ਕਿਲ੍ਹਿਆਂ ਦੇ ਅੰਦਰ ਢਾਈ-ਢਾਈ ਹਜ਼ਾਰ ਸਿੰਘ ਨੇ ਛੇ ਮਹੀਨੇ, ਦੱਸ ਲੱਖ ਫੌਜ ਨੂੰ ਨੇੜੇ ਨਹੀਂ ਆਉਣ ਦਿਤਾ। ਬਾਹਰੋਂ ਰਾਸ਼ਨ ਬੰਦ ਹੋ ਗਿਆ, ਪਾਣੀ ਵੀ ਬੰਦ ਕਰ ਦਿਤਾ, ਕੋਈ ਅੰਦਰ ਨਹੀਂ ਆ ਸਕਦਾ। ਕੋਈ ਅੰਦਰੋਂ ਬਾਹਰ ਨਹੀਂ ਜਾ ਸਕਦਾ। ਸੋ ਐਸੀ ਹਾਲਤ ਵਿਚ ਇਕ ਦਿਨ ਗੁਰੂ ਮਹਾਰਾਜ ਕਿਲੇ ਤੋਂ ਬਾਹਰ ਖੜ੍ਹੇ ਦੇਖਦੇ ਨੇ। ਬਸੰਤ ਰੁੱਤ ਅਜੇ ਆਈ ਨਹੀਂ ਹੈ, ਅਜੇ ਪੋਹ ਦਾ ਮਹੀਨਾ ਸ਼ੁਰੂ ਹੋਣ 'ਚ ਥੋੜ੍ਹੀ ਦੇਰ ਹੈ। ਪੋਹ ਦਾ ਮਹੀਨਾ ਹੈ ਤੇ ਉਸ ਵੇਲੇ ਆਪ ਨੇ ਕੀ ਦੇਖਿਆ ਕਿ ਪੱਤੇ ਝੜ ਗਏ ਦਰਖਤਾਂ ਦੇ ਸਾਰੇ ਤੇ ਛਿਲ ਵੀ ਇਨ੍ਹਾਂ ਉਤੇ ਨਹੀਂ। ਕਹਿਣ ਲੱਗੇ, ਕੀ ਗੱਲ ਪਹਿਲਾਂ ਹੀ ਪਤਝੜ ਆ ਗਈ। ਇਹ ਤਾਂ ਅੱਗੇ ਜਾ ਕੇ ਆਉਂਦੀ ਹੈ। ਸਿੱਖਾਂ ਨੇ ਕਿਹਾ, "ਸੱਚੇ ਪਾਤਸ਼ਾਹ! ਤੇਰੇ ਸਿਦਕੀ ਸਿੱਖਾਂ ਨੇ ਆਪਣੇ ਸਰੀਰ ਨੂੰ ਕਾਇਮ ਰੱਖਣ ਵਾਸਤੇ, ਛਿੱਲਾਂ ਪੀਹ-ਪੀਹ ਕੇ ਖਾ ਲਈਆਂ, ਪੱਤੇ ਉਬਾਲ-ਉਬਾਲ ਕੇ ਖਾ ਲਏ। ਕਿਉਂਕਿ ਰਾਸ਼ਨ ਹੈ ਨਹੀਂ। ਕਿਉਂਕਿ ਇਕ-ਇਕ ਮੁੱਠੀ ਮਿਲਦੀ ਸੀ ਛੋਲਿਆਂ ਦੀ। ਸਾਹਿਬਜ਼ਾਦਿਆਂ ਨੂੰ ਇਕ-ਇਕ ਮੁੱਠੀ ਮਿਲਦੀ ਸੀ, ਗੁਰੂ ਮਹਾਰਾਜ ਨੂੰ ਇਕ-ਇਕ ਮੁੱਠੀ ਮਿਲਦੀ ਸੀ। ਐਸਾ ਲਿਖਿਆ ਹੋਇਆ ਹੈ ਇਤਿਹਾਸ ਦੇ ਅੰਦਰ ਤੇ ਸਿੰਘਾਂ ਨੂੰ ਦੂਜੇ ਦਿਨ ਮਿਲ ਜਾਂਦੀ ਸੀ।

ਸੋ ਭੁੱਖ ਦਾ ਦੁੱਖ, ਸਾਧਸੰਗਤ ਜੀ, ਸਭ ਤੋਂ ਵੱਡਾ ਹੁੰਦਾ ਹੈ। ਵੱਡੇ-ਵੱਡੇ ਸੂਰਮੇ ਜਿਹੜੇ ਨੇ ਭੁੱਖ ਦੇ ਹੱਥੋਂ ਹਾਰੇ ਨੇ। ਰਾਣਾ ਪ੍ਰਤਾਪ ਚਿਤੌੜਗੜ੍ਹ ਦਾ ਰਾਜਾ ਅਕਬਰ ਦੇ ਨਾਲ

ਯੁੱਧ ਕਰਦਾ ਹੈ। ਹਲਦੀ ਘਾਟ ਦੇ ਮੁਕਾਮ ਦੇ ਉਤੇ ਉਹਦੀ ਫੌਜ ਸਾਰੀ ਮਾਰੀ ਗਈ। ਉਹ ਇਕੱਲਾ ਬਚਿਆ। ਘੋੜਾ ਜ਼ਖਮੀ ਹੋ ਗਿਆ, ਉਸ ਵੇਲੇ ਜੰਗਲ ਦੇ ਵਿਚ ਜਾ ਕੇ ਛੁੱਪ ਗਿਆ, ਨਾਲ ਘਰਵਾਲੀ ਹੈ ਤੇ ਲੜਕੀ ਹੈ। ਐਸਾ ਹੋਇਆ ਕਿ ਭੁੱਖ ਦੇ ਨਾਲ ਲੜਕੀ ਜਿਹੜੀ ਸੀ ਉਹ ਧਰਤੀ ਤੇ ਗਿਰ ਗਈ। ਕੋਈ ਚੀਜ਼ ਨਹੀਂ ਮਿਲਦੀ ਕਿ ਖਾਈਏ ਕੀ। ਭੱਖੜਾ, ਪਿਆਜੀ, ਬਾਥੂ, ਇਹ ਇਕੱਠਾ ਕਰਕੇ ਪੀਸ ਕੇ ਇਕ ਰੋਟੀ ਬਣਾਈ। ਉਹਦਾ ਅੱਧਾ ਹਿੱਸਾ ਲੜਕੀ ਨੂੰ ਦੇਣ ਵਾਸਤੇ ਰੱਖਿਆ ਤੇ ਚੌਥਾ ਚੌਥਾ ਆਪ ਖਾਣ ਨੂੰ ਰੱਖਿਆ। ਜੋ ਲੜਕੀ ਨੂੰ ਦਿਤਾ ਸੀ, ਇਕ ਜੰਗਲੀ ਬਿੱਲਾ ਆਇਆ ਉਹ ਰੋਟੀ ਚੁੱਕ ਕੇ ਲੈ ਗਿਆ। ਉਸ ਵੇਲੇ ਰਾਣਾ ਪ੍ਰਤਾਪ ਸੂਰਮਾ ਜਿਹੜਾ ਕਦੇ ਨਹੀਂ ਸੀ ਰੋਇਆ, ਉਸ ਵੇਲੇ ਧਾਹਾਂ ਮਾਰ ਕੇ ਰੋ ਪਿਆ। ਘਰਵਾਲੀ ਨੂੰ ਕਹਿਣ ਲੱਗਿਆ ਕਿ ਇਸ ਤੋਂ ਜ਼ਿਆਦਾ ਦੁੱਖ ਤਾਂ ਹੋ ਹੀ ਨਹੀਂ ਸਕਦਾ। ਲੜਕੀ ਆਪਣੀ ਮਰ ਰਹੀ ਹੈ ਭੁੱਖ ਦੇ ਦੁੱਖ ਨਾਲ। ਮੈਂ ਅਕਬਰ ਦੇ ਕੋਲ ਜਾ ਕੇ ਹਥਿਆਰ ਰੱਖਦਾ ਹਾਂ। ਹਾਰ ਮੰਨ ਲਵਾਂ ਆਪਣੀ। ਉਸ ਵੇਲੇ ਲੜਕੀ ਨੇ ਸੁਣ ਲਿਆ। ਲੜਕੀ ਪਿਤਾ ਵਲ ਦੇਖ ਰਹੀ ਸੀ। ਮੂੰਹ ਪਰਲੇ ਪਾਸੇ ਕਰ ਲਿਆ। ਪਿਤਾ ਹੈਰਾਨ ਹੋ ਗਿਆ ਕਿ ਮੂੰਹ ਪਰ੍ਹੇ ਕਿਉਂ ਕਰ ਲਿਆ। ਕਹਿਣ ਲੱਗਿਆ, ਬੇਟੀ! ਤੂੰ ਮੂੰਹ ਦੂਜੇ ਪਾਸੇ ਕਰ ਲਿਆ। ਕਹਿੰਦੀ, "ਮੈਂ ਤੈਨੂੰ ਹੁਣ ਪਿਤਾ ਨਹੀਂ ਕਹਿ ਸਕਦੀ ਕਿ ਭੁੱਖ ਦੇ ਦੁੱਖ ਤੋਂ ਦੁਖੀ ਹੋ ਕੇ ਤੂੰ ਹਥਿਆਰ ਸੁੱਟਣ ਲੱਗਿਆ ਹੈਂ? ਰਾਜਪੂਤਾਂ ਦੀ ਅਣਖ ਖਤਮ ਕਰਨ ਲੱਗਿਆ ਹੈਂ, ਤੂੰ ਮੇਰਾ ਪਿਤਾ ਨਹੀਂ ਹੈ, ਹੁਣ ਚੰਗਾ ਹੋਵੇ ਤਾਂ ਮੈਂ ਮਰ ਜਾਵਾਂ, ਐਨਾ ਕਹਿ ਕੇ ਉਸ ਨੇ ਸੁਆਸ ਛੱਡ ਦਿਤੇ। ਇਹਦੇ ਲਈ ਬਹੁਤ ਵੱਡਾ ਦੁੱਖ ਲੱਗਿਆ ਇਸਨੂੰ। ਡੋਲ ਗਿਆ ਸਾਧਸੰਗਤ ਜੀ। ਜੇ ਬਾਬਾ ਸ੍ਰੀ ਚੰਦ ਜੀ ਨਾ ਜਾਂਦੇ ਉਸ ਵੇਲੇ, ਤਾਂ ਹਥਿਆਰ ਇਹਨੇ ਸਿੱਟ ਦੇਣੇ ਸੀ। ਲੜਕੀ ਦਾ ਡੋਲਾ ਦੇਣ ਨੂੰ ਤਿਆਰ ਹੋ ਜਾਣਾ ਸੀ।

ਲੇਕਿਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਯੁੱਧ ਹੋ ਰਿਹਾ ਬੜਾ ਹੀ ਭਿਆਨਕ, ਸਾਰੇ ਜਾਣਦੇ ਹੋ ਕਿ ਕਿੰਨੀਆਂ ਕੁਰਬਾਨੀਆਂ ਦਿਤੀਆਂ ਨੇ। ਚਿੱਠੀ ਲਿਖਦੇ ਨੇ ਫਤਹਿ ਦੀ, ਹਾਰ ਦੀ ਚਿੱਠੀ ਨਹੀਂ ਲਿਖਦੇ।

ਸੋ ਅੱਜ ਐਸਾ ਹੋਇਆ ਕਿ ਪਤਾ ਲੱਗ ਗਿਆ ਸਾਰਿਆਂ ਨੂੰ ਕਿ ਬਹੁਤ ਭੁੱਖੇ ਨੇ, ਹੁਣ ਤਾਂ ਬਾਹਰ ਵੀ ਨਹੀਂ ਆਉਂਦੇ। ਤਕੜਾਈ ਬਹੁਤ ਹੋ ਗਈ ਹੈ, ਚਾਰ ਮੀਲ ਤੇ ਜਾ ਕੇ ਘੇਰਾ ਪਾਇਆ ਹੋਇਆ ਹੈ। ਉਸ ਵੇਲੇ ਪਹਾੜੀ ਰਾਜਿਆਂ ਨੇ ਸਲਾਹ ਕੀਤੀ ਕਿ ਕਿਸੇ ਤਰੀਕੇ ਨਾਲ ਧੋਖਾ ਦਿਤਾ ਜਾਵੇ ਗੁਰੂ ਮਹਾਰਾਜ ਨੂੰ।

ਉਨ੍ਹਾਂ ਨੇ ਇਕ ਚਿੱਠੀ ਲਿਖੀ ਤੇ ਕਹਿਣ ਲੱਗੇ ਆਪਣੀਆਂ ਚਿੱਠੀਆਂ ਤੇ ਤਾਂ ਉਨ੍ਹਾਂ ਨੇ ਇਤਬਾਰ ਨਹੀਂ ਕਰਨਾ ਕਿਉਂਕਿ ਆਪਾਂ ਕਈ ਵਾਰੀ ਝੂਠੀਆਂ ਸੌਹਾਂ ਖਾ ਚੁੱਕੇ ਹਾਂ। ਆਹ ਮੁਸਲਮਾਨ ਕੁਰਾਨ ਸ਼ਰੀਫ ਨੂੰ ਬਹੁਤ ਮੰਨਦੇ ਨੇ, ਜੇ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ, ਥਾਲ ਦੇ ਵਿਚ ਰੱਖ ਕੇ ਭੇਜ ਦਿਤਾ ਜਾਵੇ ਤੇ ਚਿੱਠੀ ਤੇ ਦਸਤਖਤ ਹੋਣ ਔਰੰਗਜ਼ੇਬ ਦੇ। ਫੇਰ ਹੋ ਸਕਦਾ ਹੈ ਕਿ ਗੁਰੂ ਕਿਲਾ ਛੱਡ ਦੇਵੇ। ਜਦੋਂ ਛੱਡ ਦੇਏਗਾ, ਬਾਹਰ ਆਏ ਨੂੰ ਆਪਾਂ ਸਾਂਭ ਲਵਾਂਗੇ।

ਇਸ ਨੀਤ ਦੇ ਨਾਲ ਸਾਜ਼ਿਸ਼ ਕੀਤੀ, ਔਰੰਗਜ਼ੇਬ ਦੇ ਕੋਲ ਚਿੱਠੀ ਦਿੱਲੀ ਭੇਜੀ। ਉਹਦੇ ਦਸਤਖਤ ਕਰਾਏ ਤੇ ਫੁਰਮਾਨ ਲਿਆ, ਮੋਹਰ ਲਵਾਈ ਸਰਕਾਰੀ। ਥਾਲ ਵਿਚ ਚਿੱਠੀ ਰੱਖੀ, ਵਕੀਲ ਨਾਲ ਭੇਜੇ। ਇਕ ਹਿੰਦੂ ਹੈ ਤੇ ਇਕ ਮੁਸਲਮਾਨ ਹੈ। ਇਕ ਨੇ ਗਊ ਦੀ ਮੂਰਤੀ ਚੁੱਕੀ ਹੋਈ ਹੈ, ਇਕ ਨੇ ਕੁਰਾਨ ਸ਼ਰੀਫ ਨੂੰ ਥਾਲ ਵਿਚ ਪਾ ਕੇ ਚੁੱਕਿਆ ਹੋਇਆ ਹੈ। ਗੁਰੂ ਮਹਾਰਾਜ ਕੋਲ ਪੇਸ਼ ਕੀਤੇ ਜਾਂਦੇ ਨੇ। ਕਹਿਣ ਲੱਗੇ, "ਪਾਤਸ਼ਾਹ! ਕੀ ਫਾਇਦਾ ਲੜਾਈ ਦਾ। ਤੁਹਾਡੇ ਕੋਲ ਕੋਈ ਦੇਸ਼ ਨਹੀਂ ਜਿਹੜਾ ਲੈ ਲੈਣਾ ਹੈ। ਐਵੇਂ ਬਾਦਸ਼ਾਹਾਂ ਦੇ ਮਨ ਦੇ ਉਤੇ ਇਕ ਹੱਠ ਤਾਰੀ ਹੋਇਆ ਹੋਇਆ ਹੈ, ਪ੍ਰਭਾਵ ਪਿਆ ਹੋਇਆ ਹੋਇਆ ਹੈ, ਉਹ ਬੱਸ ਇੰਨਾ ਹੀ ਚਾਹੁੰਦੇ ਨੇ ਕਿ ਤੁਸੀਂ ਕਿਲਾ ਛੱਡ ਜਾਓ। ਜੇ ਤੁਸੀਂ ਕਿਲਾ ਛੱਡ ਜਾਵੋਂ ਤਾਂ ਮੌਜ ਹੈ ਤੁਹਾਡੀ। ਜਿਧਰ ਜੀਅ ਕਰੇ ਚਲੇ ਜਾਵੋ, ਸਾਰਾ ਹਿੰਦੋਸਤਾਨ ਤੁਹਾਡਾ ਹੀ ਹੈ। ਝਗੜਾ ਬੱਸ ਐਨਾ ਹੀ ਹੈ। ਆਹ ਦੇਖੋ, ਸ਼ਾਹੀ ਫੁਰਮਾਨ। ਮਹਾਰਾਜ ਨੇ ਚਿੱਠੀ ਲਈ ਲੈ ਕੇ ਪੜ੍ਹੀ। ਮਹਾਰਾਜ ਮੁਸਕਰਾ ਪਏ ਕਿ ਇਹ ਇਕ ਚਾਲ ਹੈ, ਠੱਗੀ ਹੈ। ਲੇਕਿਨ ਜਿਹੜੇ ਕਮਜ਼ੋਰ ਨਿਹਚਿਆਂ ਵਾਲੇ ਸੀ, ਉਹ ਡੋਲ੍ਹ ਗਏ ਸਾਰੇ ਹੀ। ਸਾਡੇ ਨਾਲੋਂ ਤਾਂ ਬਹੁਤ ਚੰਗੇ ਸੀ ਸਾਰੇ ਹੀ, ਜੇ ਅਸੀਂ ਕਹੀਏ ਕਿ ਡੋਲ੍ਹ ਗਏ ਸੀ ਅਸੀਂ ਤਾਂ ਪਹਿਲਾਂ ਹੀ ਡੋਲੇ ਪਏ ਹਾਂ ਬਗੈਰ ਕਿਸੇ ਤਕਲੀਫ ਤੋਂ ਹੀ। ਉਨ੍ਹਾਂ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਡੋਲ ਗਏ ਪਰ ਉਹ ਡੋਲੇ ਨਹੀਂ, ਉਨ੍ਹਾਂ ਨੇ 99 ਨੰਬਰ ਤਾਂ ਲੈ ਲਏ ਸੀ ਇਕ ਨੰਬਰ ਰਹਿ ਗਿਆ ਸੀ ਬਾਕੀ। ਇਕ ਨੰਬਰ ਤੇ ਫੇਲ੍ਹ ਹੋ ਰਹੇ ਸੀ। ਉਨ੍ਹਾਂ ਨੇ ਮਹਾਰਾਜ ਜੀ ਨੂੰ ਇਕੱਠੇ ਹੋ ਕੇ ਕਿਹਾ ਕਿ ਹੁਣ ਤਾਂ ਸੌਹਾਂ ਖਾਂਦੇ ਨੇ ਇਹ, ਹੁਣ ਤਾਂ ਕਿਲਾ ਛੱਡ ਦੇਈਏ। ਮਹਾਰਾਜ ਕਹਿਣ ਲੱਗੇ, ਨਹੀਂ ਪ੍ਰੇਮੀਓਂ! ਇਹ ਤਾਂ ਧੋਖਾ ਹੋ ਰਿਹਾ ਹੈ ਬਹੁਤ ਜ਼ਬਰਦਸਤ। ਕਿਲਾ ਨਹੀਂ ਛੱਡਣਾ, ਕਿਲਾ ਛੱਡਣ ਦੇ ਨਾਲ ਅੱਗੇ ਨਹੀਂ ਦੇਖਿਆ ਕਿ ਇਨ੍ਹਾਂ ਨੇ ਕੀ ਕਰਿਆ ਹੈ। ਕਹਿਣ ਲੱਗੇ, ਜੀ ਹੁਣ ਤਾਂ ਕੁਰਾਨ ਸ਼ਰੀਫ ਵੀ ਵਿਚ ਰੱਖ ਕੇ ਲਿਆਏ ਨੇ। ਕਹਿੰਦੇ ਰਾਜਾ ਜਿਹੜਾ ਹੈ ਇਹ ਜੇ ਲੱਖਾਂ ਸੌਹਾਂ ਵੀ ਖਾਵੇ ਨਾ ਤਾਂ ਵੀ ਨਾ ਇਹਦਾ ਇਤਬਾਰ ਕਰੋ। ਰਾਜਾ ਚਾਹੇ ਕੋਈ ਹੈ, ਇਥੇ ਤੱਕ ਵੀ ਕਿਹਾ ਹੈ ਕਿ ਜੇ ਬਾਂਹ ਨੂੰ ਲਾ ਲਓ ਨਾ ਲਾਲਾ (ਗੁੜ) ਤੇ ਤਿਲਾਂ ਦੇ ਵਿਚ ਰੱਖ ਦਿਓ, ਜਿੰਨੇ ਤਿਲ ਲਗ ਜਾਣ, ਜੇ ਐਨੀਆਂ ਸੌਹਾਂ ਰਾਜਾ

ਖਾਵੇ, ਰਾਜੇ ਦਾ ਤਾਂ ਵੀ ਇਤਬਾਰ ਨਾ ਕਰੇ। ਰਾਜਾ ਬੇਇਤਬਾਰਾ ਹੁੰਦਾ ਹੈ। ਰਾਜੇ ਨੂੰ ਹਿੱਤ ਪਿਆਰਾ ਹੁੰਦਾ ਹੈ, ਸਹੁੰ ਪਿਆਰੀ ਨਹੀਂ ਹੁੰਦੀ। ਬਚਨ ਪਿਆਰਾ ਨਹੀਂ ਹੁੰਦਾ ਰਾਜੇ ਨੂੰ ਕਦੇ ਵੀ।

ਉਸ ਵੇਲੇ ਕੁਛ ਕਰੜੇ ਬੋਲ ਬੋਲਣ ਲਗ ਗਏ ਕਿ ਸੱਚੇ ਪਾਤਸ਼ਾਹ! ਖਾਣ ਨੂੰ ਤਾਂ ਹੈ ਨਹੀਂ। ਭੁੱਖੇ ਮਰ ਰਹੇ ਹਾਂ, ਕੱਲ੍ਹ ਨੂੰ ਸਾਰਿਆਂ ਨੂੰ ਕਤਲ ਕਰ ਦੇਣਗੇ। ਹੁਣ ਮੌਕਾ ਵੀ ਹੱਥੋਂ ਗਵਾ ਰਹੇ ਹਾਂ ਆਪਾਂ।

ਮਹਾਰਾਜ ਕਹਿੰਦੇ ਨਹੀਂ, ਤਿਆਰ ਹੋ ਗਏ ਜਾਣ ਨੂੰ। ਮਹਾਰਾਜ ਕਹਿੰਦੇ ਜੇ ਜਾਣਾ ਹੈ ਨਾ ਤਾਂ ਇਹਦੇ ਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰੀ ਜਾਓ ਤੇ ਚਲੇ ਜਾਓ। ਗੁਰੂ ਸਾਹਿਬ ਦੇ ਵੇਲੇ ਹੀ ਡਾਵਾਂਡੋਲ ਹੋ ਗਿਆ ਕੰਮ। ਜਿਹੜੇ ਕੱਚੇ ਸੀਗੇ ਸਾਧਸੰਗਤ ਜੀ ਉਨ੍ਹਾਂ ਸਾਰਿਆਂ ਨੇ ਦਸਤਖਤ ਕਰ ਦਿਤੇ ਚਿੱਠੀ ਤੇ। ਮਹਾਰਾਜ ਨੇ ਕਾਗਜ਼ ਲਿਆ ਤੇ ਖੀਸੇ ਵਿਚ ਪਾ ਲਿਆ। ਫੁਰਮਾਨ ਵੀ ਜੇਬ ਵਿਚ ਪਾ ਲਿਆ। ਉਸ ਤੋਂ ਬਾਅਦ ਕਹਿੰਦੇ ਜਾਓ ਤੁਸੀਂ ਸਾਡੇ ਸਿੱਖ ਨਹੀਂ ਅਸੀਂ ਤੁਹਾਡੇ ਗੁਰੂ ਨਹੀਂ। ਘਰਾਂ ਨੂੰ ਚਲੇ ਗਏ ਬੇਅੰਤ ਬੰਦੇ। ਉਹ ਰਹਿ ਗਏ ਜਿਹੜੇ ਸਨਮੁਖ ਸਿੱਖ ਸੀ। ਸਨਮੁਖ ਸਿੱਖ ਜਿਹੜਾ ਹੁੰਦਾ ਹੈ ਉਹ ਕਦੇ ਗੁਰੂ ਦਾ ਆਸਰਾ ਨਹੀਂ ਛੱਡਦਾ।

***ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।***
***ਸਬਦੁ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।***
***ਸਾਧ ਸੰਗਤਿ ਵਿਚਿ ਮੰਨੁ ਹੋਇ ਗੁਰਮਤਿ ਸੁਖ ਪਾਵੈ।***
***ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।***
***ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।***
***ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥***
***ਭਾਈ ਗੁਰਦਾਸ ਜੀ ਦੀ 27/15***

ਮਿਸਾਲਾਂ ਦਿਤੀਆਂ ਨੇ ਕਿ ਪਤੰਗ ਜਦੋਂ ਦੇਖਦਾ ਹੈ ਜੋਤ ਨੂੰ ਉਹਦੇ ਵਿਚ ਸਮਾਅ ਜਾਂਦਾ ਹੈ। ਸ਼ਬਦ ਜਦੋਂ ਸੁਣਦਾ ਘੰਡੇਹੇੜੇ ਦਾ ਮਿਰਗ ਉਸੇ ਵੇਲੇ ਅਨਹਦ ਨਾਲ ਲਿਵ ਲਾ ਕੇ ਉਧਰ ਨੂੰ ਸਿੱਧਾ ਹੋ ਜਾਂਦਾ ਹੈ, ਸ਼ਿਕਾਰੀ ਫੜ ਕੇ ਮਾਰ ਲੈਂਦਾ ਹੈ। ਜਿਵੇਂ ਮੱਛੀ ਪਾਣੀ ਦੇ ਵਿਚ ਰਹਿੰਦੀ ਹੈ, ਸਾਧਸੰਗਤ ਦੇ ਵਿਚ ਐਉਂ ਲਿਵਲੀਨ ਹੋ ਕੇ ਰਹਿੰਦਾ ਹੈ। ਚਰਨਾਂ ਦੇ ਉਤੇ ਗੁਰੂ ਤੇ ਐਉਂ ਧਿਆਨ ਰਖਦਾ ਹੈ ਜਿਵੇਂ ਭਵਰਾ ਫੁੱਲ ਦੇ ਉਤੇ ਰਖਦਾ ਹੈ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਬਾਣੀ ਦਿਨ ਰਾਤ ਪੜ੍ਹਦਾ ਹੈ।

ਸੋ ਜਿਹੜੇ ਸਨਮੁਖ ਸਿੱਖ ਹੁੰਦੇ ਨੇ ਉਹ ਗੁਰੂ ਤੋਂ ਕੁਰਬਾਨ ਹੋ ਜਾਂਦੇ ਨੇ। ਉਨ੍ਹਾਂ ਨੂੰ ਕੋਈ ਡਰ ਨਹੀਂ ਹੋਇਆ ਕਰਦਾ।

ਗੁਰੂ ਮਹਾਰਾਜ ਦੇ ਕੋਲ ਜਿਹੜੇ ਰਹਿ ਗਏ ਉਨ੍ਹਾਂ ਦੀ ਹਾਲਤ ਸੀ -

***ਦੀਪਕ ਜਲੈ ਪਤੰਗ ਵਸੁ ਫਿਰਿ ਦੇਖਿ ਨ ਹਟੈ।***
***ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।***
***ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ।***
***ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ।***
***ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।***
***ਧੰਨੁ ਧੰਨੁ ਗੁਰਿ ਸਿਖ ਵੰਸੁ ਗੁਰਮਤਿ ਨਿਧਿ ਖਟੈ॥***
***ਭਾਈ ਗੁਰਦਾਸ ਜੀ ਦੀ ਵਾਰ27/23***

ਪਤੰਗ ਦੀ ਵੰਸ ਦਾ ਜਿਹੜਾ ਦੀਪਕ ਦੇਖ ਲਵੇ, ਉਹ ਪਿਛੇ ਨਹੀਂ ਹਟਦਾ। ਮੱਛੀ ਨੂੰ ਕੱਢ ਲਓ ਉਹਦਾ ਪਾਣੀ ਨਾਲੋਂ ਪਿਆਰ ਨਹੀਂ ਜਾਂਦਾ।

ਗੁਰੂ ਮਹਾਰਾਜ ਜੀ ਨੇ ਕਿਹਾ ਚੰਗਾ ਪ੍ਰੇਮੀਓ! ਤੁਸੀਂ ਜਾ ਸਕਦੇ ਹੋ। ਜਾਨ ਜਾਨ 'ਚ ਜਾਨ ਆਈ ਕਿ ਸ਼ੁਕਰ ਹੈ ਕਿ ਹੁਣ ਜਿਉਂਦੇ ਰਹਾਂਗੇ। ਫੇਰ ਤਾਂ ਨਹੀਂ ਮਰਨਾ ਦੁਬਾਰਾ? ਜੇ ਗੁਰੂ ਨੂੰ ਪਿੱਠ ਦੇ ਕੇ ਨੱਠ ਜਾਓ ਫੇਰ ਗਾਰੰਟੀ ਹੈ ਕਿ ਜੀਉਂਦੇ ਰਹਾਂਗੇ? ਸਗੋਂ ਹੋਰ ਸਜ਼ਾ ਮਿਲਦੀ ਹੈ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਮੁੜ-ਮੁੜ ਖਾਵੇਂਗਾ ਚੌਰਾਸੀ ਵਾਲੇ ਗੇੜੇ,***
***ਬੇਮੁਖ ਹੋ ਕੇ ਸਤਿਗੁਰ ਤੋਂ।***

ਜਾਨ ਬਚਾ ਲਈ। ਫੇਰ ਘਰ ਜਾ ਕੇ ਕੀ ਜੀਉਂਦੇ ਹੀ ਰਹਾਂਗੇ ਹਮੇਸ਼ਾ? ਮਹਾਰਾਜ ਕਹਿੰਦੇ ਜੇ ਪ੍ਰੇਮੀਓ! ਸ਼ਹੀਦ ਹੋ ਜਾਂਦੇ ਤਾਂ ਅਮਰਾਪੁਰੀ ਵਾਸਾ ਹੁੰਦਾ। ਹੁਣ ਕੀ ਹੋਏਗਾ? ਜਿੰਨਾ ਚਿਰ ਗੁਰੂ ਨਹੀਂ ਨਾ ਮਿਹਰ ਕਰਦਾ ਲੱਖਾਂ-ਕਰੋੜਾਂ ਜੂਨਾਂ ਦੇ ਵਿਚ ਘੁੰਮਦਾ ਰਹਿੰਦਾ ਹੈ।

***ਜੇ ਕੋ ਗੁਰ ਤੇ ਬੇਮੁਖੁ ਹੋਵੈ***
***ਬਿਨੁ ਸਤਿਗੁਰ ਮੁਕਤਿ ਨ ਪਾਵੈ॥ ਪੰਨਾ - 920***

ਲੇਕਿਨ ਇਹ ਗੱਲਾਂ ਭੁੱਲ ਗਏ ਸਾਰੇ, ਬਾਣੀ ਪੜ੍ਹੀ ਹੋਈ ਭੁੱਲ ਗਈ। ਕਿਉਂਕਿ ਕੱਚੇ ਸੀਗੇ ਉਹ। ਚਲੇ ਜਾਂਦੇ ਨੇ ਆਪਣੇ ਦੇਸ਼। ਜਿਹੜੇ ਗੁਰਮੁਖ ਸੀਗੇ -

***ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥***
***ਅੰਗ - 1425***

ਰੱਤੇ ਉਹ ਨੇ ਜਿਹੜੇ ਮੁਖੜਾ ਨਹੀਂ ਮੋੜਦੇ, ਨਾ ਦੁੱਖ ਵਿਚ ਨਾ ਸੁਖ ਵਿਚ। ਸਿਦਕ ਦੇ ਵਿਚ ਹੁੰਦੇ ਨੇ।

ਸੋ ਜਦੋਂ ਇਹ ਆਪਣੇ ਪਿੰਡਾਂ ਵਿਚ ਪਹੁੰਚੇ ਤਾਂ ਬੜੀ ਲਾਹਣ-ਤਾਹਣ ਹੋਣੀ ਸ਼ੁਰੂ ਹੋ ਗਈ। ਨਾ ਘਰ ਦੇ ਮੂੰਹ ਲਾਉਂਦੇ ਨੇ ਨਾ ਇਲਾਕਾ ਮੂੰਹ ਲਾਉਂਦਾ ਹੈ। ਕਹਿੰਦੇ ਐਸ ਵੇਲੇ ਗੁਰੂ ਨੂੰ ਛੱਡ ਆਏ। ਉਸ ਤੋਂ ਬਾਅਦ ਛੇਤੀ ਹੀ ਸੁਣ ਲਿਆ ਸਭ ਨੇ ਕਿ ਸਾਹਿਬਜ਼ਾਦੇ ਸ਼ਹੀਦ ਹੋ ਗਏ। ਵੱਡੇ ਸਾਹਿਬਜ਼ਾਦੇ ਚਮਕੌਰ ਦੇ ਅੰਦਰ ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਦੀਵਾਰਾਂ ਦੇ ਵਿਚ। ਲਾਹਨਤਾਂ ਪਾਉਂਦੇ ਨੇ ਸਾਰੇ, ਕਿ ਹੁਣ ਜੀਉਂਦੇ ਰਹੋਂਗੇ? ਸਿਆਣਿਆਂ-ਸਿਆਣਿਆਂ

ਨੂੰ ਦਸਦੇ ਨੇ ਕਿ ਅਸੀਂ ਕਰਦੇ ਕੀ? ਖਾਲੀ ਹੋ ਗਏ ਅੰਦਰੋਂ ਗੁਰਾਂ ਨੂੰ ਪਿੱਠ ਦੇ ਕੇ। ਸਾਧਸੰਗਤ ਜੀ! ਜੀਵਨ ਦਾ ਰਸ ਗਿਆ, ਉਹਦੇ ਨਾਲੋਂ ਤਾਂ ਮਰਨਾ ਹੀ ਚੰਗਾ ਹੁੰਦਾ ਹੈ। ਸਾਰੇ ਲੋਕ ਦੇਖਦੇ ਨੇ ਕਿ ਗੁਰੂ ਤੋਂ ਬੇਮੁਖ ਹੋ ਕੇ ਫਿਰਦੇ ਨੇ। ਅਖੀਰ ਬੜਾ ਭਾਰਾ ਇਕੱਠ ਕਰਿਆ ਮਾਝੇ ਨੇ। ਉਹਦੇ ਵਿਚ ਦੋ-ਢਾਈ ਸੌ ਬੰਦੇ ਦਾ ਇਕ ਡੈਪੂਟੇਸ਼ਨ ਚੱਲਿਆ ਚੌਧਰੀਆਂ ਦਾ ਕਿ ਚਲੋ ਚੱਲ ਕੇ। ਇਹ ਤਾਂ ਬੇਦਾਵਾ ਦੇ ਆਏ ਤੇ ਗੁਰੂ ਨੇ ਸਿੱਖੀ ਤੋਂ ਮਾਝਾ ਖਾਰਜ ਕਰ ਦਿਤਾ। ਪਹਿਲਾਂ ਆਦਿ ਜੁਗਾਦਿ ਤੋਂ ਸਿੱਖ ਬਣੇ ਆਉਂਦੇ ਹਾਂ। ਚੱਲ ਕੇ ਗੱਲ ਤਾਂ ਕਰੀਏ।

ਇਧਰ ਗੁਰੂ ਮਹਾਰਾਜ ਜਦੋਂ ਕੋਟਕਪੂਰੇ ਪਹੁੰਚਦੇ ਨੇ। ਉਥੇ ਖਬਰ ਮਿਲੀ, ਨਵਾਬ ਸਰਹਿੰਦ ਅੱਠ ਹਜ਼ਾਰ ਫੌਜ ਲੈ ਕੇ, ਕੋਈ 12 ਹਜ਼ਾਰ ਕਹਿੰਦਾ ਹੈ ਆਪ ਦੇ ਪਿਛੇ ਆ ਰਿਹਾ ਹੈ ਤੇ ਥੋੜ੍ਹੀ ਮੰਜ਼ਲਾਂ ਦੇ ਉਤੇ ਹੈ। ਇਧਰ ਮਹਾਰਾਜ ਕਪੂਰੇ ਨੂੰ ਕਹਿੰਦੇ ਕਿ ਕਪੂਰਿਆ! ਤੂੰ ਕਿਲਾ ਦੇ ਦੇ ਆਪਣਾ ਅਸੀਂ ਯੁੱਧ ਕਰ ਲਈਏ। ਕਹਿੰਦਾ ਮਹਾਰਾਜ! ਤੁਸੀਂ ਤਾਂ ਉਜੜੇ ਪੁਜੜੇ ਓਂ, ਤੁਹਾਡਾ ਅਨੰਦਪੁਰ ਉਜੜ ਗਿਆ, ਮੈਨੂੰ ਤਾਂ ਫਾਹੇ ਲਾ ਦੇਣਗੇ। ਕਹਿੰਦੇ ਚੰਗਾ ਜੇ ਤੇਰੀ ਇਹੀ ਮਰਜ਼ੀ ਹੈ ਤੂੰ ਫਾਹੇ ਵੀ ਲੱਗੇਂਗਾ ਤੇ ਤੇਰਾ ਕਿਲਾ ਵੀ ਉਜੜੂਗਾ। ਫਰੀਦਕੋਟ ਵਾਲਿਆਂ ਦਾ ਵੱਡਾ ਸੀ ਇਹ। ਦੋਵੇਂ ਗੱਲਾਂ ਬਾਅਦ ਵਿਚ ਹੋ ਗਈਆਂ।

ਗੁਰੂ ਮਹਾਰਾਜ ਨੇ ਜਾਂਦੇ-ਜਾਂਦੇ ਇਕ ਜੱਟ ਦੇਖਿਆ। ਉਹਨੇ ਪੈਂਜੂ ਲਾਏ ਤੇ ਪੱਲੇ ਵਿਚ ਪਾਈ ਜਾਂਦਾ ਹੈ। ਮਹਾਰਾਜ ਕਹਿੰਦੇ ਕੀ ਨੇ, ਕਹਿੰਦਾ ਜੀ ਪੇਂਜੂ ਨੇ। ਕਹਿੰਦੇ ਸੁੱਟ ਦੇ, ਅਸੀਂ ਤੈਨੂੰ ਕਹਿੰਦੇ ਹਾਂ। ਉਸ ਨੇ ਚੌਥਾ ਹਿੱਸਾ ਸੁੱਟ ਦਿਤਾ। ਕਹਿੰਦੇ ਆਹ ਵੀ ਸੁੱਟ ਦੇ। ਉਹਨੇ ਅੱਧੇ ਸੁੱਟ ਦਿਤੇ। ਜਦੋਂ ਤੀਸਰੀ ਵਾਰ ਕਿਹਾ ਕਿ ਸੁੱਟ ਦੇ ਤੂੰ ਸੁੱਟਦਾ ਕਿਉਂ ਨਹੀਂ। ਉਹਨੇ ਚੌਥਾ ਹਿੱਸਾ ਰੱਖ ਕੇ ਬਾਕੀ ਸੁੱਟ ਦਿਤੇ। ਮਹਾਰਾਜ ਕਹਿੰਦੇ ਜਾਹ ਓਏ, ਭੈੜਿਆ ਅਸੀਂ ਤਾਂ ਮਾਲਵੇ ਦਾ ਕਾਲ ਸਦਾ ਵਾਸਤੇ ਕੱਟਣ ਲੱਗੇ ਸੀ। ਤੂੰ ਚੌਥਾ ਹਿੱਸਾ ਰੱਖ ਹੀ ਲਿਆ।

ਸੋ ਐਸੇ ਕੌਤਕ ਕਰਦੇ ਮਹਾਰਾਜ ਜਾਂਦੇ ਨੇ ਅੱਗੇ ਚੌਧਰੀ ਮਿਲਿਆ। ਕਹਿਣ ਲੱਗੇ, ਦੇਖ ਚੌਧਰੀ ਤੂੰ ਸਾਨੂੰ ਦੇਖ ਲਿਆ, ਸਾਡੇ ਮਗਰ ਆਉਂਦੀ ਹੈ ਫੌਜ ਚੜ੍ਹੀ ਹੋਈ, ਦੱਸੀਂ ਨਾ। ਕਹਿੰਦਾ ਮੈਨੂੰ ਸਹੁੰ ਲੱਗੇ, ਜੇ ਮੈਂ ਦੱਸਾਂ। ਉਧਰਲੇ ਪਾਸੇ ਜਦੋਂ ਫੌਜ ਨੇੜੇ ਆਈ ਤਾਂ ਮੂਹਰੇ ਖੜ੍ਹਾ ਉਨ੍ਹਾਂ ਨੂੰ ਉਡੀਕਦਾ ਹੈ। ਕਹਿਣ ਲੱਗਿਆ, ਨਵਾਬ ਸਾਹਿਬ ਗੁਰੂ ਦਸਵੇਂ ਪਾਤਸ਼ਾਹ ਹੁਣੇ ਏਧਰ ਨੂੰ ਗਏ ਨੇ। ਘੋੜਿਆਂ ਦੀ ਪੈੜ ਦੇਖੋ। ਆਹ ਸ਼ਰਧਾ ਸੀ ਲੋਕਾਂ ਦੀ ਗੁਰੂ ਵਾਸਤੇ ਜਿਨ੍ਹਾਂ ਨੇ ਸਭ ਕੁਝ ਕੁਰਬਾਨ ਕਰ ਦਿਤਾ। ਐਨਾ ਵੀ ਨਹੀਂ ਕਿ ਗੱਲ ਛੁਪਾ ਲਵੇ।

ਮਹਾਰਾਜ ਨੂੰ ਦੱਸਿਆ ਕਿ ਸੱਚੇ ਪਾਤਸ਼ਾਹ! ਉਹਨੇ ਤਾਂ ਦਸ ਦਿਤਾ। ਕਹਿੰਦੇ ਭਾਈ! ਕਹਿੰਦਾ ਸੀ ਕਿ ਮੇਰਾ ਪਿੰਡ ਨਾ ਉਜੜੇ, ਹੁਣ ਪਿੰਡ ਉਜੜੂਗਾ ਹੀ ਇਹਦਾ। 30 ਸਾਲ ਉਜੜਿਆ ਰਿਹਾ ਬਾਅਦ ਵਿਚ।

ਖਾਨਾ ਉਹਨੇ ਇਕ ਬੰਦਾ ਦੇ ਦਿਤਾ। ਖਾਨਾ ਮੂਹਰੇ ਤੁਰਿਆ ਜਾਂਦਾ ਹੈ ਗੁਰੂ ਮਹਾਰਾਜ ਪਿਛੇ-ਪਿਛੇ ਜਾਂਦੇ ਨੇ। ਰਸਤੇ ਵਿਚ ਗੁਰੂ ਮਹਾਰਾਜ ਨੇ ਕਿਹਾ ਕਿ ਮਾਲਵੇ ਵਾਲਿਆਂ ਦੀ ਸਿੱਖੀ ਤਾਂ ਪਰਖ ਕੇ ਦੇਖੀਏ। ਕਹਿੰਦੇ ਸਾਨੂੰ ਪਿਆਸ ਬਹੁਤ ਲੱਗੀ ਹੈ। ਪਾਣੀ ਕਿਸੇ ਕੋਲ ਨਹੀਂ ਸੀ। ਖਾਨੇ ਦੇ ਕੋਲ ਪਾਣੀ ਦੀ ਛਾਗਲ ਭਰੀ ਹੋਈ ਸੀ। ਇਕ ਸਿੱਖ ਗਿਆ, ਕਹਿੰਦੇ ਖਾਨਿਆ! ਗੁਰੂ ਮਹਾਰਾਜ ਨੂੰ ਪਿਆਸ ਲੱਗੀ ਹੈ ਤੂੰ ਪਾਣੀ ਤਾਂ ਦੇ ਦੇ। ਕਹਿੰਦਾ ਮੇਰੇ ਕੋਲ ਤਾਂ ਹੈ ਹੀ ਨਹੀਂ। ਸਹੁੰ ਗਊ ਦੀ ਮੇਰੇ ਕੋਲ ਤਾਂ ਹੈ ਨਹੀਂ। ਕਹਿੰਦਾ ਜੇ ਲੈਣਾ ਹੈ ਤਾਂ ਇਕ ਛੰਨਾ ਇਕ ਰੁਪਈਏ ਦਾ ਦੇਵਾਂਗਾ। ਜਦੋਂ ਇਕ ਰੁਪਈਏ ਦੇ ਸਾਢੇ ਚਾਰ ਮਣ ਛੋਲੇ ਆਉਂਦੇ ਸੀ। ਸਮਝ ਲਓ 12-13 ਸੌ, ਜਾਂ ਇਸ ਤੋਂ ਵੀ ਜ਼ਿਆਦਾ ਦਾ ਸੀ। ਉਸ ਸਿੱਖ ਨੇ ਦੇ ਦਿਤਾ ਤੇ ਮਹਾਰਾਜ ਨੂੰ ਲਿਆ ਕੇ ਪਾਣੀ ਦੇ ਦਿਤਾ। ਮਹਾਰਾਜ ਨੇ ਜਾਣ ਕੇ ਡੋਲ੍ਹ ਦਿਤਾ, ਕਹਿੰਦੇ ਇਹ ਤਾਂ ਮੈਲਾ ਹੈ। ਕਹਿੰਦੇ ਹੋਰ ਲਿਆਓ। ਜਦੋਂ ਹੋਰ ਲੈਣ ਗਏ। ਉਹ ਕਹਿੰਦਾ ਕਿ ਮੈਂ ਤਾਂ ਇਕ ਮੋਹਰ ਸੋਨੇ ਦੀ ਲੈ ਕੇ ਪਾਣੀ ਦੇਵਾਂਗਾ। ਸੋਨੇ ਦੀ ਮੋਹਰ ਲੈ ਕੇ ਜਦੋਂ ਮਹਾਰਾਜ ਕੋਲ ਪਾਣੀ ਆਇਆ ਮਹਾਰਾਜ ਨੇ ਪੀਤਾ, ਕਹਿੰਦੇ ਖਾਨਿਆ! ਪਾਣੀ ਤਾਂ ਪਤਲਾ ਸਭ ਨੇ ਗਿਣਿਐ, ਪਰ ਤੂੰ ਪਾਣੀ ਤੋਂ ਵੀ ਪਤਲਾ ਨਿਕਲਿਆ। ਭੋਰਾ ਜਿੰਨਾ ਵੀ ਤੈਨੂੰ ਲਿਹਾਜ਼ ਨਹੀਂ ਆਇਆ ਕਿ ਅਸੀਂ ਕਿਸ ਵੱਡੇ ਕੰਮ ਵਾਸਤੇ ਤੁਰੇ ਫਿਰਦੇ ਹਾਂ। ਇਕ ਪਾਣੀ ਦਾ ਗਿਲਾਸ ਨਹੀਂ ਤੂੰ ਦੇ ਸਕਿਆ।

ਸੋ ਉਸ ਤੋਂ ਬਾਅਦ ਗੁਰੂ ਮਹਾਰਾਜ ਅੱਗੇ ਚਲੇ ਗਏ ਤੇ ਪਿਛੋਂ ਖਬਰ ਆ ਰਹੀ ਹੈ ਕਿ ਮਹਾਰਾਜ! ਫੌਜ ਨੇੜੇ ਹੀ ਹੈ ਤਿੰਨ-ਚਾਰ ਮੀਲ ਦਾ ਫਰਕ ਹੈ ਸਾਰਾ ਹੀ। ਉਧਰਲੇ ਪਾਸਿਓਂ ਮਾਝੇ ਦੀ ਪੰਚਾਇਤ ਆ ਗਈ। ਦੋ ਸੌ ਬੰਦੇ ਦੀ ਪੰਚਾਇਤ ਸੀ। ਮਹਾਰਾਜ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ ਇਹ ਸਿੰਘ ਬੇਦਾਵਾ ਦੇ ਕੇ ਚਲੇ ਗਏ ਸੀ, ਅਸੀਂ ਲੈ ਕੇ ਆਏ ਹਾਂ। ਮਾਈ ਭਾਗੋ ਨਾਲ ਸੀ। ਕਹਿਣ ਲੱਗੇ ਅਸੀਂ ਸਾਰੇ ਮਾਝੇ ਦੇ ਚੌਧਰੀ ਇਕੱਠੇ ਹੋ ਕੇ ਆਏ ਹਾਂ। ਸਾਡੇ ਤੋਂ ਔਖੀ ਸਿੱਖੀ ਨਹੀਂ ਰੱਖ ਹੁੰਦੀ ਲੜਾਈਆਂ ਵਾਲੀ। ਤੁਸੀਂ ਲੜਾਈ ਛੱਡਣੀ ਮੰਨੋ ਅਸੀਂ ਹੁਣੇ ਔਰੰਗਜ਼ੇਬ ਦੇ ਕੋਲ ਜਾਂਦੇ ਹਾਂ। ਉਨ੍ਹਾਂ ਨੂੰ ਕਹਿੰਦੇ ਹਾਂ ਕਿ ਗੁਰੂ ਸਾਹਿਬ ਲੜਾਈ ਨਹੀਂ ਅੱਜ ਤੋਂ ਬਾਅਦ ਕਰਨਗੇ। ਯੁੱਧ ਜੰਗ ਛੱਡ ਦਿਤੇ। ਤੁਸੀਂ ਫੇਰ ਪ੍ਰਚਾਰ ਕਰੋ। ਤੁਹਾਡੀ ਸਾਰੀ ਸਿੱਖੀ ਸੇਵਕੀ ਹੈ। ਮਹਾਰਾਜ ਕਹਿੰਦੇ ਸਾਨੂੰ ਤਾਂ ਭੇਜਿਆ ਹੀ ਅਕਾਲ ਪੁਰਖ ਨੇ ਦੁਸ਼ਟਾਂ ਦੀ ਸੋਧ ਕਰਨ ਵਾਸਤੇ ਹੈ। ਕਹਿੰਦੇ ਫੇਰ ਸਾਡੇ

ਤੋਂ ਤਾਂ ਨਹੀਂ ਇਹੋ ਜਿਹੀ ਸਿੱਖੀ ਪੁਗਦੀ। ਮਹਾਰਾਜ ਕਹਿੰਦੇ ਤੁਸੀਂ ਤਾਂ ਗੁਰੂ ਬਣ ਕੇ ਆਏ ਹੋਂ, ਸਿੱਖ ਬਣ ਕੇ ਤਾਂ ਨਹੀਂ ਨਾ ਆਏ। ਮੈਨੂੰ ਸਿਖਿਆ ਦਿੰਦੇ ਓਂ, ਮੈਂ ਤੁਹਾਡਾ ਸਿੱਖ ਬਣਨ ਨੂੰ ਤਿਆਰ ਨਹੀਂ ਹਾਂ। ਜਾਓ ਜਿਧਰੋਂ ਆਏ ਹੋਂ ਉਧਰ ਨੂੰ ਮੁੜ ਜਾਓ ਵਾਪਸ। ਉਸ ਵੇਲੇ ਬੜੀ ਬਾਤਚੀਤ ਹੋਈ। ਮਹਾਰਾਜ ਰੋਹ 'ਚ ਆ ਗਏ। ਆਹ ਲਓ ਕਾਗਜ਼ ਇਹਦੇ ਉਤੇ ਲਿਖ ਜਾਓ, ਅਸੀਂ ਤੁਹਾਡੇ ਸਿੱਖ ਨਹੀਂ ਤੂੰ ਸਾਡਾ ਗੁਰੂ ਨਹੀਂ। 160 ਬੰਦਿਆਂ ਨੇ ਦਸਤਖਤ ਕਰ ਦਿਤੇ। ਇਕ ਮਾਤਾ ਭਾਗੋ ਨੇ ਨਾ ਕਰਿਆ। ਬਾਕੀ ਸਿੰਘ ਝਿਜਕ ਵਿਚ ਪੈ ਗਏ ਕਿ ਕੀ ਕਰੀਏ। ਲਾਹਨਤਾਂ ਬਹੁਤ ਪੈਂਦੀਆਂ ਨੇ। ਉਸ ਵੇਲੇ ਮਹਾਰਾਜ ਕਹਿੰਦੇ ਜਾਓ। ਐਨੇ ਨੂੰ ਜਿਹੜਾ ਦਰਖਤ ਤੇ ਚਾੜ੍ਹਿਆ ਹੋਇਆ ਸੀ ਕਹਿੰਦਾ ਸੱਚੇ ਪਾਤਸ਼ਾਹ! ਘੋੜਿਆਂ ਦੇ ਖੁਰਾਂ ਦੀ ਖੜਾਕ ਸੁਣਨ ਲਗ ਗਈ ਹੈ। ਧੂੜ ਮੈਨੂੰ ਦਿਸਦੀ ਹੈ, ਦੋ ਮੀਲ ਤੋਂ ਵੱਧ ਨਹੀਂ ਹੈਗਾ ਇਸ ਵੇਲੇ ਦੁਸ਼ਮਣ। ਮਹਾਰਾਜ ਕਹਿੰਦੇ ਜਾਓ ਭਾਈ। ਐਨਾ ਕਹਿ ਕੇ ਮਹਾਰਾਜ ਜੀ ਉਥੋਂ ਤੁਰ ਪੈਂਦੇ ਨੇ। ਉਸ ਵੇਲੇ ਇਕ ਸਿੰਘ ਸਾਰਿਆਂ ਨੂੰ ਛੱਡ ਕੇ ਬਾਹਰ ਨਿਕਲ ਆਇਆ। ਕਹਿੰਦਾ ਮੈਂ ਨਹੀਂ ਜਾਂਦਾ। ਕਹਿੰਦਾ ਐਸ ਵੇਲੇ। ਐਹੋ ਜਿਹੇ ਮੌਕੇ ਹੁਣ ਗੁਰੂ ਦਾ ਸਾਥ ਛੱਡ ਦੇਈਏ।

*ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*

*ਅੰਗ - 1367*

ਦੇਖਣਗੇ, ਪੁੱਛਣਗੇ ਤਾਂ ਸਹੀ ਕਿ ਆਹ ਸਿੱਖ ਕਿਥੋਂ ਮਰ ਗਿਆ। ਉਹਨੂੰ ਦੇਖ ਕੇ 10 ਹੋਰ ਨਿਕਲ ਆਏ। 15 ਹੋਰ ਨਿਕਲ ਆਏ, ਨਿਕਲਦੇ-ਨਿਕਲਦੇ ਚਾਲੀ ਹੋ ਗਏ। ਬਾਕੀਆਂ ਨੂੰ ਕਹਿਣ ਲੱਗੇ ਕਿ ਤੁਸੀਂ ਜਾਓ ਅਸੀਂ ਤਾਂ ਜੰਗ ਦੇ ਵਿਚ ਪ੍ਰਾਣ ਦੇਣੇ ਨੇ ਤੇ ਦੁਸ਼ਮਣਾਂ ਨੂੰ ਹਾਨ ਕਰਨਾ ਹੈ। ਹਜ਼ਾਰਾਂ ਤੁਰਕ ਗੁਰੂ ਦੇ ਗਿਰਦ ਘੇਰਾ ਪਾਈਂ ਬੈਠੇ ਨੇ। ਮਰਦ ਹੋ ਕੇ ਕੋਈ ਬੰਦਾ ਛੱਡ ਜਾਊਗਾ ਇਸ ਵੇਲੇ ਗੁਰੂ ਨੂੰ। ਮਰਦ ਹਾਂ ਅਸੀਂ, ਹੁਣ ਨਹੀਂ ਛੱਡ ਸਕਦੇ ਗੁਰੂ ਨੂੰ। ਹਜ਼ਾਰ ਲਾਹਨਤ ਹੈ ਸਾਨੂੰ ਜੇ ਹੁਣ ਐਨੀ ਭੀੜ ਵਿਚ ਅਸੀਂ ਗੁਰੂ ਨੂੰ ਛੱਡ ਜਾਈਏ। ਕੀ ਕਰਨਾ ਹੈ ਅਸੀਂ ਜੀਊਂ ਕੇ। ਜੇ ਹੁਣ ਗੁਰੂ ਦੇ ਲੇਖੇ ਨਾ ਲੱਗਿਆ ਸਾਡਾ ਸਰੀਰ ਫੇਰ ਕੀ ਫਾਇਦਾ।

ਪਤਾ ਲੱਗਿਆ ਕਿ ਇਹ ਤਾਂ ਨੇੜੇ ਹੀ ਆ ਗਏ। ਉਸ ਵੇਲੇ ਘੋੜਿਆਂ ਤੇ ਚੜ੍ਹੇ ਹੋਏ ਸੀ ਇਕ ਦਮ ਵਿਚਾਲਿਓਂ ਦੀ ਨਿਕਲ ਗਏ ਕਿ ਕਿਤੇ ਅਸੀਂ ਨਾ ਵਿਚ ਆ ਜਾਈਏ। ਇਧਰ ਇਨ੍ਹਾਂ ਨੇ ਦੇਖਿਆ ਕਿ ਦੁਸ਼ਮਣ ਫੌਜ ਨੇੜੇ ਹੀ ਆ ਗਈ ਜਿਹੜੇ ਖੇਸ-ਖੁਸ ਉਤੇ ਲਏ ਹੋਏ ਸੀ, ਸਰਦੀ ਦਾ ਮਹੀਨਾ ਸੀ ਉਹ ਤੰਬੂਆਂ ਵਾਂਗੂੰ ਪਾ ਦਿਤੇ ਝਾੜਾਂ ਦੇ ਉਤੇ। ਆਪ ਛੁੱਪ ਕੇ ਬੈਠ ਗਏ। ਨੀਵੇਂ ਥਾਉਂ ਬੈਠ ਗਏ ਤੇ ਐਸਾ ਯੁੱਧ ਹੋਇਆ ਚਾਲੀ ਬੰਦਿਆਂ ਦਾ ਖੁਲ੍ਹੇ ਮੈਦਾਨ ਦੇ ਅੰਦਰ। ਇਧਰ ਅੱਠ ਹਜ਼ਾਰ ਜਾਂ ਬਾਰ੍ਹਾਂ ਹਜ਼ਾਰ ਸੀ, ਇਧਰ ਸਿਰਫ 40 ਨੇ। ਇਕ ਤੋਂ ਇਕ ਵੱਧ ਕੇ ਜਾਂਦਾ ਹੈ। ਸਾਰਿਆਂ ਨਾਲੋਂ ਪਹਿਲਾਂ ਇਕ ਨਿਕਲਿਆ ਬਾਹਰ। ਉਹ ਜਾਂਦਾ ਹੀ ਫੌਜ ਦੇ ਵਿਚ ਫੜ ਗਿਆ ਉਨ੍ਹਾਂ ਨੂੰ ਪਤਾ ਵੀ ਨਹੀਂ ਲੱਗਿਆ ਉਸ ਵੇਲੇ ਤੇ ਲੜੀ ਜਾਂਦਾ ਹੈ, ਗਿਰ ਪਿਆ ਧਰਤੀ ਤੇ ਫੇਰ ਵੀ ਤਲਵਾਰ ਘੁੰਮਾਈ ਜਾਂਦਾ ਹੈ। ਉਹਦੇ ਬਾਰੇ ਇਸ ਤਰ੍ਹਾਂ ਬਾਣੀ ਵਿਚ ਆਉਂਦਾ ਹੈ -

*ਧਾਰਨਾ - ਕਦੇ ਖੇਤ ਨਾ ਛੱਡਦੇ ਜੀ,*
*ਸੂਰਮੇ ਪੁਰਜਾ-ਪੁਰਜਾ ਕੱਟ ਕੇ।*
*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*

*ਅੰਗ - 1105*

ਇਕ-ਇਕ ਕਰਕੇ ਕਟਦੇ ਜਾਂਦੇ ਨੇ, ਦੱਸ ਬਾਹਰ ਆ ਗਏ, ਬਾਅਦ ਵਿਚ ਪੰਦਰਾਂ ਆ ਗਏ। ਬਾਕੀ ਫੇਰ ਸਾਰੇ ਹੀ ਆ ਗਏ। ਢਾਈ ਸੌ ਬੰਦਾ ਤੇ ਤਿੰਨ ਸੌ ਘੋੜਾ ਉਨ੍ਹਾਂ ਦਾ ਮਰ ਗਿਆ। ਉਨ੍ਹਾਂ ਨੇ ਕਿਹਾ ਕਿ ਪਤਾ ਨਹੀਂ ਕਿੰਨੇ ਕੁ ਨੇ। ਇਧਰੋਂ ਗੁਰੂ ਮਹਾਰਾਜ ਨੇ ਦੇਖਿਆ ਕਿ ਯੁੱਧ ਹੋ ਰਿਹਾ ਹੈ। ਉਚੀ ਟਿੱਬੀ ਤੇ ਦੋ ਮੀਲ ਤੇ ਖੜ੍ਹੇ ਨੇ। ਉਥੋਂ ਐਡੇ ਤਿੱਖੇ ਬਾਣ ਆਉਂਦੇ ਨੇ, ਪੰਜ-ਪੰਜ, ਸੱਤ-ਸੱਤ ਨੂੰ ਲਾਹੁੰਦੇ ਹੀ ਚਲੇ ਜਾਂਦੇ ਨੇ। ਉਸ ਵੇਲੇ ਫੌਜ ਨੂੰ ਪਿਆਸ ਲਗ ਗਈ, ਪਹਿਲਾਂ ਦੇ ਤੁਰੇ ਹੋਏ ਸੀ। ਕਪੂਰੇ ਨੂੰ ਪੁੱਛਿਆ ਪਾਣੀ, ਕਹਿੰਦਾ ਪਾਣੀ ਤਾਂ ਤੀਹ ਮੀਲ ਤੇ ਹੈ, ਪਿਛੇ ਹੈਗਾ ਦੱਸ ਮੀਲ ਤੇ। ਕਹਿੰਦੇ ਗੁਰੂ ਤਾਂ ਹੁਣ ਮਰ ਗਿਆ ਹੋਣਾ, ਹੁਣ ਕਿਸੇ ਨੇ ਗੋਲੀ ਨਹੀਂ ਚਲਾਉਣੀ। ਕਹਿੰਦਾ ਤੁਸੀਂ ਕਿਥੇ ਜੰਗਲਾਂ 'ਚ ਭਾਲੋਂਗੇ, ਮੈਂ ਟੋਲ੍ਹ ਕੇ ਤੁਹਾਨੂੰ ਭੇਜ ਦਊਂਗਾ ਜੇ ਹੋਇਆ।

ਪਰ ਗੁਰੂ ਕਿਥੇ ਅੜਿੱਕੇ ਆਉਂਦਾ ਹੈ ਤੁਹਾਡੇ। ਉਹ ਤਾਂ ਬਹੁਤ ਹੱਠੀ ਨੇ, ਉਥੇ ਚਮਕੌਰ ਦੇ ਘੇਰੇ 'ਚ ਨਾ ਆਏ, ਇਹ ਤਾਂ ਖੁਲ੍ਹਾ ਮੈਦਾਨ ਹੈ। ਘੋੜਾ ਵੀ ਉਨ੍ਹਾਂ ਦਾ ਬਹੁਤ ਤਕੜਾ ਹੈ, ਉਹ ਤਾਂ ਨਿਕਲ ਗਏ ਹੋਣੇ ਨੇ ਪੰਦਰਾਂ-ਵੀਹ ਮੀਲ ਕਿਧਰੇ। ਟਾਲ੍ਹ ਦਿਤੀ ਗੱਲ੍ਹ। ਫੌਜ ਨੂੰ ਪਿਛੇ ਮੋੜ ਕੇ ਲੈ ਗਿਆ।

ਏਧਰ ਗੁਰੂ ਮਹਾਰਾਜ ਨੇ ਦੇਖਿਆ ਕਿ ਕੋਈ ਨਹੀਂ ਹੈ, ਥੱਲੇ ਉਤਰੇ। ਮੈਦਾਨ-ਏ-ਜੰਗ ਵਿਚ ਆਏ, ਕੀ ਦੇਖਦੇ ਨੇ ਕਿ ਚਾਲੀ ਸਿੰਘ ਟੁਕੜੇ-ਟੁਕੜੇ ਹੋਏ ਪਏ ਨੇ। ਕੋਲ ਕਿਸੇ ਦੇ ਪੰਜ ਪਏ, ਕਿਸੇ ਦੇ ਅੱਠ ਪਏ ਨੇ, ਕਿਸੇ ਦੇ ਦੱਸ, ਕਿਸੇ ਦੇ ਪੰਦਰਾਂ। ਮੂੰਹ ਪੂੰਝਦੇ ਨੇ ਸਭ ਦੇ ਆਪਣੇ ਜਾਮੇ ਦੇ ਨਾਲ, ਰੁਮਾਲ ਨਹੀਂ ਕੱਢਿਆ। ਪਿਆਰ ਕਰਦੇ ਨੇ, ਮੇਰਾ ਪੰਜ ਹਜ਼ਾਰੀ, ਮੇਰਾ ਦੱਸ ਹਜ਼ਾਰੀ, ਮੇਰਾ ਸੱਤ ਹਜ਼ਾਰੀ, ਵਰ ਦਿੰਦੇ ਤੁਰੇ ਜਾਂਦੇ ਨੇ। ਇਕ ਸਿੰਘ ਜਿਸ ਦਾ ਨਾਂ ਮਹਾਂ ਸਿੰਘ

ਸੀ। ਉਹ ਸਹਿਕ ਰਿਹਾ ਹੈ ਤੇ ਸਹਿਕਦਾ ਹੋਇਆ ਅਰਦਾਸਾਂ ਕਰਦਾ ਹੈ। ਬਾਰ-ਬਾਰ ਅਰਦਾਸਾਂ ਕਰਦਾ ਹੈ ਇਸ ਤਰ੍ਹਾਂ ਹੈ-

*ਧਾਰਨਾ - ਹੁਣ ਦਮ ਦਾ ਭਰੋਸਾ ਹੈ ਨਾ ਕੋਈ,*
*ਦਰਸ਼ਨ ਦੇ ਜਾ ਬਾਜਾਂ ਵਾਲਿਆ।*

ਬਾਰ-ਬਾਰ ਬੇਨਤੀਆਂ ਕਰਦਾ ਹੈ -

*ਦਿਓ ਦਰਸ ਕਲਗੀ ਵਾਲਿਆ ਆ ਬਹੁੜ ਵੇਲੇ ਅੰਤ ਦੇ।*
*ਹੁਣ ਢਿੱਲ ਦਾ ਕੁਝ ਸਮਾਂ ਨਾ ਆ ਵਾਸਤੇ ਭਗਵੰਤ ਦੇ।*
*ਇਕ ਤਿਲ ਨਾ ਵਧਣ ਉਮਰ ਮੇਰੀ ਇਸ ਸਮੇਂ ਸਿਰ ਟੁੱਟ ਜਾਵਣਾ।*
*ਉਸ ਸਮੇਂ ਨਾਲੋਂ ਰਤਾ ਪਹਿਲਾਂ ਪਿਆਰਿਆ ਤੂੰ ਆਵਣਾ।*
*ਰਤਾ ਕੁ ਪਹਿਲਾਂ ਆ ਜਾ। ਮੈਂ ਇਕ ਬੇਨਤੀ ਕਰਨੀ ਹੈ।*

ਗੁਰੂ ਮਹਾਰਾਜ ਉਸ ਕੋਲ ਜਦ ਪਹੁੰਚੇ, ਦੇਖਿਆ ਕਿ ਸਹਿਕਦਾ ਹੈ। ਜਲ ਚੋਇਆ ਮੂੰਹ ਦੇ ਵਿਚ, ਨੇਤਰ ਖੁਲ੍ਹੇ ਗਏ। ਕਹਿੰਦੇ ਮਹਾਂ ਸਿੰਘਾ! ਤੂੰ ਹੈਂ। ਕਹਿਣ ਲੱਗਿਆ, ਹਾਂ ਪਾਤਸ਼ਾਹ ਮੈਂ ਹਾਂ। ਬੜਾ ਮਾੜਾ ਕੰਮ ਹੋਇਆ ਸਾਡੇ ਤੋਂ ਅਸੀਂ ਤੈਨੂੰ ਅਨੰਦਪੁਰ ਧੋਖਾ ਦੇ ਗਏ। ਜੀਉਣ ਦੇ ਵਾਸਤੇ ਪਾਤਸ਼ਾਹ। ਤੇਰੇ ਦਰਸ਼ਨ ਦੀ ਚਾਹ ਸੀ। ਗੁਰੂ ਮਹਾਰਾਜ ਨੇ ਕਿਹਾ, ਮਹਾਂ ਸਿੰਘਾ! ਦੱਸ ਤੈਨੂੰ ਰਾਜ ਦੇ ਦੇਈਏ ਦੁਨੀਆਂ ਦਾ। ਤੈਨੂੰ ਜਿਉਂਦਾ ਕਰ ਦਿੰਦੇ ਹਾਂ, ਸਰੀਰ ਤੇਰਾ ਨਰੋਆ ਕਰ ਦਿੰਦੇ ਹਾਂ, ਤੈਨੂੰ ਸੁਰਜੀਤ ਕਰ ਦਿੰਦੇ ਹਾਂ। ਕਹਿੰਦਾ ਨਾ ਪਾਤਸ਼ਾਹ! ਰਾਜ ਦੀ ਮੈਨੂੰ ਹੁਣ ਲੋੜ ਨਹੀਂ ਹੈ।

*ਧਾਰਨਾ - ਮੈਨੂੰ ਰਾਜ ਦੀ ਲੋੜ ਨਾ ਕੋਈ,*
*ਟੁੱਟੀ ਗੰਢ ਬਾਜਾਂ ਵਾਲਿਆ।*

ਪਾਤਸ਼ਾਹ! ਮੂਰਖਮਤੀ ਕਰੀ ਸਾਡੇ ਚੌਧਰੀਆਂ ਨੇ। ਮਾਝੇ ਦੇ ਵਿਚੋਂ ਸਿੱਖੀ ਨੂੰ ਜਵਾਬ ਦਵਾ ਲਿਆ। ਬੇਦਾਵਾ ਦੇ ਦਿਤਾ। ਪਾਤਸ਼ਾਹ ਜੇ ਤੂੰ ਪ੍ਰਸੰਨ ਹੋਇਐਂ ਤਾਂ ਵਿਛੁੜਿਆਂ ਨੂੰ ਮੇਲ -

*ਨਾ ਵਿਛੋੜ ਇਸ ਟੁੱਟੜੀ ਨੂੰ ਮੇਲ ਲੇਵੋ,*
*ਗੰਢ ਲਵੋ ਵਿਛੜੀ*
*ਬੇਦਾਵਾ ਪੱਤਰ ਪਾੜ ਸੁੱਟੋ, ਕੱਜ ਲੇਵੋ ਉਛੜੀ।*
*ਜਦੋਂ ਇੰਨੇ ਬਚਨ ਕਹੇ,*
*ਗੁਰੂ ਤਾਂ ਪਿਆਰ ਵਾਲਾ ਹੁੰਦਾ ਹੈ।*
*ਓ ਗੁਰੂ ਹਿਰਦਾ ਪ੍ਰੇਮ ਵਾਲਾ ਦੇਖ ਸਿੱਖੀ ਪਿਆਰ ਨੂੰ।*
*ਉਹ ਦ੍ਰਵ ਗਿਆ ਹੱਦ ਲੰਘ ਕੇ,*
*ਪੇਖ ਸਿੱਕ ਦੀ ਇਸ ਕਾਰ ਨੂੰ।*

ਮਹਾਰਾਜ ਦੇ ਨੇਤਰਾਂ 'ਚੋਂ ਟਪ-ਟਪ ਹੰਝੂ ਗਿਰਨ ਲਗ ਗਏ। ਕਿਉਂਕਿ ਪਿਆਰ ਤਾਂ ਟੁੱਟਿਆ ਨਹੀਂ ਸੀ, ਉਹ ਤਾਂ ਆਦਮੀ ਦੀ ਕਮਜ਼ੋਰੀ ਹੁੰਦੀ ਹੈ। ਸਿੱਖ ਛੱਡਦਾ ਹੈ ਗੁਰੂ ਨੂੰ, ਗੁਰੂ ਨੇ ਸਿੱਖ ਨੂੰ ਅੱਜ ਤੱਕ ਨਹੀਂ ਛੱਡਿਆ। ਫੇਰ ਵੀ ਦਰਵਾਜ਼ਾ ਖੋਲ੍ਹ ਕੇ ਰੱਖਦਾ ਹੈ ਕਿ ਕਦੇ ਤਾਂ ਆਏਗਾ ਹੀ ਮੁੜ ਕੇ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥ ਅੰਗ - 544*

ਝੱਟ ਕੱਢ ਕਾਗਦ ਖੀਸਿਓਂ ਦਿਖਲਾਏ ਪਿਆਰੇ ਸਿੱਖ ਨੂੰ।

*ਪਾੜ ਦਿਤਾ ਉਸੀ ਵੇਲੇ ਠੰਢ ਪਾਈ ਸਿੱਖ ਨੂੰ।*

ਉਸ ਵੇਲੇ ਦੋਵੇਂ ਹੱਥ ਜੋੜੇ, ਪਾਤਸ਼ਾਹ! ਹੁਣ ਮੈਨੂੰ ਆਗਿਆ ਦੇਵੋ। ਮਹਾਰਾਜ ਕਹਿੰਦੇ ਮਹਾਂ ਸਿੰਘਾ! ਜਾਹ, ਸਾਡੇ ਲੋਕ ਵਿਚ। ਤੂੰ ਬੜਾ ਭਾਰਾ ਉਪਕਾਰ ਕਰਿਆ ਹੈ। ਟੁੱਟੀ ਹੋਈ ਸਿੱਖੀ ਨੂੰ ਗੰਢ ਲਿਆ। ਸੀਸ ਦੀ ਭੇਟਾ ਦੇ ਕੇ ਟੁੱਟੀ ਹੋਈ ਸਿੱਖੀ ਨੂੰ ਗੰਢ ਪਾ ਲਈ। ਸੋ ਇਸ ਤਰ੍ਹਾਂ ਮਹਾਰਾਜ ਉਸ ਥਾਂ ਤੋਂ ਅੱਜ ਦੇ ਦਿਨ ਕਹਿਣ ਲੱਗੇ ਪ੍ਰੇਮੀਓ! ਕਿਸੇ ਥਾਂ ਇਕ ਸਾਧੂ ਤਪ ਕਰਦਾ ਹੈ। ਕਿਸੇ ਥਾਂ ਦੋ ਰਿਸ਼ੀ ਤਪ ਕਰਦੇ ਨੇ ਤੇ ਉਨ੍ਹਾਂ ਦਾ ਥਾਂ ਪਵਿੱਤਰ ਹੋ ਕੇ ਤੀਰਥ ਬਣ ਜਾਂਦਾ ਹੈ। ਇਥੇ ਤਾਂ ਮੇਰੇ 40 ਪਿਆਰਿਆਂ ਨੇ ਆਪਣੇ ਸੀਸ ਵਾਰੇ ਨੇ। ਅੱਜ ਤੋਂ ਬਾਅਦ ਇਸਨੂੰ ਖਿਦਰਾਣਾ ਨਹੀਂ ਕਿਸੇ ਨੇ ਕਹਿਣਾ, ਇਹਦਾ ਨਾਂ ਮੁਕਤਸਰ ਹੋਇਆ ਤੇ ਮਾਘੀ ਦੇ ਦਿਨ ਇਥੇ ਇਸ਼ਨਾਨ ਕਰਨ ਤੇ ਸਾਰੇ ਤੀਰਥਾਂ ਤੋਂ ਸ਼੍ਰੋਮਣੀ ਤੀਰਥਾਂ ਦਾ ਫਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਮਹਾਰਾਜ ਜੀ ਵਰ ਦੇ ਕੇ ਸਿੱਖੀ ਗੰਢ ਕੇ ਅੱਗੇ ਜਾਂਦੇ ਨੇ।

ਚਲਦੇ-ਚਲਦੇ ਅੱਜ ਤਲਵੰਡੀ ਸਾਬੋ ਪਹੁੰਚ ਗਏ। ਉਥੇ ਸਿੱਖੀ ਮੁੜ ਕੇ ਕਾਇਮ ਕੀਤੀ। ਬੇਅੰਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਉਸੇ ਤਰ੍ਹਾਂ ਦੀਵਾਨ ਲੱਗਣ ਲਗ ਗਏ। ਉਸੇ ਤਰ੍ਹਾਂ ਸੰਗਤਾਂ ਆਉਣ ਲਗ ਗਈਆਂ। ਇਧਰੋਂ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਇਨ੍ਹਾਂ ਨੂੰ ਪਤਾ ਲੱਗਿਆ ਕਿ ਮਹਾਰਾਜ ਦਮਦਮਾ ਸਾਹਿਬ ਠਹਿਰੇ ਹੋਏ ਨੇ। ਭਾਈ ਮਨੀ ਸਿੰਘ ਜੀ ਨੂੰ ਜਦੋਂ ਲੈ ਕੇ ਆਉਂਦੇ ਨੇ ਤਾਂ ਹਜ਼ਾਰਾਂ ਸਿੱਖ ਬੈਠੇ ਨੇ। ਕੋਈ ਅੱਠ-ਨੌਂ-ਦੱਸ ਸੌ ਫੁੱਟ ਦੇ ਵਿਚ ਦੀਵਾਨ ਲੱਗਿਆ ਹੋਇਆ ਹੈ ਮਹਾਰਾਜ ਦਾ। ਬੇਅੰਤ ਸੰਗਤ ਬੈਠੀ ਹੈ। ਉਧਰੋਂ ਮਾਤਾ ਜੀ ਜਦੋਂ ਸੰਗਤ ਵਿਚ ਆਉਂਦੇ ਨੇ ਤਾਂ ਮਨ ਵਿਚ ਬੜਾ ਚਾਓ ਹੈ ਕਿ ਪੁੱਛਾਂਗੇ ਸਾਹਿਬਜ਼ਾਦਿਆਂ ਤੋਂ ਕਿ ਕਿਵੇਂ ਯੁੱਧ ਹੋਏ, ਕਿਵੇਂ ਤੁਸੀਂ ਨਿਕਲੇ। ਕੀ-ਕੀ ਹਾਲ ਹੋਇਆ? ਕਿਉਂਕਿ ਉਨ੍ਹਾਂ ਦਿਨਾਂ ਵਿਚ ਅਖਬਾਰ ਨਹੀਂ ਸੀ ਹੁੰਦੇ ਕਿ ਗੱਲ ਦਾ ਪਤਾ ਲਗ ਜਾਵੇ।

ਮਨ ਵਿਚ ਬੜੀ ਭਾਵਨਾ ਲੈ ਕੇ ਆਉਂਦੇ ਨੇ। ਐਧਰ ਦੇਖਦੇ ਨੇ, ਓਧਰ ਦੇਖਦੇ ਨੇ, ਕਦੇ ਮਾਈਆਂ ਵਲ ਦੇਖਦੇ ਨੇ। ਮਾਤਾ ਜੀ ਨੂੰ ਪਛਾਨਣ ਵਾਸਤੇ ਕਿ ਕਿਥੇ ਕੁ ਬੈਠੇ ਹੋਣੇ ਨੇ? ਇਧਰ ਬੱਚਿਆਂ ਵਲ ਦੇਖਦੇ ਨੇ ਖੇਡਣ ਵਾਲਿਆਂ ਵਲ ਕਿ ਸ਼ਾਇਦ ਇਥੇ ਜ਼ੋਰਾਵਰ ਤੇ ਫਤਹਿ ਸਿੰਘ ਖੇਡਦੇ ਹੋਣੇ ਨੇ ਬੱਚਿਆਂ ਨਾਲ। ਗੁਰੂ ਮਹਾਰਾਜ ਦੇ ਬਰਾਬਰ ਦੇਖਦੇ

(ਬਾਕੀ ਪੰਨਾ 14 ਤੇ)

# ਸੰਪਾਦਕੀ

***ਡਾ. ਜਗਜੀਤ ਸਿੰਘ***

ਸਮੂੰਹ ਸੁਹਿਰਦ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ। ਸਤਿਗੁਰੂ ਆਪ ਸਮੂੰਹ ਪ੍ਰੇਮੀਆਂ ਨੂੰ ਨਾਮ ਦੀ ਦਾਤ ਅਤੇ ਆਪਣੇ ਚਰਨ ਕਰਮਾਂ ਦੀ ਪ੍ਰੀਤੀ ਬਖਸ਼ੇ। ਨਾਮ-ਬਾਣੀ ਸਦਕਾ ਸਮੂੰਹ ਖੁਸ਼ੀਆਂ ਬਖਸ਼ਿਸ਼ ਹੋਣ। ਹਰ ਅਜੇਹਾ ਸਮਾਂ ਵਿਅਕਤੀ ਲਈ, ਸਮਾਜ ਲਈ, ਸੂਬੇ ਤੇ ਦੇਸ਼ ਲਈ ਲੇਖੇ ਜੋਖੇ ਦਾ ਅਵਸਰ ਹੁੰਦਾ ਹੈ। ਅਸੀਂ ਪਿਛਲੇ ਸਾਲ ਵਿਚ ਕੀ ਪਾਇਆ ਤੇ ਕੀ ਗਵਾਇਆ ਹੈ? 2004 ਦਾ ਵਰ੍ਹਾ ਸਿੱਖ ਕੌਮ ਲਈ ਬਹੁਤ ਮਹੱਤਵਪੂਰਨ ਵਰ੍ਹਾ ਸੀ ਜਿਸ ਵਿਚ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪਹਿਲਾ ਪ੍ਰਕਾਸ਼ ਅਤੇ ਸਾਹਿਬਜ਼ਾਦਿਆਂ ਦੀਆਂ ਮਹਾਨ ਸਹਾਦਤਾਂ ਦਾ 300 ਸਾਲਾ ਸ਼ਹੀਦੀ-ਦਿਵਸ ਸਿੱਖ ਕੌਮ ਨੇ ਪੂਰੀ ਸ਼ਰਧਾ, ਪ੍ਰੇਮ ਅਤੇ ਉਤਸ਼ਾਹ ਨਾਲ ਮਨਾਇਆ। ਆਮ ਤੌਰ ਤੇ ਕੌਮ ਦੀ ਨਿਗਾਹ ਸਿੱਖਾਂ ਦੀ ਸਰਵੁੱਚ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲ ਹੁੰਦੀ ਹੈ ਕਿ ਉਹ ਅਜਿਹੇ ਅਵਸਰਾਂ ਤੇ ਕੌਮ ਨੂੰ ਨਵੀਂ ਤੇ ਉਸਾਰੂ ਸੇਧ ਦੇਣਗੇ। ਇਹ ਦ੍ਰਿਸ਼ਟੀ ਠੀਕ ਵੀ ਹੈ ਪਰ ਇਹ ਵੀ ਸੱਚ ਹੈ ਕਿ ਸਾਡੀਆਂ ਸਰਵੁਚ ਸੰਸਥਆਵਾਂ ਵਿਚ ਸਾਡੇ ਭੇਜੇ ਨੁਮਾਇੰਦੇ ਜਿੰਨੀ ਛੋਟੀ ਜਾਂ ਵੱਡੀ ਸੋਚ ਦੇ ਮਾਲਕ ਹੋਣਗੇ, ਉਹ ਵੈਸੀ ਹੀ ਸੇਧ ਕੌਮ ਨੂੰ ਪ੍ਰਦਾਨ ਕਰ ਸਕਣਗੇ। ਸਾਡੇ ਧਾਰਮਿਕ ਆਗੂ ਤਾਂ ਅੱਜ ਐਨੀ ਨੀਵੀਂ ਸੋਚ ਦੇ ਮਾਲਕ ਹੋ ਗਏ ਹਨ ਕਿ ਉਹ ਸਾਰੀ ਸਮਰੱਥਾ ਇਸ ਨਿਰਾਰਥਕ ਕਰਮ ਤੇ ਹੀ ਲਾ ਦਿੰਦੇ ਹਨ ਕਿ ਕਿਸ ਕਿਸ ਨੂੰ ਸਿਰੋਪਾ ਦੇਣਾ ਹੈ ਅਤੇ ਕਿਸ ਕਿਸ ਨੂੰ ਨਹੀਂ ਦੇਣਾ ਆਦਿ। ਅਸੀਂ ਕੋਈ ਵੀ ਮਹਾਨ ਫੈਸਲੇ ਨਹੀਂ ਲੈ ਸਕੇ। ਕੋਈ ਵੀ ਨਵੀਆਂ ਮਹਾਨ ਸੰਸਥਾਵਾਂ, ਖੋਜ ਕੇਂਦਰ ਗੁਰਬਾਨੀ ਦੇ ਭਾਰਤੀ ਅਤੇ ਵਿਸ਼ਵ ਬੋਲੀਆਂ ਵਿਚ ਪਰਮਾਣੀਕ ਅਨੁਵਾਦ, ਸਿੱਖ ਇਤਿਹਾਸ ਦੀ ਸਹੀ ਰੂਪ ਰੇਖਾ ਉਜਾਗਰ ਕਰਨ ਦੀਆਂ ਯੋਜਨਾਵਾਂ ਨਹੀਂ ਬਣਾ ਸਕੇ। ਸਾਡੀ ਸਾਰੀ ਸਮਰੱਥਾ ਕੇਵਲ ਜਲਸੇ, ਜਲੂਸਾਂ, ਕੀਰਤਨ ਦਰਬਾਰਾਂ ਤੇ ਢਾਢੀ ਦਰਬਾਰਾਂ ਤੇ ਵੱਡੇ-ਵੱਡੇ ਇਕੱਠਾਂ ਤੇ ਖਰਚ ਹੋਈ ਹੈ। ਸਾਡੀ ਲੀਡਰਸ਼ਿਪ ਇਨ੍ਹਾਂ ਮਹਾਨ ਅਵਸਰਾਂ ਦਾ ਉਹ ਪ੍ਰਯੋਗ ਨਹੀਂ ਕਰ ਸਕੀ, ਜਿਸ ਦੀ ਕੌਮ ਨੂੰ ਆਸ ਸੀ। ਵਿਅਕਤੀਗਤ ਤੌਰ ਤੇ ਵਿਦੇਸਾਂ ਵਿਚ ਵਿਚਰਦੀਆਂ ਸੰਸਥਆਵਾਂ ਨੇ ਗੁਰਬਾਣੀ ਅਧਿਐਨ ਨੂੰ ਇੰਟਰਨੈਟ ਰਾਹੀਂ ਪ੍ਰਸਾਰਨ ਦੇ ਉਪਰਾਲੇ ਕੀਤੇ ਹਨ ਜੋ ਸ਼ਲਾਘਾਯੋਗ ਹਨ।

ਦਸੰਬਰ 2004 ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ 300ਵਾਂ ਵਰ੍ਹਾ ਕੋਈ ਛੋਟੀ ਤੇ ਆਮ ਘਟਨਾ ਨਹੀਂ, ਸਗੋਂ ਦੁਨੀਆਂ ਦੇ ਇਤਿਹਾਸ ਵਿਚ ਇਕ ਲਾਸਾਨੀ ਘਟਨਾ ਹੈ। ਜਨਵਰੀ 2005 ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਪ੍ਰਕਾਸ਼ ਦਿਹਾੜਾ ਹੈ। ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਦੇ 250 ਸਾਲ ਪਹਿਲਾਂ ਚਲਾਏ ਨਿਰਮਲ ਪੰਥ ਨੂੰ ਖਾਲਸੇ ਦੀ ਸਿਰਜਨਾ ਕਰਕੇ ਸਪੰਨਤਾ ਬਖਸ਼ੀ। ਸਿੱਖ ਲਹਿਰ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਗੁਰੂ ਨਾਨਕ ਦੇਵ ਨੇ ਭਾਰਤੀ ਸੰਸਕ੍ਰਿਤੀ, ਸਮਾਜ ਤੇ ਭਾਈਚਾਰੇ ਦੇ ਅਮਲਾਂ ਵਿਚ ਨਿਕਾਰਾ, ਬੋਦੀਆਂ, ਹੀਣ-ਭਾਵ ਵਾਲੀਆਂ ਰਸਮਾਂ, ਛੂਤ-ਛਾਤ ਦੀ ਬੀਮਾਰੀ, ਊਚ-ਨੀਚ ਦੀਆਂ ਨਫਰਤਾਂ, ਰੰਗ-ਰੂਪ ਜਾਤੀ-ਵਾਦੀ, ਲਿੰਗ-ਭੇਦ ਆਦਿ ਸਭ ਦੇ ਵਿਰੁੱਧ ਜਹਾਦ ਖੜ੍ਹਾ ਕੀਤਾ, ਸਮਾਜ ਦਾ ਪੁਨਰ-ਨਿਰਮਾਣ ਕੀਤਾ, ਖੇਰੂੰ-ਖੇਰੂੰ ਹੋਈ ਭਾਰਤੀ ਜਨਤਾ ਨੂੰ ਸੰਗਤ, ਪੰਗਤ ਤੇ ਇਕ ਪ੍ਰਮਾਤਮਾ ਦੀ ਭਗਤੀ ਰਾਹੀਂ ਜੋੜਿਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਹੀਂ ਸਾਰੇ ਭਗਤਾਂ, ਸੰਤਾਂ, ਮਹਾਂਪੁਰਸ਼ਾਂ ਨੂੰ ਇਕ ਮਾਲਾ ਵਿਚ ਪਰੋ ਸਰਬ-ਸਾਂਝੀਵਾਲਤਾ ਦਾ ਅਮਲੀ ਕਦਮ ਚੁੱਕਿਆ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਖਿਆਲਾਂ ਦੀ, ਧਰਮ ਦੀ ਅਜ਼ਾਦੀ ਲਈ ਇਕ ਮਹਾਨ ਕੁਰਬਾਨੀ ਸੀ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਲਿਜੁਗ ਦਾ ਮਹਾਨ ਸਾਕਾ ਕਿਹਾ ਹੈ, ਜਿਸ ਵਿਚ 'ਸੀਸ ਦੀਆ ਪਰ ਸਿਰਰੁ ਨ ਦੀਆ" ਦੀ ਮਹਾਨ ਵਿਚਾਰਧਾਰਾ ਨੂੰ ਭਾਰਤੀ ਦਿਲਾਂ ਵਿਚ ਉਜਾਗਰ ਕੀਤਾ. ਗੁਲਾਮੀ ਦੀਆਂ ਜੰਜੀਰਾਂ ਵਿਚ ਮਰ ਚੁੱਕੀ ਭਾਰਤੀ ਸੰਸਕ੍ਰਿਤੀ ਵਿਚ ਨਵੀਂ ਰੂਹ ਫੂਕਣ ਦਾ ਐਸਾ ਉਪਰਾਲਾ ਸਦੀਆਂ ਦੇ ਭਾਰਤੀ ਇਤਿਹਾਸ ਵਿਚ ਪ੍ਰਾਪਤ ਨਹੀਂ। ਇਸ ਧਰਮ-ਯੁੱਧ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ ਤੇ ਪਹੁੰਚਾਇਆ। ਖਾਲਸੇ ਦੀ ਸਿਰਜਨਾ ਕੀਤੀ, ਗੀਦੀ ਹੋ ਚੁੱਕੇ ਭਾਰਤੀਆਂ ਨੂੰ ਸ਼ਸਤਰਧਾਰੀ ਬਣਾਇਆ ਅਤੇ ਸ੍ਵੈ ਰੱਖਿਆ ਲਈ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕੀਤਾ। ਸਦੀਆਂ ਤੋਂ ਸਥਾਪਤ ਹੋ ਚੁੱਕੀ ਮੁਗਲ ਹਕੂਮਤ ਨਾਲ ਟੱਕਰ ਲਈ। ਡਰਪੋਕ ਤੇ ਸ੍ਵੈਮਾਨ ਗਵਾ ਚੁੱਕੇ ਪਹਾੜੀ ਹਿੰਦੂ ਰਾਜਿਆਂ ਨੇ ਵੀ ਗੁਰੂ ਜੀ ਦਾ ਸਾਥ ਨਾਂਹ ਦਿੱਤਾ ਸਗੋਂ ਵਿਰੋਧੀਆਂ ਨਾਲ ਜਾ ਰਲੇ। ਭੰਗਾਣੀ ਦਾ ਯੁੱਧ ਇਨ੍ਹਾਂ ਰਾਜਿਆਂ ਦਾ ਹੀ ਗੁਰੂ-ਘਰ ਤੇ ਕੀਤਾ ਹੱਲਾ ਸੀ। ਗੁਰੂ ਜੀ ਦੇ ਜੀਵਨ ਕਾਲ ਵਿਚ ਤਕਰੀਬਨ 13 ਯੁੱਧ ਹੋਏ, ਚਾਰੋਂ ਸਾਹਿਬਜ਼ਾਦੇ ਸ਼ਹੀਦੀਆਂ ਨੂੰ ਪ੍ਰਾਪਤ ਹੋਏ, ਹਜ਼ਾਰਾਂ ਸਿੰਘਾਂ ਨੇ ਜਾਨਾਂ ਵਾਰੀਆਂ ਪਰ ਕਦੀ ਵੀ, ਕਿਸੇ ਮੁਕਾਮ ਤੇ ਵੀ ਗੁਰੂ ਜੀ ਨੇ ਜਾਂ ਗੁਰੂ ਦੇ ਸਿੱਖਾਂ ਨੇ ਈਨ ਨਹੀਂ ਮੰਨੀ, ਹਥਿਆਰ ਨਹੀਂ ਸੁੱਟੇ। ਘਰ ਘਾਟ ਬਰਬਾਦ ਕਰਵਾ ਲਿਆ ਪਰ ਭਾਰਤ ਦੀ ਸੰਸਕ੍ਰਿਤੀ ਨੂੰ ਬਰਬਾਦ ਹੋਣ ਤੋਂ ਬਚਾ ਲਿਆ। ਸੰਸਾਰ ਦੀਆਂ ਸਭ ਲੜਾਈਆਂ ਜ਼ਰ (ਧਨ ਦੌਲਤ) ਜੋਰੂ (ਇਸਤ੍ਰੀ) ਅਤੇ ਜ਼ਮੀਨ ਲਈ

ਹੁੰਦੀਆਂ ਆਈਆਂ ਹਨ ਪਰ ਗੁਰੂ ਮਹਾਰਾਜ ਦੇ ਯੁੱਧ ਦਾ ਕਾਰਨ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ, ਇਹ ਤਾਂ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਸੀ, ਮਨੁੱਖਤਾ ਨੂੰ ਸ੍ਵੈਮਾਨ ਬਖਸ਼ਿਸ਼ ਕਰਨ ਦੀ ਲੜਾਈ ਸੀ, ਧਰਮ ਦੀ ਅਧਰਮ ਵਿਰੁੱਧ ਜੰਗ ਸੀ। ਦੌਲਤ ਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਲਿਖਦਿਆਂ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਖਾਲਸੇ ਦੀ ਸਿਰਜਨਾ ਨਾ ਕਰਦੇ ਅਤੇ ਮੁਗਲਾਂ ਦੇ ਵਿਰੁੱਧ ਜੰਗ ਨਾ ਛੇੜਦੇ ਤਾਂ ਅੱਜ ਹਿੰਦੁਸਤਾਨ ਦੇ ਸਾਰੇ ਮੰਦਰ ਮਸਜਿਦਾਂ ਵਿਚ ਬਦਲੇ ਹੁੰਦੇ, ਮੰਦਰਾਂ ਵਿਚੋਂ ਮੂਰਤੀਆਂ ਗਾਇਬ ਹੁੰਦੀਆਂ, ਕਿਤੇ ਟੱਲ ਸੁਣਾਈ ਨਾ ਦਿੰਦੇ, ਗਾਇਤ੍ਰੀ ਤੇ ਵੇਦ ਪਾਠ ਮੰਤਰ ਉਚਾਰਨ ਦੁਰਲੱਭ ਹੋ ਜਾਂਦੇ। ਗੁਰੂ ਜੀ ਨੇ ਸਰਬੰਸ ਵਾਰ ਕੇ ਭਾਰਤੀ ਸੰਸਕ੍ਰਿਤੀ ਨੂੰ ਬਚਾਇਆ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ, ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ। ਸਾਰਾ ਪਰਿਵਾਰ ਕੁਰਬਾਨ ਕਰਾ ਦਿੱਤਾ, ਘਰ ਘਾਟ ਤਬਾਹ ਹੋ ਗਏ ਪਰ ਚੜ੍ਹਦੀ ਕਲਾ ਦੇ ਪੁੰਜ ਗੁਰੂ ਜੀ ਨੇ ਹਾਰ ਨਹੀਂ ਮੰਨੀ ਸਗੋਂ ਔਰੰਗਜ਼ੇਬ ਨੂੰ ਫਤਹਿ ਦੀ ਚਿੱਠੀ (ਜਫਰਨਾਮਾ) ਲਿਖੀ। ਇਹ ਹੈ ਮਹਾਨ ਆਦਰਸ਼ ਜਿਸਨੂੰ ਕੌਮ ਨੇ ਅਪਨਾਉਣਾ ਹੈ ਅਤੇ ਜਿਸਨੂੰ ਹਿੰਦੁਸਤਾਨ ਦੇ ਹਰੇਕ ਘਰ ਵਿਚ ਲੈ ਕੇ ਜਾਣਾ ਹੈ ਸਗੋਂ ਦੁਨੀਆਂ ਭਰ ਵਿਚ ਪ੍ਰਗਟ ਕਰਨਾ ਹੈ। ਇਹ ਕੁਰਬਾਨੀਆਂ ਲਾਸਾਨੀ ਹਨ। ਅੱਜ ਦੇ ਯੁੱਗ ਲਈ ਪੱਥ ਪ੍ਰਦਰਸ਼ਕ ਹਨ। ਅੱਜ ਸੰਸਾਰ ਇਕ ਇਕਾਈ ਵਿਚ ਬੱਝ ਰਿਹਾ ਹੈ। ਇਸ ਪ੍ਰਯਤਨ ਵਿਚ ਸਿੱਖ ਕੌਮ ਨੂੰ ਗੁਰੂ ਜੀ ਦੇ ਮਹਾਨ ਆਦਰਸ਼ਾਂ ਨੂੰ ਰੂਪਮਾਨ ਕਰਨਾ ਚਾਹੀਦਾ ਹੈ। 'ਰਾਜ ਕਰੇਗਾ ਖਾਲਸਾ' ਦਾ ਇਹੋ ਅਰਥ ਹੈ ਕਿ ਗੁਰੂ ਜੀ ਦੇ ਮਹਾਨ ਆਦਰਸ਼ਾਂ ਦਾ ਬੋਲ ਬਾਲਾ ਹੋਵੇ। ਇਸੇ ਉਪਲਕਸ਼ ਵਿਚ 'ਆਤਮ ਮਾਰਗ' ਦੇ ਸੰਚਾਲਕ ਸੰਤ ਮਹਾਰਾਜ ਦੇ ਦੋ ਲੇਖ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਨ। 'ਮਾਘੀ' ਦਾ ਮਹੀਨਾ 40 ਮਰਜੀਵੜਿਆਂ ਦੀ ਅਦੁੱਤੀ ਕੁਰਬਾਨੀ ਦਾ ਮਹੀਨਾ ਹੈ ਜਿਸ ਦੀ ਮਹਾਨਤਾ ਮਹਾਂਪੁਰਸ਼ਾਂ ਦੀ ਕਲਮ ਤੋਂ ਦਰਸਾਈ ਗਈ ਹੈ। ਮਹਾਂਪੁਰਸ਼ਾਂ ਦਾ ਇਕ-ਇਕ ਬੋਲ ਕੀਮਤੀ ਹੈ, ਦਿਲਾਂ ਨੂੰ ਟੂੰਬਦਾ ਹੈ ਅਤੇ ਸੰਭਾਲਣ ਦਾ ਯਤਨ ਕੀਤਾ ਜਾ ਰਿਹਾ ਹੈ। ਸਾਨੂੰ ਸਭਨਾਂ ਨੂੰ ਗੁਰੂ ਬਲ ਬਖਸ਼ੇ, ਅਸੀਂ ਵੀ ਉਨ੍ਹਾਂ ਦੇ ਸੰਚਾਲਨ ਕੀਤੇ 'ਆਤਮ ਮਾਰਗ' ਨੂੰ ਹੋਰ ਵਧੇਰੇ ਸੰਗਤਾਂ ਤਕ ਪਹੁੰਚਾਉਣ ਲਈ ਯਤਨਸ਼ੀਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

(ਪੰਨਾ 12 ਦੀ ਬਾਕੀ)

ਨੇ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਨਿਕਲ ਬੈਠੇ ਹੋਣੇ ਨੇ, ਪਰ ਨਜ਼ਰ ਨਹੀਂ ਆ ਰਹੇ। ਉਸ ਵੇਲੇ ਗੁਰੂ ਕਲਗੀਧਰ ਪਾਤਸ਼ਾਹ ਦੇ ਪਾਸ ਆ ਕੇ ਨਮਸ਼ਕਾਰ ਕਰੀ ਤੇ ਦੋਵੇਂ ਹੱਥ ਜੋੜੇ ਤੇ ਇਧਰ-ਉਧਰ ਦੇਖ ਰਹੇ ਨੇ। ਦੇਖਣਾ ਸ਼ੁਰੂ ਕਰ ਦਿਤਾ, ਜਦ ਕੁਝ ਵੀ ਨਜ਼ਰ ਨਾ ਆਇਆ ਤਾਂ ਉਸ ਵੇਲੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ -

***ਧਾਰਨਾ - ਦੱਸੀਂ ਸਾਹਿਬਾ! ਕਿੱਥੇ ਪੁੱਤਰ ਚਾਰੇ ਭੇਜ 'ਤੇ।***

ਪਾਤਸ਼ਾਹ! ਨਾ ਅਜੀਤ ਸਿੰਘ ਨਜ਼ਰ ਆ ਰਿਹਾ ਹੈ, ਨਾ ਜੁਝਾਰ ਸਿੰਘ, ਨਾ ਫਤਹਿ ਸਿੰਘ, ਨਾ ਜ਼ੋਰਾਵਰ ਸਿੰਘ, ਕਿੱਡੇ-ਕਿੱਡੇ ਹੋ ਗਏ, ਬੇ-ਪਛਾਣ ਤਾਂ ਨਹੀਂ ਹੋ ਗਏ। ਤੁਸੀਂ ਕਿਥੇ ਭੇਜੇ ਨੇ, ਕ੍ਰਿਪਾ ਕਰਕੇ ਦੱਸ ਤਾਂ ਦਿਓ।

ਕਹਿਣ ਲੱਗੇ, "ਤੁਸੀਂ ਧੰਨ ਹੋ ਗਏ, ਧੰਨ ਮਾਂ ਹੋ ਗਏ। ਤੁਹਾਡੇ ਬੱਚਿਆਂ ਨੇ ਧਰਮ ਦੀ ਰਾਖੀ ਵਾਸਤੇ ਆਪਣੀ ਅਹੂਤੀ ਦੇ ਦਿਤੀ। **ਆਪਣਾ ਬਲੀਦਾਨ ਦੇ ਦਿਤਾ ਇਸ ਦੇਸ਼ ਨੂੰ ਆਜ਼ਾਦ ਕਰਨ ਵਾਸਤੇ, ਧਰਮ ਦੀ ਰੱਖਿਆ ਵਾਸਤੇ, ਪਾਪ ਦੇ ਨਾਸ਼ ਵਾਸਤੇ।** ਮਾਤਾ ਜੀ ਦੇ ਨੇਤਰਾਂ 'ਚੋਂ ਜਲ ਆਉਣਾ ਸ਼ੁਰੂ ਹੋ ਗਿਆ। ਸਾਰੀ ਸੰਗਤ ਦੇ ਨੇਤਰਾਂ 'ਚ ਜਲ ਆ ਰਿਹਾ ਹੈ। ਮਾਂ ਪੁੱਤਰ ਨੂੰ ਭਾਲਦੀ ਹੋਵੇ ਤੇ ਪੁੱਤਰ ਨਜ਼ਰ ਨਾ ਆਵੇ। ਆਸਾਂ ਤਾਂ ਹੋਰ ਸੀ ਲੇਕਿਨ ਉਸ ਦੇ ਵਿਪਰੀਤ ਜਦੋਂ ਸੁਣਿਆ ਤਾਂ ਮਹਾਰਾਜ ਨੇ ਜੋ ਫੁਰਮਾਨ ਕੀਤਾ ਕਿਸੇ ਕਵੀ ਨੇ ਲਿਖਿਐ -

***ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।***
***ਚਾਰ ਮੁਏ ਤੋ ਕਿਆ ਹੂਆ ਜਉ ਜੀਵਤ ਕਈ ਹਜ਼ਾਰ।***

ਐਸਾ ਗੁਰੂ ਨੇ ਸਾਧਸੰਗਤ ਜੀ! ਦਸ਼ਮੇਸ਼ ਪਾਤਸ਼ਾਹ, ਜਿਹੜੇ ਉਹਦੇ ਬਣ ਕੇ ਟੁੱਟ ਜਾਂਦੇ ਨੇ ਹਜ਼ਾਰ ਫਿਟਕਾਰ ਹੈ ਉਨ੍ਹਾਂ ਨੂੰ। ਐਸਾ ਗੁਰੂ ਜਿਹਨੇ ਕੁਛ ਵੀ ਨਹੀਂ ਰੱਖਿਆ -

***ਧਾਰਨਾ - ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,***
***ਸਿੰਘਾਂ ਤੇਰੀ ਸ਼ਾਨ ਬਦਲੇ।***

ਸੋ ਐਸਾ ਗੁਰੂ ਜਿਹੜਾ ਉਹਦਾ ਹੋ ਕੇ ਉਹਨੂੰ ਛੱਡ ਜਾਂਦਾ ਹੈ। ਅੰਮ੍ਰਿਤ ਦੀ ਘੁੱਟ ਪੀ ਕੇ ਫੇਰ ਜਾ ਕੇ ਸ਼ਰਾਬ ਪੀਂਦਾ ਹੈ। ਝੂਠ ਬੋਲਦਾ ਹੈ, ਚੁਗਲੀਆਂ ਕਰਦਾ ਹੈ, ਨਿੰਦਿਆ ਕਰਦਾ ਹੈ, ਸਿੱਖੀ ਤੋਂ ਗਿਰ ਜਾਂਦਾ ਹੈ ਫੇਰ ਤਾਂ ਉਹਨੂੰ ਜਿੰਨੀ ਧਿਰਕਾਰ ਪਾਓ ਓਨੀ ਥੋੜ੍ਹੀ ਹੈ। ਅੱਜ ਦਾ ਦਿਨ ਹੈ ਸਾਡੇ ਵਾਸਤੇ ਪਵਿੱਤਰ, ਇਸ ਕਰਕੇ ਹੈ ਕਿ ਅੱਜ ਸਿੱਖੀ ਟੁੱਟੀ ਹੋਈ ਘੰਢੀ ਸੀ। ਕਰੋ ਅਰਦਾਸ ਗੁਰੂ ਪਾਸ ਕਿ ਪਾਤਸ਼ਾਹ! ਅਸੀਂ ਕਮਜ਼ੋਰ ਹਾਂ। ਸਾਡੇ ਤੋਂ ਭੁੱਲਾਂ ਹੋ ਗਈਆਂ ਤੇ ਸਾਨੂੰ ਤੁਸੀਂ ਆਪਣੇ ਬਣਾ ਲਓ।

# ਚਉਥੈ ਪਹਰਿ ਸਬਾਹ ਕੈ

### ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

## ਹੁਕਮਨਾਮਾ

*ਸੋਰਠਿ ਮਹਲਾ ੫ ਘਰੁ ੨॥*

*ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥*
*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ॥੧॥*
*ਮਾਧੌ ਤੂ ਠਾਕੁਰੁ ਸਿਰਿ ਮੋਰਾ॥*
*ਈਹਾ ਊਹਾ ਤੁਹਾਰੋ ਧੋਰਾ॥ਰਹਾਉ॥*
*ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥*
*ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥੨॥*
*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥*
*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥੩॥*
*ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥*
*ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥*
*ਅੰਗ - 613*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦੇ ਸਦਕਾ ਕਲਜੁਗ ਦੇ ਅੰਦਰ ਹਰੀ ਦਾ ਜਸ, ਸਤਿਸੰਗ ਦੀ ਪ੍ਰਾਪਤੀ, ਦੋ ਪਰਮ ਮਨੋਰਥ ਹਨ ਜੋ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੇ ਹਨ। ਕੀਰਤਨ ਆਪ ਨੇ ਸਰਵਣ ਕਰਿਆ, ਉਪਰੰਤ ਮਹਾਰਾਜ ਜੀ ਨੇ ਹੁਕਮਨਾਮੇ ਰਾਹੀਂ ਸਾਨੂੰ ਕਈ ਕਿਸਮ ਦੇ ਬਚਨ ਬਖਸ਼ੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ, ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਇਕ ਐਸੇ ਸਾਗਰ ਵਿਚ ਸਾਡਾ ਨਿਵਾਸ ਹੋ ਗਿਆ ਜਿਸ ਨੂੰ ਅਸੀਂ ਪਾਰ ਕਰਨਾ ਹੈ, ਤੈਰ ਕੇ ਦੂਸਰੇ ਕੰਢੇ ਤੇ ਜਾਣਾ ਹੈ। ਉਹ ਐਨਾ ਭਿਆਨਕ ਹੈ ਕਿ ਇਕ ਤਾਂ ਉਸ ਦੀਆਂ ਲਹਿਰਾਂ ਦਾ ਕੋਈ ਥਾਹ ਨਹੀਂ ਹੈ, ਕਹਿ ਨਹੀਂ ਸਕਦੇ ਕਿ ਕਿੰਨੀਆਂ ਉੱਚੀਆਂ ਨੇ। ਸਮੁੰਦਰ ਵਿਚ ਕਈ ਵਾਰ ਤੁਫਾਨ ਉਠਦੇ ਨੇ, ਦੋ ਦੋ ਸੌ ਫੁੱਟ ਉੱਚੀਆਂ ਲਹਿਰਾਂ ਉਠ ਖੜ੍ਹਦੀਆਂ ਨੇ ਤੇ ਚੱਕਰ ਬਣ ਜਾਂਦਾ ਹੈ 30-40 ਮੀਲ ਦਾ, ਕੋਈ ਜਹਾਜ਼, ਕੋਈ ਚੀਜ਼ ਉਸ ਦੇ ਵਿਚ ਬਚਦੀ ਨਹੀਂ ਸਭ ਡੁੱਬ ਜਾਂਦੀਆਂ ਹਨ। ਲੇਕਿਨ ਉਹ ਲਹਿਰ ਬਹੁਤੀ ਉਚੀ ਨਹੀਂ, 200 ਫੁੱਟ ਉੱਚੀ ਹੁੰਦੀ ਹੈ, ਧਰਤੀ ਦੇ ਉਤੇ ਮੀਲਾਂ ਤੱਕ ਪਾਣੀ ਚੜ੍ਹ ਜਾਂਦਾ ਹੈ, ਮਕਾਨ ਢਹਿ ਜਾਂਦੇ ਨੇ, ਵੱਡੀਆਂ ਵੱਡੀਆਂ ਇਮਾਰਤਾਂ ਗਿਰ ਜਾਂਦੀਆਂ ਨੇ, ਹਜ਼ਾਰਾਂ ਲੱਖਾਂ ਆਦਮੀ ਰੁੜ੍ਹ ਜਾਂਦੇ ਨੇ, ਉਹ ਕਿੱਡੀ ਕੁ ਹੈ ਲਹਿਰ 200-250 ਫੁੱਟ ਉੱਚੀ ਹੁੰਦੀ ਹੈ। ਉਹ ਵੀ ਕਦੇ 2 ਜਾਂ 1 ਇਥੇ ਮਹਾਰਾਜ ਜੀ ਨੇ ਜੋ ਬਚਨ ਕੀਤਾ ਹੈ ਇਹ ਕੋਈ ਅਲੰਕਾਰਕ ਬਾਤ ਨਹੀਂ ਹੈ, ਗਿਣਤੀ ਮਿਣਤੀ ਦੇ ਹਿਸਾਬ ਨਾਲ ਮਹਾਰਾਜ ਜੀ ਨੇ ਅਥਾਹ ਕਹਿ ਦਿੱਤਾ, ਥਾਹ ਤੋਂ ਰਹਿਤ ਚੀਜ਼ ਹੈ, ਪਾਰ ਨਹੀਂ ਅਸੀਂ ਲੰਘ ਸਕਦੇ, ਫੇਰ ਪਾਣੀ ਜਿਹੜਾ ਉਹ ਅੱਗ ਦਾ ਹੈ, ਜਲ ਰਿਹਾ ਹੈ, ਖਤਮ ਕਰ ਰਿਹਾ ਹੈ।

ਸੋ ਇਸ ਦੇ ਹੇਠਾਂ ਇਕ ਬਹੁਤ ਵੱਡਾ ਖਿਆਲ ਹੈ, ਤੱਤ ਗਿਆਨ ਹੈ। ਜੇ ਅਸੀਂ ਇਸ ਨੂੰ ਵਿਚਾਰ ਲਈਏ ਤਾਂ ਸਾਨੂੰ ਸਮਝ ਵਿਚ ਪੈ ਜਾਂਦੀ ਹੈ। ਅਰਬਾਂ ਖਰਬਾਂ ਸਾਲ ਕੋਈ ਕਹਿ ਨਹੀਂ ਸਕਦਾ ਕਿ ਕਿੰਨੀ ਦੇਰ ਹੋ ਗਈ ਇਸ ਸੰਸਾਰ ਨੂੰ ਬਣੇ ਨੂੰ। ਸਾਡਾ ਜੋ ਜੀਵ ਆਤਮਾ ਹੈ ਇਹ ਚੱਕਰ ਖਾਂਦਾ ਫਿਰਦਾ ਹੈ। ਇਹੀ ਨਹੀਂ ਕਿ ਅਸੀਂ ਹਰ ਵਾਰ ਮਨੁੱਖ ਹੀ ਬਣਦੇ ਹਾਂ ਜਾਂ ਬਣੇ ਰਹਾਂਗੇ, ਨਹੀਂ! ਐਸਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਐਸੇ ਬਚਨ ਆਉਂਦੇ ਨੇ ਜੋ ਸਿਧ ਕਰਦੇ ਨੇ ਕਿ ਮਨੁੱਖ ਤਾਂ ਤੂੰ ਬਣ ਗਿਆ। ਜੇ ਤੂੰ ਗਲਤ ਕੰਮ ਕਰ ਲਏ ਤਾਂ ਇਹ ਛੋਟ ਜੋ ਤੈਨੂੰ ਮਿਲੀ ਹੈ 84 ਲੱਖ ਜੂਨਾਂ ਦੇ ਵਿਚੋਂ ਤਾਂ ਇਹ ਤੇਰੇ ਹੱਥ ਵਿਚੋਂ ਨਿਕਲ ਜਾਏਗੀ, 3-4 ਥਾਵਾਂ ਤੇ ਸਪਸ਼ਟ ਸੰਕੇਤ ਕੀਤੇ ਨੇ ਮਹਾਰਾਜ ਜੀ ਨੇ, ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਈਆਂ ਨੇ। ਮਹਾਰਾਜ ਕਹਿੰਦੇ ਜੇ ਤੂੰ ਮਨੁੱਖ ਜਨਮ ਪਾ ਕੇ ਪ੍ਰਮੇਸ਼ਰ ਨੂੰ ਭੁੱਲ ਗਿਆ ਤੇ ਤੇਰਾ ਚਿੱਤ ਜਾਇਦਾਦ ਵਿਚ ਲੱਗ ਗਿਆ, ਮਕਾਨਾਂ, ਕੋਠੀਆਂ ਵਿਚ ਲੱਗ ਗਿਆ ਫੇਰ ਤੈਨੂੰ ਇਹ ਮਨੁੱਖ ਜਨਮ ਨਹੀਂ ਮਿਲਣਾ ਸਗੋਂ ਤੈਨੂੰ ਪ੍ਰੇਤ ਦੀ ਜੂਨੀ ਮਿਲੇਗੀ। ਜੇ ਚਿੱਤ ਪੈਸੇ ਵਿਚ ਲੱਗ ਗਿਆ ਫੇਰ ਤੂੰ ਸੱਪ ਦੀ ਜੂਨੀ ਵਿਚ ਜਾਏਂਗਾ। ਇਸੇ ਤਰ੍ਹਾਂ ਕੁਝ ਕਰਮ ਨੇ ਜਿਨ੍ਹਾਂ ਬਾਰੇ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ ਕਿ -

*ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥*
*ਅੰਗ - 279*

ਆਹ ਕੁਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ ਕਹਿੰਦੇ ਉਹ ਜੂਨ ਮਿਲ ਜਾਏਗੀ ਤੈਨੂੰ।

*ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਅੰਗ - 278*

ਜਿਸ ਬੰਦੇ ਦੇ ਅੰਦਰ ਰਾਜਸੀ ਸ਼ਕਤੀ ਦਾ ਅਭਿਮਾਨ

ਹੋ ਜਾਵੇ, ਚਾਹੇ ਉਹ ਅਭਿਮਾਨ ਨਿੱਕਾ ਜਿਹਾ ਹੀ ਹੈ ਚਾਹੇ ਉਹ ਵੱਡੇ ਤੋਂ ਵੱਡਾ ਹੈ। ਮਹਾਰਾਜ ਕਹਿੰਦੇ ਅਖੀਰ ਉਸ ਨੇ ਨਰਕਾਂ ਵਿਚ ਜਾਣਾ ਹੈ –

***ਸੋ ਨਰਕਪਾਤੀ.........॥*** *ਅੰਗ - 278*

ਜਦੋਂ ਨਰਕ ਪੂਰਾ ਹੋ ਜਾਏਗਾ ਉਸ ਤੋਂ ਬਾਅਦ ਉਹ ਕੁੱਤੇ ਦੀ ਜੂਨ ਵਿਚ ਪਏਗਾ।

***........ ਹੋਵਤ ਸੁਆਨੁ॥*** *ਅੰਗ - 278*

ਇਸ ਤਰ੍ਹਾਂ ਦੇ ਬਹੁਤ ਸਾਰੇ ਸੰਕੇਤ ਆਉਂਦੇ ਨੇ। ਸਫਰ ਸਾਡਾ ਚਲਦਾ ਹੈ ਕਦੇ ਉਪਰ ਚੜ੍ਹਦੇ ਹਾਂ, ਕਦੇ ਥੱਲੇ ਡਿੱਗ ਪੈਂਦੇ ਹਾਂ।

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥***
*ਅੰਗ - 876*

ਇਸ ਦੇ ਵਿਚ ਮਹਾਰਾਜ ਜੀ ਕਹਿੰਦੇ ਹੇ ਪ੍ਰਭੂ! ਤੂੰ ਕਿਰਪਾ ਕਰ। ਤੂੰ ਇਕ ਵੱਡੀ ਕਿਰਪਾ ਕੀਤੀ ਜਿਸ ਨੂੰ ਅਸੀਂ ਭੁੱਲੀ ਬੈਠੇ ਹਾਂ, ਕੋਈ ਵਿਰਲਾ ਹੈ ਜਿਸ ਦੇ ਯਾਦ ਹੈ ਬਾਕੀ ਸਭ ਭੁੱਲ ਗਏ। ਇਥੋਂ ਤੱਕ ਭੁੱਲ ਗਏ ਕਿ ਗੱਲ ਤੇ ਵਿਸ਼ਵਾਸ ਕਰਨਾ ਵੀ ਗਲਤ ਸਮਝਦੇ ਹਨ। ਕਹਿੰਦੇ ਇਹ ਕੋਈ ਅਲੰਕਾਰਕ ਗੱਲ ਗੁਰੂ ਮਹਾਰਾਜ ਨੇ ਕਹੀ ਹੈ, ਵਿਸ਼ਵਾਸ ਵਾਲੀ ਬਾਤ ਨਹੀਂ ਹੈ, ਕੋਈ ਪ੍ਰਤੱਖ ਬਾਤ ਨਹੀਂ ਹੈ, ਉਨ੍ਹਾਂ ਕੋਲ ਬੜੇ ਦਲੀਲ, ਤਰਕਾਂ ਨੇ ਇਨ੍ਹਾਂ ਦੇ।

ਮਹਾਰਾਜ ਜੀ ਕਹਿੰਦੇ ਜਦੋਂ ਮਾਤਾ ਦੇ ਗਰਭ ਵਿਚ ਇਹ ਜੀਵ ਸੀ ਉਸ ਵੇਲੇ ਇਸ ਦੀ ਸਥਿਤੀ ਬੜੀ ਉਲਟੀ ਸੀ। ਪੈਰ ਉਪਰ ਸੀ ਤੇ ਸਿਰ ਥੱਲੇ ਸੀ, ਪੁੱਠਾ ਲਟਕਦਾ ਸੀ, ਬਹੁਤ ਦੁਖੀ ਸੀ। ਨਾ ਉਥੇ ਕੋਈ ਹਵਾ ਜਾਂਦੀ ਸੀ, ਨਾ ਉਥੇ ਠੰਢ ਪਹੁੰਚਦੀ ਸੀ। ਅੱਗ ਸੀ ਇਕ ਕਿਸਮ ਦੀ, ਬਹੁਤ ਗਰਮੀ ਸੀ। ਉਥੇ ਇਸ ਦੇ ਬੱਚਣ ਦਾ ਕੋਈ ਵਸੀਲਾ ਨਹੀਂ ਸੀ ਲੇਕਿਨ ਪ੍ਰਭੂ ਨੇ ਏਸ ਜੀਵ ਦੇ ਉਤੇ ਕਿਰਪਾ ਕਰਕੇ ਆਪਣੇ ਨਾਮ ਦੀ ਧੁਨ ਸੁਣਨ ਲਾ ਦਿੱਤੀ, ਯਾਦ ਬਖਸ਼ ਦਿੱਤੀ ਤੇ ਉਸ ਯਾਦ ਦੇ ਵਿਚ, ਨਾਮ ਦੇ ਵਿਚ ਐਨੀ ਸ਼ਕਤੀ ਸੀ ਕਿ ਇਸ ਨੂੰ ਕੋਈ ਗਰਮੀ ਨਹੀਂ ਪੋਹ ਸਕੀ, ਕੋਈ ਤਕਲੀਫ ਨਹੀਂ, ਇਕ ਸਮਾਧੀ ਦੇ ਵਿਚ ਇਸ ਦੀ ਅਵਸਥਾ ਆ ਗਈ। ਉਸ ਸਮਾਧ ਅਵਸਥਾ ਵਿਚ ਬਹੁਤ ਸਾਰੀਆਂ ਚੀਜ਼ਾਂ ਦੇਖਦਾ ਹੈ, 101 ਜਨਮ ਮਹਾਂਪੁਰਸ਼ ਦਸਦੇ ਨੇ ਕਿ ਉਸ ਨੂੰ ਗਿਆਨ ਹੋਇਆ ਕਰਦਾ ਹੈ ਉਸ ਵੇਲੇ, ਜਾਣਦਾ ਹੁੰਦੀ ਹੈ ਕਿ ਮੈਂ ਆਹ ਗਲਤੀ ਕਰੀ, ਇਥੋਂ ਖੁੰਝਿਆਂ ਇਥੋਂ ਖੁੰਝਿਆ। ਉਸ ਵੇਲੇ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਜੇ ਤੂੰ ਮੈਨੂੰ ਹੁਣ ਇਥੋਂ ਇਸ ਅੰਧ ਕੂਪ ਦੇ ਵਿਚੋਂ ਕੱਢ ਲਵੇਂ ਤਾਂ ਜਿਹੜਾ ਆਹ ਨਾਮ ਤੂੰ ਮੈਨੂੰ ਦੱਸਿਆ, ਜਿਹੜਾ ਸਿਮਰਨ ਤੁਸੀਂ ਮੈਨੂੰ ਦਿੱਤਾ ਹੈ, ਸ਼ਬਦ ਦੀ ਧੁਨੀ ਮੇਰੇ ਅੰਦਰ ਚਾਲੂ ਕਰੀ ਹੈ ਇਸ ਨੂੰ ਮੈਂ ਕਦੇ ਨਹੀਂ ਭੁਲਾਂਗਾ, ਇਸ ਨੂੰ ਮੈਂ ਸਦਾ ਹੀ ਯਾਦ ਰੱਖਾਂਗਾ। ਉਥੇ ਕੋਈ ਕੌਤਕ ਵਰਤਦਾ ਹੈ ਤੇ ਆਵਾਜ਼ ਆਉਂਦੀ ਹੈ ਕਿ ਹੇ ਜੀਵ! ਤੂੰ ਇਕ ਵਾਰ ਤਾਂ ਨਹੀਂ ਕ੍ਰੋੜਾਂ ਵਾਰੀ ਮਨੁੱਖ ਬਣਿਆ ਹੈ ਹੁਣ ਤੋਂ ਪਹਿਲਾਂ। ਬਾਕੀ ਜੂਨਾਂ ਤੂੰ ਛੱਡ ਇਹ ਤਾਂ ਬੇਹਿਸਾਬਾ ਕੰਮ ਹੈ ਪਰ ਹਰ ਵਾਰੀ ਜਦੋਂ ਤੂੰ ਇਸ ਸੰਕਟ ਵਿਚੋਂ ਨਿਕਲ ਜਾਂਦਾ ਹੈ ਤਾਂ ਤੂੰ ਐਨਾ ਵਾਇਦਾਫਰਾਮੋਸ਼ ਹੈਂ ਕਿ ਸੰਸਾਰ ਵਿਚ ਜਾਂਦਾ ਹੀ ਭੁੱਲ ਜਾਂਦਾ ਹੈ ਤੇ ਹਰ ਵਾਰੀ ਤੇਰਾ ਜੀਵਨ ਬਰਬਾਦ ਹੋ ਜਾਂਦਾ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥*** *ਅੰਗ - 267*

ਇਨ੍ਹਾਂ ਜਜ਼ਬਿਆਂ ਦੇ ਅੰਦਰ, ਦ੍ਵੈਤ ਦੇ ਅੰਦਰ, ਹਉਮੈ ਦੇ ਅੰਦਰ ਤੇਰਾ ਜੀਵਨ ਬਰਬਾਦ ਹੋ ਜਾਂਦਾ ਹੈ ਤੇ ਨਾਮ ਨੂੰ ਯਾਦ ਰੱਖਣਾ ਤਾਂ ਇਕ ਪਾਸੇ ਰਿਹਾ ਤੂੰ ਸਤਿਸੰਗ ਵਿਚ ਵੀ ਨਹੀਂ ਆਏਗਾ ਤੇ ਗੱਲ ਵੀ ਨਹੀਂ ਸੁਣੇਗਾ, ਨਿੰਦਿਆ ਕਰੇਂਗਾ, ਵੈਰ ਵਿਰੋਧ ਕਰੇਗਾ ਹਾਲਾਕਿ ਮੈਂ ਆਪਣੇ ਪਿਆਰਿਆਂ ਨੂੰ ਭੇਜਿਆ ਹੋਇਆ ਹੈ ਕਿ ਇਨ੍ਹਾਂ ਨੂੰ ਜਾ ਕੇ ਦੱਸੋ, ਇਹ ਭੁੱਲ ਜਾਂਦੇ ਨੇ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
*ਅੰਗ - 749*

ਪਰ ਤੂੰ ਉਨ੍ਹਾਂ ਦੀ ਵੀ ਬਾਤ ਨਹੀਂ ਸੁਣੇਗਾ, ਮੁਕਤ ਆਤਮਾਵਾਂ, ਮੈਂ ਆਪਣਾ ਰੂਪ, ਆਪਣੀ ਬਾਣੀ, ਆਪਣੀ ਬੋਲੀ ਮਹਾਂਪੁਰਸ਼ਾਂ ਦੇ ਰਾਹੀਂ ਉਤਾਰ ਕੇ ਤੇਰੀ ਰਹਿਨੁਮਾਈ ਵਾਸਤੇ ਭੇਜਾਂਗਾ ਪਰ ਤੂੰ ਉਸ ਦੇ ਉਤੇ ਵੀ ਵਿਸ਼ਵਾਸ ਨਹੀਂ ਕਰੇਂਗਾ। ਚੰਗਾ! ਜੇ ਤੂੰ ਇਹ ਗੱਲ ਕਹਿੰਦਾ ਹੈਂ ਤਾਂ ਮੈਨੂੰ ਤੂੰ ਜ਼ਮਾਨਤ ਦੇਹ। ਆਕਾਸ਼ ਤੋਂ ਪੁਛਿਆ, ਜਵਾਬ ਮਿਲ ਗਿਆ, ਅੱਗ ਤੋਂ ਪੁਛਿਆ ਜਵਾਬ ਮਿਲ ਗਿਆ, ਮਿੱਟੀ ਤੋਂ ਪੁਛਿਆ ਜਵਾਬ, ਹਵਾ ਤੋਂ ਪੁਛਿਆ ਜਵਾਬ ਮਿਲ ਗਿਆ। ਸਭ ਕਹਿੰਦੇ ਹੇ ਪ੍ਰਭੂ! ਇਹ ਤਾਂ ਬੇ-ਵਿਸ਼ਵਾਸਾ ਜੀਵ ਹੈ, ਇਸ ਦੇ ਉਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਕੇਵਲ ਪਾਣੀ ਰਹਿ ਗਿਆ। ਉਸ ਦੇ ਕੋਲ ਪ੍ਰਾਰਥਨਾ ਕਰੀ। ਕਹਿਣ ਲੱਗਿਆ ਕਿ ਪਿਆਰਿਆ! ਮੈਂ ਤੇਰੀ ਜਮਾਨਤ ਦਿੰਦਾ ਹਾਂ ਤੇ ਮੈਂ ਹਰ ਵਾਰੀ ਝੂਠਾ ਪੈਂਦਾ ਹਾਂ। ਮੈਂ ਸ਼ਰਤੀਆ ਜ਼ਮਾਨਤ ਦੇਵਾਂਗਾ। ਪੁਛਿਆ ਕਿ ਕਿਵੇਂ ਜ਼ਮਾਨਤ ਦਿੰਦਾ ਹੈਂ?

ਜਲ ਦਾ ਦੇਵਤਾ ਕਹਿਣ ਲੱਗਿਆ, "ਹੇ ਪ੍ਰਭੂ! ਇਤਬਾਰ ਤਾਂ ਮੈਨੂੰ ਵੀ ਨਹੀਂ ਇਸ ਦੇ ਉਤੇ ਪਰ ਮੈਂ ਇੰਨਾ ਕੁ ਕਰ ਦਿੰਦਾ ਹਾਂ ਕਿ ਜਦੋਂ ਇਹ ਇਸ਼ਨਾਨ ਕਰਨ ਵੇਲੇ ਇਕ ਮੱਗ ਪਾਣੀ ਦਾ ਆਪਣੇ ਸਰੀਰ ਤੇ ਪਾਏਗਾ ਉਸ

ਵੇਲੇ ਮੈਂ ਇਸ ਦੇ ਮੁਖ ਤੋਂ ਵਾਹਿਗੁਰੂ, ਅੱਲ੍ਹਾ, ਰਾਮ ਕਢਾ ਦਿਆਂਗਾ, ਉਸ ਤੋਂ ਬਾਅਦ ਇਹ ਜਾਣੇ ਇਸ ਦਾ ਕੰਮ।

ਉਸ ਵੇਲੇ ਇਸ ਨੂੰ ਗਿਆਨ ਸੀ, ਬਾਰ ਬਾਰ ਵਾਇਦੇ ਕਰਦਾ ਸੀ। ਉਸ ਨਾਮ ਦੇ ਆਸਰੇ ਹੀ ਬਚਿਆ। ਮਹਾਰਾਜ ਕਹਿੰਦੇ ਹੋਇਆ ਕੀ? ਜਿਸ ਵਕਤ ਬਾਹਰਲੀ ਹਵਾ ਲੱਗੀ, ਪਹਿਲੀ ਹੀ ਹਵਾ, ਉਸ ਨੇ ਸਭ ਤੋਂ ਪਹਿਲਾਂ ਕੰਮ ਇਹ ਕਰਿਆ ਕਿ ਜਿਹੜੀ ਨਾਮ ਧੁਨ ਦੇ ਨਾਲ ਇਸ ਦੀ ਲਿਵ ਲੱਗੀ ਹੋਈ ਸੀ, ਲਗਾਤਾਰ ਅਖੰਡ ਨਾਮ ਸਰਵਣ ਕਰਦਾ ਸੀ, ਨਾਮ ਅੱਖਰ ਨਹੀਂ, ਨਾਮ ਹੋਰ ਚੀਜ਼ ਹੈ, ਉਹ ਜਿਹੜੀ ਨਾਮ ਦੀ ਲਿਵ ਲੱਗੀ ਹੋਈ ਸੀ ਉਹ ਟੁੱਟ ਗਈ, ਉਸ ਦੇ ਨਾਲ ਹੀ ਇਸ ਦੇ ਉਤੇ ਮਾਇਆ ਦਾ ਅਸਰ ਹੋ ਗਿਆ। ਸਭ ਤੋਂ ਪਹਿਲਾਂ ਤ੍ਰਿਸ਼ਨਾ ਲੱਗੀ ਏਸ ਨੂੰ ਖਾਣ ਦੀ, ਪੀਣ ਦੀ, ਦੇਖਣ ਦੀ।

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਅੰਗ - 921*

ਹੇ ਪ੍ਰਭੂ! ਜਿਹੜੀ ਤੇਰੀ ਮਾਇਆ ਹੈ ਉਸ ਨੇ ਜੀਵ ਉਤੇ ਅਸਰ ਕਰ ਦਿੱਤਾ। ਅਸਰ ਹੋਣ ਕਰਕੇ ਤੈਨੂੰ ਯਾਦ ਕਰਨ ਦੀ ਥਾਂ –

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥* *ਅੰਗ - 137*

10 ਹਿੱਸਿਆਂ ਦੇ ਅੰਦਰ ਇਸ ਦਾ ਜੀਵਨ ਵੰਡਿਆ ਗਿਆ। ਜਿਹੜੀਆਂ ਇਸ ਨੇ ਉਦੋਂ ਮਿੰਨਤਾਂ ਕੀਤੀਆਂ ਉਹ ਇਸ ਦੇ ਯਾਦ ਤੱਕ ਨਹੀਂ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਉਸ ਪ੍ਰਮੇਸ਼ਰ ਨੂੰ ਯਾਦ ਰਖੋ ਤੇ ਆਪ ਉਸ ਦੇ ਕੋਲ ਬੇਨਤੀ ਕਰਦੇ ਨੇ ਕਿ ਹੇ ਪ੍ਰਭੂ! ਮੈਂ ਤੇਰੀ ਮਾਇਆ ਵਿਚ ਫਸ ਗਿਆ। ਸਾਨੂੰ ਕਹਿੰਦੇ ਨੇ ਕਿ ਤੁਸੀਂ ਸਮਝਣ ਦਾ ਯਤਨ ਕਰੋ। ਤੂੰ ਉਥੇ ਮੇਰੀ ਰੱਖਿਆ ਕਰੀ ਸੀ ਜਿਥੇ ਕੋਈ ਰੱਖਿਆ ਕਰਨ ਵਾਲਾ ਹੀ ਨਹੀਂ ਸੀ। ਉਥੇ ਤੂੰ ਰੱਖਿਆ ਕਿਵੇਂ ਕਰੀ ਕਿ ਤੂੰ ਆਪਣੀ ਯਾਦ ਬਖਸ਼ੀ, ਆਪਣੀ ਨਾਮ ਧੁਨੀ ਦੇ ਨਾਲ ਮੇਰਾ ਮਨ ਜੋੜਿਆ ਤੇ ਮੈਂ ਇਕ ਸਮਾਧੀ ਵਿਚ ਅਨੰਦ ਅਨੁਭਵ ਕਰਦਾ ਰਿਹਾ ਤੇ ਇਸ ਸੰਸਾਰ ਦੇ ਵਿਚ ਐਸੀ ਅਥਾਹ ਲਹਿਰ ਮਾਇਆ ਦੀ ਹੈ ਜਿਸ ਨੂੰ ਤਰਿਆ ਹੀ ਨਹੀਂ ਜਾ ਸਕਦਾ ਤੇ ਫੇਰ ਜਿਹੜਾ ਸਮੁੰਦਰ ਹੈ ਉਹ ਪਾਣੀ ਨਹੀਂ ਹੈ ਸ਼ੀਤਲ, ਉਹ ਅੱਗ ਦਾ ਸਮੁੰਦਰ ਹੈ –

*ਪਾਵਕ ਸਾਗਰ ਅਥਾਹ ਲਹਰਿ ਮਹਿ..........॥*
*ਅੰਗ - 613*

ਮੰਤਵ ਕੀ ਹੈ ਇਸ ਜੀਵ ਦਾ, ਦੂਸਰੀ ਥਾਂ ਫੁਰਮਾਨ ਕਰਦੇ ਨੇ ਮਹਾਰਾਜ ਕਿ ਪਿਆਰਿਓ! ਤੁਹਾਨੂੰ ਕਰੋੜਾਂ ਹੀ ਜਨਮ ਬੀਤ ਗਏ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

ਬਹੁਤ ਜੁੱਗ ਬੀਤੇ ਨੇ ਇਕ ਨਹੀਂ। ਚਾਰ ਜੁੱਗ ਜੇ ਬੀਤੇ ਹੋਣ ਤਾਂ 43,20,000 ਸਾਲ ਬੀਤਦੇ ਨੇ, ਦੱਸ ਜੁੱਗ ਬੀਤੇ ਹੋਣ ਤਾਂ ਚਾਰ ਕਰੋੜ ਬੱਤੀ ਲੱਖ ਸਾਲ ਬੀਤਦੇ ਹਨ। ਮਹਾਰਾਜ ਕਹਿੰਦੇ ਇੰਨੇ ਕੁ ਹੁੰਦੇ ਤਾਂ ਅਸੀਂ ਕਹਿੰਦੇ, ਬਹੁਤੇ ਬੇਅੰਤ ਗਿਣੇ ਨਹੀਂ ਜਾ ਸਕਦੇ ਐਨੇ ਜੁੱਗਾਂ ਤੋਂ ਤੂੰ ਘੁਮੇਟਣੀਆਂ ਲੈਂਦਾ ਫਿਰਦਾ ਹੈਂ। ਤੈਨੂੰ ਮਾਨਸ ਦੇਹ ਪ੍ਰਾਪਤ ਹੋ ਗਈ –

*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

ਹੁਣ ਤੇਰੀ ਵਾਰੀ ਆ ਗਈ ਮਿਲਣ ਦੀ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ - 12*

ਵਾਰੀ ਆਈ ਹੈ ਤੇ ਜਿਹੜੇ ਕੰਮਾਂ ਵਿਚ ਤੂੰ ਫਸ ਗਿਆ, ਪਰਚ ਗਿਆ ਇਹ ਸਭ ਫਜ਼ੂਲ ਨੇ, ਕਿਸੇ ਵੀ ਕੰਮ ਨਹੀਂ ਹਨ –

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 378*

ਸੰਤਾਂ ਦੀ ਸੰਗਤ ਵਿਚ ਰਲ ਕਿਉਂਕਿ ਉਥੇ ਕੇਵਲ ਨਾਮ ਹੁੰਦਾ ਹੈ –

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਅੰਗ - 72*

ਉਨ੍ਹਾਂ ਦੀ ਸੰਗਤ ਵਿਚ ਰਲ ਕੇ ਤੂੰ ਨਾਮ ਜਪ ਤੇ ਓਸ ਮੰਤਵ ਨੂੰ ਹਾਸਲ ਕਰ ਜਿਸ ਨੂੰ ਕਰਨ ਵਾਸਤੇ ਤੂੰ ਆਇਆ ਹੈਂ, ਉਹ ਹੈ ਪ੍ਰਮੇਸ਼ਰ ਦੀ ਪ੍ਰਾਪਤੀ। ਜਿੰਨਾ ਚਿਰ ਸਾਨੂੰ ਇਹੀ ਨਹੀਂ ਪਤਾ ਕਿ ਰੱਬ ਰਹਿੰਦਾ ਕਿਥੇ ਹੈ? ਉਸ ਨਾਲ ਸਾਡਾ ਰਿਸ਼ਤਾ ਕੀ ਹੈ, ਪ੍ਰਮੇਸ਼ਰ ਨਾਲ? ਤਰੀਕਾ ਕੀ ਹੈ? ਕਿਵੇਂ ਅਸੀਂ ਮਿਲ ਸਕਦੇ ਹਾਂ? ਇਹ ਸਾਰੀ ਗੱਲ ਸੁਣੇ ਤੇ ਤਾਂ ਗੱਲ ਨਹੀਂ ਬਣਦੀ ਜਦੋਂ ਤੱਕ ਦਿਮਾਗ ਵਿਚ ਨਹੀਂ ਆਉਂਦੀ। ਮਹਾਰਾਜ ਕਹਿੰਦੇ ਘਬਰਾ ਨਾ ਪਿਆਰਿਆ! ਉਹ ਕਿਸੇ ਸੱਤਵੇਂ ਅਸਮਾਨ ਤੇ ਨਹੀਂ ਬੈਠਾ, ਕਿਤੇ ਦੂਰ ਨਹੀਂ

ਬੈਠਾ, ਅਪਹੁੰਚ ਨਹੀਂ ਹੈ, ਉਹ ਤਾਂ ਤੇਰੇ ਨਾਲ ਰਹਿੰਦਾ ਹੈ ਹਰ ਵਕਤ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥* *ਅੰਗ - 1033*

ਨਿਸ਼ਾਨੀ ਵੀ ਦੱਸ ਦਿੱਤੀ ਮਹਾਰਾਜ ਜੀ ਨੇ ਕਿ ਆਹ ਜਿਹੜੀ ਕਾਇਆ ਦੇਹੀ ਹੈ ਤੇਰੀ –

*ਪੁਤਰੀ ਤੇਰੀ ਬਿਧਿ ਕਰਿ ਥਾਟੀ॥* *ਅੰਗ - 374*

ਬਹੁਤ ਹੀ ਤਰੀਕੇ ਨਾਲ ਰਚੀ ਹੋਈ ਹੈ। ਜਦੋਂ ਇਸ ਦੀ ਰਚਨਾ ਦੇ ਬਾਰੇ ਅਸੀਂ ਖਿਆਲ ਕਰਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ ਕਿ ਵਾਹਿਗੁਰੂ ਕਿੱਡਾ ਸਮਰੱਥ ਹੈ, ਕਿਸ ਤਰ੍ਹਾਂ ਐਸਾ ਸਰੀਰ ਬਣਾ ਦਿੱਤਾ। ਅੱਜ ਕੱਲ੍ਹ ਸਾਇੰਸ ਦਾ ਜੋ ਅਨੁਮਾਨ ਹੈ ਉਹ ਕਹਿੰਦੇ ਨੇ ਚੌਦਾ ਖਰਬ ਇਸ ਦੇ ਵਿਚ ਸੈਲ ਲੱਗੇ ਹੋਏ ਨੇ। ਪਹਿਲਾਂ ਤਾਂ 14 ਖਰਬ ਗਿਣਿਆ ਹੀ ਨਹੀਂ ਜਾਂਦਾ। ਸੈਲ ਲਾਏ ਕਿਸ ਤਰ੍ਹਾਂ, ਲੱਗੇ ਸਾਰੇ ਮਾਤਾ ਦੇ ਪੇਟ ਵਿਚ, 72 ਕਰੋੜ, 72 ਲੱਖ, 72 ਹਜਾਰ, 200 ਇਸ ਦੇ ਵਿਚ ਖੂਨ ਦੀਆਂ ਨਾੜੀਆਂ ਹਨ। ਕਿਤੇ ਵੀ ਨਹੁੰ ਮਾਰੋ ਉਥੇ ਹੀ ਖੂਨ ਨਿਕਲ ਆਉਂਦਾ ਹੈ। ਪੰਜ ਇਸ ਦੇ ਵਿਚ ਜੀਵਨ ਲਈ ਅਤਿ ਜ਼ਰੂਰ ਤਾਕਤਾਂ ਨੇ ਪ੍ਰਾਣ, ਉਪਾਨ, ਬਿਆਨ, ਸਮਾਨ, ਉਦਾਨ ਜੋ ਸਰੀਰ ਦੇ ਵਿਚ ਵਖੋ ਵਖਰੇ ਕੰਮ ਕਰਦੀਆਂ ਨੇ। ਕੋਈ ਸਾਹ ਨੂੰ ਅੰਦਰ ਤੇ ਬਾਹਰ ਕਰ ਰਹੀ ਹੈ, ਕੋਈ ਦਿਲ ਨੂੰ ਚਲਾ ਰਹੀ ਹੈ, ਕੋਈ ਮਿਹਦੇ ਨੂੰ ਚਲਾ ਰਹੀ ਹੈ, ਕੋਈ ਇਸ ਸਰੀਰ ਦੀ ਜਹਿਰ ਨੂੰ ਸਾਢੇ 3 ਕਰੋੜ ਰੋਮਾਂ ਰਾਹੀਂ ਹਰ ਵਕਤ ਬਾਹਰ ਕੱਢ ਰਹੀ ਹੈ, ਤੇ ਲਗਾਤਾਰ ਉਹ ਮਸ਼ੀਨਰੀ ਕੰਮ ਕਰ ਰਹੀ ਹੈ। ਇਕ ਇਸ ਦੇ ਅੰਦਰ ਤਾਪਮਾਨ ਨਿਯੰਤ੍ਰਿਤ ਕਰ ਰਹੀ ਹੈ, ਸਾਢੇ ਅਠਾਨਵੇਂ ਤੋਂ ਘੱਟ ਜਾਵੇ ਤਾਂ ਵੀ ਬਿਮਾਰ, ਵੱਧ ਜਾਵੇ ਤਾਂ ਵੀ ਬਿਮਾਰ। ਐਸੀ ਮਸ਼ੀਨ ਲਾਈ ਹੋਈ ਹੈ ਕਿ ਕਦੀ ਉਹ ਫੇਲ੍ਹ ਨਹੀਂ ਹੁੰਦੀ ਜਦੋਂ ਤੱਕ ਆਦਮੀ ਖੁਦ ਨਾ ਉਸ ਨੂੰ ਵਿਗਾੜੇ। ਫੇਰ ਇਸ ਦੇ ਅੰਦਰ ਮਨ ਹੈ ਜੋ ਫੁਰਨੇ ਕਰਦਾ ਹੈ, ਫੇਰ ਬੁੱਧੀ ਦਿੱਤੀ ਹੈ, ਮਹਿਸੂਸ ਕਰਨ ਵਾਲਾ ਚਿਤ ਦਿੱਤਾ ਹੈ ਤੇ ਫੇਰ ਇਸ ਦੇ ਵਿਚ ਇਕ ਮੈਂ ਭਾਵ ਪੈਦਾ ਹੋਇਆ ਹੋਇਆ ਹੈ। ਐਸੀ ਬਚਿੱਤਰ ਚੀਜ਼ ਪ੍ਰਮੇਸ਼ਰ ਨੇ ਬਣਾਈ ਹੈ। ਮਹਾਰਾਜ ਕਹਿੰਦੇ ਇਸ ਦੇ ਵਿਚ ਇਕ ਚੀਜ਼ ਹੋਰ ਹੈ ਜਿਸ ਦੇ ਬਾਰੇ ਤੈਨੂੰ ਗਿਆਨ ਨਹੀਂ ਹੈ। ਐਨਾ ਤਾਂ ਤੂੰ ਜਾਣ ਸਕਦਾ ਹੈ ਲੇਕਿਨ ਇਸ ਤੋਂ ਉਤੇ ਨਹੀਂ ਤੈਨੂੰ ਸਮਝ ਆ ਸਕਦੀ। ਉਹ ਇਹ ਹੈ ਕਿ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਅੰਗ - 954*

ਨੌ ਦਰਵਾਜੇ ਤਾਂ ਖੁਲ੍ਹ ਗਏ, ਅੱਖਾਂ, ਨੱਕ ਕੰਨ ਵਗੈਰਾ ਇਨ੍ਹਾਂ ਨੂੰ ਤੂੰ ਜਾਣਦਾ ਹੈਂ ਪਰ ਜੋ ਦਸਵਾਂ ਹੈ ਉਹ ਬੰਦ ਪਿਆ ਹੈ, ਗੁਪਤ ਰੱਖ ਦਿੱਤਾ ਮਹਾਰਾਜ ਜੀ ਨੇ। ਇਹ ਜੋ ਜੀਵ ਆਤਮਾ ਹੈ –

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਅੰਗ - 1033*

ਇਸ ਦੇ ਵਿਚ ਉਪਮਾ ਤੋਂ ਰਹਿਤ ਇਕ ਚੀਜ਼ ਸੀ ਜਿਹੜੀ ਇਸ ਨੂੰ ਮਿਲੀ ਨਾ ਕਿਉਂਕਿ ਨਉ ਦਰਵਾਜਿਆਂ ਵਿਚੀ ਨੱਠੀ ਫਿਰਦੀ ਹੈ –

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ॥*
*ਭਾਈ ਗੁਰਦਾਸ ਜੀ ਦੀ ਵਾਰ 27/9*

ਸਾਰਾ ਦਿਨ ਅੱਖਾਂ ਦੇਖੀ ਜਾਂਦੀਆਂ ਨੇ, ਕੰਨ ਸਾਰਾ ਦਿਨ ਸੁਣੀ ਜਾਂਦੇ ਨੇ, ਜੀਭ ਬੋਲੀ ਜਾਂਦੀ ਹੈ, ਸਵਾਦ ਲੈਂਦੀ ਰਹਿੰਦੀ ਹੈ। ਸਾਰੇ ਹੀ ਇੰਦਰੇ ਮੋਹਿਤ ਹੋਏ ਪਏ ਨੇ, ਅੰਦਰ ਨੂੰ ਜਾਣ ਦਾ ਕੋਈ ਨਾਉ ਨਹੀਂ ਲੈਂਦਾ, ਨਾ ਜੁਗਤ ਪਤਾ ਹੈ। ਮਹਾਰਾਜ ਕਹਿੰਦੇ ਤੇਰੇ ਅੰਦਰ ਜੋ ਦਸਵਾ ਦੁਆਰਾ ਗੁਪਤ ਰਖਿਆ ਹੋਇਆ ਹੈ ਜੇ ਉਸ ਦਰਵਾਜੇ ਤੋਂ ਤੂੰ ਪ੍ਰਵੇਸ਼ ਕਰ ਲਵੇ, ਉਸ ਨੂੰ ਸਮਝ ਲਏ ਤਾਂ ਤੂੰ ਉਸ ਮੰਤਵ ਨੂੰ ਹਾਸਲ ਕਰ ਲਏਂਗਾ ਜਿਸ ਦੇ ਵਾਸਤੇ ਤੈਨੂੰ ਮਾਨਸ ਜਨਮ ਮਿਲਿਆ ਹੈ।

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਜਦੋਂ ਤੱਕ ਤੈਨੂੰ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਉਨੀ ਦੇਰ ਤੱਕ ਇਹ ਜਿਹੜੇ ਦਰਵਾਜੇ ਬੰਦ ਨੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ ਬਜਰ ਕਪਾਟ ਕਿਹਾ ਹੈ। ਇਹ ਪੱਥਰ ਦੇ ਦਰਵਾਜੇ ਨਹੀਂ। ਮਹਾਰਾਜ ਕਹਿੰਦੇ –

*ਦੂਖ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥* *ਅੰਗ - 877*

ਖਿਆਲ ਦੇ ਹੀ ਜੜੇ ਹੋਏ ਨੇ ਇਹ ਨਹੀਂ ਖੁਲਦੇ ਜਦੋਂ ਤੱਕ ਕੁੰਜੀ ਗੁਰੂ ਤੋਂ ਨਹੀਂ ਮਿਲਦੀ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
*ਅੰਗ - 205*

ਉਹ ਕੁੰਜੀ ਜਦੋਂ ਤੱਕ ਪ੍ਰਾਪਤ ਨਹੀਂ ਕਰਦਾ ਇਹ ਦਰਵਾਜਾ ਨਹੀਂ ਖੁਲ੍ਹਦਾ। ਜੇ ਦਰਵਾਜਾ ਨਹੀਂ ਖੁਲ੍ਹਦਾ ਉਦੋਂ ਤੱਕ ਦਾਖਲਾ ਨਹੀਂ ਮਿਲਦਾ। ਮਹਾਰਾਜ ਕਹਿੰਦੇ –

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅੰਗ - 954*

ਇਸ ਨੂੰ ਗੁਰੂ ਖੁਲ੍ਹਾ ਸਕਦਾ ਹੈ ਹੋਰ ਕੋਈ ਸ਼ਕਤੀ ਦੁਨੀਆਂ ਵਿਚ ਐਸੀ ਨਹੀਂ ਹੈ। ਨਾ ਤਾਂ ਇਹ ਪੜ੍ਹਿਆਂ ਤੇ ਖੁਲ੍ਹਦਾ ਹੈ, ਨਾ ਕਿਸੇ ਹੋਰ ਸਾਧਨ ਨਾਲ ਖੁਲ੍ਹਦਾ ਹੈ ਨਾ ਇਹ ਤੀਰਥਾ ਤੇ ਨੱਠਣ ਭੱਜਣ ਨਾਲ ਖੁੱਲ੍ਹਦਾ ਹੈ। ਕੋਈ

ਤਰੀਕਾ ਨਹੀਂ ਹੈ ਜਦੋਂ ਤੱਕ ਕੁੰਜੀ ਨਹੀਂ ਮਿਲਦੀ, ਓਨੀ ਦੇਰ ਤੱਕ ਇਹ ਦਰਵਾਜਾ ਨਹੀਂ ਖੁਲ੍ਹਿਆ ਕਰਦਾ। ਸੋ ਕੁੰਜੀ ਹੈ ਗੁਰੂ ਦੇ ਹੱਥ ਵਿਚ ਹੈ। ਮਨ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ। ਸੋ ਮਹਾਰਾਜ ਕਹਿੰਦੇ ਕਿ ਇਹ ਕੰਮ ਹੈ ਗੁਰੂ ਦਾ, ਹੋਰ ਕਿਸੇ ਦਾ ਨਹੀਂ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***

***ਅੰਗ - 1291***

ਉਸ ਦੇ ਸ਼ਬਦ ਨੇ ਇਸ ਸਰੀਰ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਣਾ ਹੈ। ਉਹ ਸਤਿਗੁਰੂ ਸੁਜਾਨ ਹੈ ਤੇ ਉਥੇ ਐਵੇਂ ਤਾਂ ਨਹੀਂ ਕਿ ਆਹ ਦੇਖ ਲੈ। ਕਹਿੰਦੇ ਨਹੀਂ ਉਥੇ ਨਿਸ਼ਾਨੀਆਂ ਨੇ ਪ੍ਰੱਤਖ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***

***ਅੰਗ - 1291***

ਕਹਿੰਦੇ ਐਨਾ ਆਤਮਕ ਸੰਗੀਤ ਹੋ ਰਿਹਾ ਹੈ ਉਥੇ ਕਿ ਦੱਸਿਆ ਨਹੀਂ ਜਾਂਦਾ। ਗੁਰੂ ਨਾਨਕ ਸਾਹਿਬ ਕਹਿੰਦੇ ਨੇ ਕਿ -

***ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ॥*** ***ਅੰਗ - 6***

ਇਕ ਤਾਂ ਨਹੀਂ ਗਾ ਰਿਹਾ ਓਸ ਦਰਵਾਜੇ ਦੇ ਉਤੇ ਸਾਰੀ ਪ੍ਰਾਕਿਰਤੀ ਗਾ ਰਹੀ ਹੈ, ਇਕੱਲਾ-ਇਕੱਲਾ ਤੱਤ ਗਾ ਰਿਹਾ ਹੈ, ਇਕੱਲੀਆਂ ਇਕਲੀਆਂ ਮੁਕਤ ਆਤਮਾਵਾਂ ਨੇ, ਉਹ ਗਾ ਰਹੀਆਂ ਹਨ, ਦੇਵਤੇ ਗਾ ਰਹੇ ਨੇ, ਕਰੋੜਾਂ ਬ੍ਰਹਿਮੰਡਾਂ ਦੇ ਜੀਵ ਜੰਤੂ ਗਾ ਰਹੇ ਨੇ। ਕਿੰਨੇ ਕੁ ਦੱਸ ਦੇਈਏ, ਕਹਿੰਦੇ ਸਾਰੇ ਗਾ ਹੀ ਰਹੇ ਨੇ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਪ੍ਰਾਕਿਰਤੀ ਵੀ ਗਾਉਂਦੀ ਹੈ? ਮਹਾਰਾਜ ਜੀ ਨੇ ਤਾਂ ਕਹਿ ਦਿੱਤਾ ਕਿ ਅੱਗ ਵੀ ਗਾਉਂਦੀ ਹੈ, ਪੌਣ ਵੀ ਗਾਉਂਦੀ ਹੈ ਲੇਕਿਨ ਅੰਦਰ ਜਦੋਂ ਸੋਝੀ ਜਾਗ ਪੈਂਦੀ ਹੈ ਤਾਂ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਸ਼ਬਦ ਦੇ ਨਾਲ ਹੀ ਸਾਰਾ ਸੰਸਾਰ ਖੜ੍ਹਾ ਹੈ-

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨੁ॥***

***ਅੰਗ - 284***

ਸਾਰੀਆਂ ਚੀਜ਼ਾਂ ਨਾਮ ਨੇ ਧਾਰੀਆਂ ਹੋਈਆਂ ਨੇ -

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ॥***

ਉਸ ਨੇ ਧਾਰਨ ਕੀਤਾ ਹੋਇਆ ਹੈ ਸਾਰੇ ਬ੍ਰਹਿਮੰਡਾਂ ਨੂੰ, ਉਹ ਸੰਗੀਤ ਹਰੇਕ ਚੀਜ਼ ਦੇ ਅੰਦਰ ਹੈ ਤੇ ਭਾਗਾਂ ਵਾਲੇ ਨੇ ਜਿਨ੍ਹਾਂ ਨੂੰ ਉਹ ਸੁਣਦਾ ਹੈ। ਐਸੇ ਮਹਾਤਮਾ ਦੀਆਂ ਬਹੁਤ ਸਾਰੀਆਂ ਕਥਾਵਾਂ ਨੇ ਜਿਨ੍ਹਾਂ ਨੇ ਅਨੁਭਵ ਕਰਕੇ ਲਿਖਿਆ ਹੈ ਕਿ ਮੈਂ ਹੈਰਾਨ ਰਹਿ ਗਿਆ ਦਰਖਤ ਵੀ ਗਾ ਰਹੇ ਨੇ, ਪਾਣੀ ਵੀ ਗਾ ਰਿਹਾ ਹੈ, ਅੱਗ ਵੀ ਗਾ ਰਹੀ ਹੈ। ਸੋ ਮਹਾਰਾਜ ਕਹਿੰਦੇ ਉਥੇ -

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ ............॥***

***ਅੰਗ - 1291***

ਹੁਣ ਦੱਸ ਦਿੱਤਾ ਮਹਾਰਾਜ ਨੇ ਕਿ ਤੇਰੇ ਸਰੀਰ ਦੇ ਅੰਦਰ ਇਕ ਐਸੀ ਥਾਂ ਹੈ ਜਿਸ ਨੂੰ ਸੁਖਮਨ ਕਹਿੰਦੇ ਨੇ ਇੜਾ, ਪਿੰਗਲਾ ਤੇ ਸੁਖਮਨਾ। ਸੁਖਮਨ ਦੇ ਘਰ ਵਿਚ ਜਦੋਂ ਤੂੰ ਪ੍ਰਵੇਸ਼ ਕਰ ਜਾਏਂਗਾ ਉਸ ਵੇਲੇ ਤੈਨੂੰ ਆਤਮਕ ਸੰਗੀਤ ਸੁਣੇਗਾ -

***............ ਸੁੰਨਿ ਮੰਡਲਿ ਲਿਵ ਲਾਇ॥***

***ਅੰਗ - 1291***

ਨਾਲੇ ਦੱਸ ਦਿੱਤਾ ਕਿ ਉਥੇ ਕੋਈ ਫੁਰਨਾ ਨਹੀਂ, ਇਕ ਐਸਾ ਥਾਂ ਹੈ ਤੇਰੇ ਅੰਦਰ ਜਿਥੇ ਫੁਰਨਾ ਨਹੀਂ ਜਿਸ ਨੂੰ ਗਗਨ ਮੰਡਲ ਕਹਿੰਦੇ ਨੇ। ਉਸ ਦੇ ਵਿਚ ਲਿਵ ਲਾ ਕੇ ਸੁਣ।

***ਅਕਥ ਕਥਾ ਬੀਚਾਰੀਐ.........॥*** ***ਅੰਗ - 1291***

ਉਥੇ ਫੇਰ ਉਹ ਕਥਾ ਜਿਹੜੀ ਕਹੀ ਨਹੀਂ ਜਾਂਦੀ, ਦੱਸੀ ਨਹੀਂ ਜਾਂਦੀ ਉਸ ਦੀ ਵਿਚਾਰ ਕਰ।

***............ ਮਨਸਾ ਮਨਹਿ ਸਮਾਇ॥*** ***ਅੰਗ - 1291***

ਸਾਰੀਆਂ ਵਾਸ਼ਨਾਵਾਂ ਖੈ ਹੋ ਜਾਣਗੀਆਂ, ਮਨੋ ਨਾਸ਼ ਵਾਸ਼ਨਾ ਖੈ-ਤੱਤ ਗਿਆਨ ਦਾ ਪ੍ਰਕਾਸ਼ ਹੋ ਜਾਏਗਾ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ॥*** ***ਅੰਗ - 1291***

ਮਹਾਨ ਰਸ ਤੇਰੇ ਅੰਦਰ ਭਰ ਜਾਏਗਾ, ਮਨ ਫੇਰ ਉਸ ਨੂੰ ਛੱਡ ਕੇ ਨਹੀਂ ਜਾਏਗਾ, ਉਸ ਸੰਗੀਤਕ ਧੁਨੀ ਦੇ ਨਾਲ ਪਰਚ ਜਾਏਗਾ।

***ਅਜਪਾ ਜਾਪ ਨ ਵਿਸਰੈ ਆਦਿ ਜੁਗਾਦਿ ਸਮਾਇ॥***

***ਅੰਗ - 1291***

ਫੇਰ ਵਾਹਿਗੁਰੂ ਵਿਸਰਦਾ ਨਹੀਂ ਜਾਪ ਤੋਂ ਬਿਨਾ ਹੀ ਜਪਿਆ ਜਾਂਦਾ ਹੈ। ਅੱਖਾਂ ਵੀ ਜਪਦੀਆਂ ਨੇ, ਕੰਨ ਵੀ ਜਪਦੇ ਨੇ, ਸਾਰੇ ਸਰੀਰ ਦਾ ਰੋਮ-ਰੋਮ ਜਪਦਾ ਹੈ।

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*** ***ਅੰਗ - 941***

ਗੁਰਮੁਖ ਦੇ ਰਾਹੀਂ 'ਨਿਜ ਘਰ' ਦਾ ਵਾਸਾ ਮਿਲ ਗਿਆ।

ਕਹਿੰਦੇ ਸ਼ਬਦ ਦੀ ਖੋਜ ਕਰਨ ਦੇ ਨਾਲ ਇਸ ਘਰ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਕਿੱਡੀ ਵੱਡੀ ਮਹਾਨਤਾ ਹੋ ਜਾਂਦੀ ਹੈ -

***ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥***

***ਅੰਗ - 469***

ਸੋ ਮਹਾਰਾਜ ਕਹਿੰਦੇ ਜਦੋਂ ਤੱਕ ਸਮਰੱਥ ਗੁਰੂ ਦਾ ਮੇਲ ਨਹੀਂ ਹੁੰਦਾ ਉਨੀ ਦੇਰ ਤੱਕ ਅੰਦਰ ਨਹੀਂ ਖੁਲ੍ਹਿਆ ਕਰਦਾ। ਸੋ ਜਦੋਂ ਉਹ ਖੁੱਲ ਗਿਆ ਤਾਂ –

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ............॥*

*ਅੰਗ - 954*

ਜਦੋਂ ਪ੍ਰਕਾਸ਼ ਹੋ ਗਿਆ ਫੇਰ ਭਰਮ ਹਟ ਗਿਆ। ਬਿਰਤੀ ਹੋਰ ਹੋ ਜਾਂਦੀ ਹੈ, ਲੋਕ ਉਸ ਨੂੰ ਕਹਿੰਦੇ ਨੇ ਕਿ ਆਏਂ ਚੱਲ ਜਿਵੇਂ ਅਸੀਂ ਚਲਦੇ ਹਾਂ।

ਉਹ ਕਹਿੰਦਾ ਨਹੀਂ ਤੁਸੀਂ ਤਾਂ ਸਾਰੇ ਹੀ ਅੰਨੇ ਹੋ, ਤੁਹਾਨੂੰ ਪਤਾ ਹੀ ਨਹੀਂ ਹੈ। ਇਥੇ ਤਾਂ ਇਕੋ ਹੀ ਵਾਹਿਗੁਰੂ ਹੈ ਹੋਰ ਹੈ ਹੀ ਨਹੀਂ, ਘਟ ਘਟ ਦੇ ਵਿਚ ਓਹੀ ਵਿਆਪਕ ਹੈ, ਮੈਨੂੰ ਹੋਰ ਅੱਖ ਮਿਲ ਗਈ, ਜਿਹੜੀ ਮੇਰੇ ਕੋਲ ਤੁਹਾਡੇ ਵਾਲੀ ਅੱਖ ਸੀ ਉਹ ਹੁਣ ਬੰਦ ਹੋ ਗਈ –

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਅੰਗ - 953*

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*

*ਅੰਗ - 954*

ਇਹ ਹੈ ਜਿਹੜਾ ਏਸ ਥਾਂ ਨਾ ਪਹੁੰਚਣਾ, ਵਾਹਿਗੁਰੂ ਨੂੰ ਭੁਲਣਾ, ਮਹਾਰਾਜ ਕਹਿੰਦੇ ਤੇਰਾ ਜਨਮ ਬਿਰਥਾ ਜਾ ਰਿਹਾ ਹੈ। ਉਹ ਤੇਰੇ ਅੰਦਰ ਹੈ, ਬਾਹਰ ਨਹੀਂ ਹੈ ਕਿਤੇ ਵੀ ਬਾਹਰ ਨਾ ਢੂੰਡਣ ਜਾਈਂ, ਅੰਦਰੋਂ ਟੋਲ੍ਹ –

*ਬਾਹਰਿ ਢੂਢਣ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥* *ਅੰਗ - 1002*

ਜਦੋਂ ਘਰ ਵਿਚ ਦੇਖ ਲਿਆ ਮਹਾਰਾਜ ਕਹਿੰਦੇ ਫੇਰ ਤੇਰੇ ਅੰਦਰ ਹੀ ਨਹੀਂ ਹੈ ਸਗੋ –

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*

*ਅੰਗ - 684*

ਬਾਹਰ ਵੀ ਓਹੀ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*

*ਅੰਗ - 677*

ਫੇਰ ਉਹ ਤਾਂ ਨਾਲ ਹੀ ਲੱਭ ਗਿਆ। ਗੱਲ ਕੀ ਹੈ ਕਿ ਇਸ ਦੀ ਜੋ ਅੱਖ ਹੈ ਉਹ ਅੰਨੀ ਹੈ ਇਸ ਨੂੰ ਹੋਰ ਸੁਖਾਲਾ ਕਰਕੇ ਕਹੀਏ ਤਾਂ ਮਹਾਰਾਜ ਕਹਿੰਦੇ ਕਿ ਹਉਮੈ ਦਾ ਇਕ ਜਜ਼ਬਾ ਹੈ ਜੋ ਅਕਾਲ ਪੁਰਖ ਨੇ ਸੰਸਾਰ ਪੈਦਾ ਕਰਨ ਵੇਲੇ ਆਪਣੇ ਤੋਂ ਅਲਹਿਦਾ ਵੱਖਰਾ ਰਚ ਦਿੱਤਾ। ਹੈ ਉਸੇ ਦਾ ਅੰਸ਼ ਲੇਕਿਨ ਖੇਲ੍ਹ ਨਹੀਂ ਸੀ ਹੁੰਦੀ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

*ਜਾਪੁ ਸਾਹਿਬ*

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ..........॥* *ਅੰਗ - 464*

ਉਹ ਕੁਦਰਤ ਜਿਹੜੀ ਸਾਜੀ ਉਸ ਦੇ ਵਿਚ ਸਭ ਤੋਂ ਪਹਿਲਾਂ ਹਉਮੈ ਦਾ ਤੱਤ ਪੈਦਾ ਕੀਤਾ। ਹਉਮੈ ਦੇ ਵਿਚੋਂ 5 ਮਹਾਂਭੂਤ ਪੈਦਾ ਹੋਏ। ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਦੇ ਵਿਚੋਂ 5 ਤੱਤ ਪੈਦਾ ਹੋਏ, ਪੰਜਾਂ ਤੱਤਾਂ ਤੋਂ ਸ੍ਰਿਸ਼ਟੀ ਅੱਗੇ ਚੱਲ ਪਈ ਤੇ ਇਸ ਦਾ ਮੂਲ ਹੈ ਹਉਮੈ।

ਸਿੱਧਾ ਨੇ ਪੁਛਿਆ, ਹੇ ਨਾਨਕ! ਤੂੰ ਇਹ ਕਹਿੰਦਾ ਹੈਂ ਕਿ ਇਥੇ ਵਾਹਿਗੁਰੂ ਤੋਂ ਬਿਨਾ ਹੋਰ ਕੋਈ ਨਹੀਂ, ਫੇਰ ਸੰਸਾਰ ਕਿਵੇਂ ਬਣ ਗਿਆ?"

ਮਹਾਰਾਜ ਕਹਿੰਦੇ, "ਗੋਰਖ ਨਾਥ! ਸੰਸਾਰ ਹੈ ਤਾਂ ਵਾਹਿਗੁਰੂ ਲੇਕਿਨ ਹਉਮੈ ਦੇ ਤੱਤ ਨੇ ਇਸ ਵਾਹਿਗੁਰੂ ਨੂੰ ਭੁਲਾ ਦਿੱਤਾ ਤੇ ਇਸ ਨੂੰ ਸੰਸਾਰ ਬਣਾ ਦਿੱਤਾ।"

ਉਹ ਨਹੀਂ ਹਟਦਾ, ਨਾ ਗੱਲਾਂ ਨਾਲ ਹਟਦਾ ਹੈ, ਨਾ ਪੜ੍ਹਿਆ ਤੋਂ ਹਟਦਾ ਹੈ, ਨਾ ਤੀਰਥ ਨਾਤਿਆ ਤੋਂ ਹਟਦਾ ਹੈ ਇਹ ਖਿਆਲ ਲਹਿ ਨਹੀਂ ਸਕਦਾ ਇਸ ਨੂੰ ਅਗਿਆਨ ਦਾ ਖਿਆਲ ਕਹਿੰਦੇ ਨੇ। ਜਿੰਨਾ ਕਿਸੇ ਦਾ ਜ਼ੋਰ ਲਗਦਾ ਹੈ ਲਾ ਕੇ ਦੇਖ ਲਓ ਫਰਕ ਨਹੀਂ ਪੈਂਦਾ। ਜਦੋਂ ਤੱਕ ਪ੍ਰਤੱਖ ਗਿਆਨ ਨਹੀਂ ਹੁੰਦਾ।

ਸੋ ਕਹਿੰਦੇ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥* *ਅੰਗ - 946*

ਕਹਿੰਦੇ, "ਹੇ ਨਾਨਕ! ਕਿਸ ਤਰ੍ਹਾਂ ਇਹ ਸੰਸਾਰ ਪੈਦਾ ਹੋ ਗਿਆ ਤੇ ਨਾਲੇ ਦੁਖ ਦਾ ਖਾਤਮਾ ਕਿਵੇਂ ਹੋਵੇ?"

ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ .........॥*

*ਅੰਗ - 946*

ਇਹ ਹਉਮੈ ਦੀ ਅੰਸ਼ ਕਰਕੇ ਇਕ ਹਨ੍ਹੇਰਾ ਪੈ ਗਿਆ ਤੇ ਹਨ੍ਹੇਰੇ ਨੇ ਅਣਹੋਈ ਚੀਜ਼ ਦਿਖਾ ਦਿੱਤੀ। ਰੱਸੀ ਪਈ ਹੈ ਹਨ੍ਹੇਰੇ ਵਿਚ ਲੇਕਿਨ ਲੱਗਿਆ ਕਿ ਸੱਪ ਪਿਆ ਹੈ। ਸਾਰੀ ਰਾਤ ਡਰੀ ਗਿਆ, ਜਦੋਂ ਚਾਨਣਾ ਹੋਇਆ ਤਾਂ ਓਸ ਵੇਲੇ

(ਬਾਕੀ ਪੰਨਾ 38 ਤੇ)

# ਗੁਰੂ ਦਸ਼ਮੇਸ਼ ਪਿਤਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਹਰਿ ਸਮਰਥ ਕੀ ਸਰਨਾ॥*
*ਜੀਉ ਪਿੰਡ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ॥*
*ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ॥*
*ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ॥*
*ਆਲ ਜਾਲ ਬਿਕਾਰ ਤਜਿ ਸਭਿ*
*ਹਰਿ ਗੁਨਾ ਨਿਤ ਗਾਉ॥*
*ਕਰ ਜੋੜਿ ਨਾਨਕੁ ਦਾਨੁ*
*ਮਾਂਗੈ ਦੇਹੁ ਅਪਨਾ ਨਾਉ॥*
*ਅੰਗ - 987*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਅੱਜ ਮਹਾਨ ਪਵਿੱਤਰ ਦਿਹਾੜਾ ਸਾਰੇ ਸੰਸਾਰ ਵਾਸਤੇ ਜਾਂ ਐਉਂ ਸਮਝ ਲਓ ਕਿ ਸਾਰੀ ਪ੍ਰਕ੍ਰਿਤੀ ਵਾਸਤੇ ਵਿਸ਼ੇਸ਼ ਹੈ ਕਿਉਂਕਿ ਅੱਜ ਦੇ ਦਿਨ ਉਹ ਮਹਾਂ ਪਿਆਰ ਕਰਨ ਵਾਲੇ, ਦਰਦਾਂ ਦੇ ਭਰੇ ਦਿਲਾਂ ਵਾਲੇ, ਗੁਰੂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਹੋਇਆ। ਉਸ ਉਤਸਵ ਨੂੰ ਮਨਾਉਣ ਵਾਸਤੇ ਆਪ ਕਾਰੋਬਾਰ ਸੰਕੋਚਦੇ ਹੋਏ ਦੂਰ-ਦਰਾਜ਼ ਤੋਂ ਅਨੇਕਾਂ ਕਿਸਮ ਦੀਆਂ ਸਵਾਰੀਆਂ ਦੇ ਰਾਹੀਂ ਗੁਰੂ ਦਰਬਾਰ 'ਚ ਪਹੁੰਚੇ ਓਂ। ਸੋ ਹੁਣ ਜੋ ਥੋੜ੍ਹਾ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ, ਉਹ ਧਿਆਨ ਦੇ ਕੇ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ, ਪੂਰਾ-ਪੂਰਾ ਲਾਭ ਉਠਾਓ। ਜਦੋਂ ਅਸੀਂ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰਾਂਗੇ। ਕੰਨਾਂ ਦੇ ਨਾਲ ਗੁਰੂ ਉਸਤਤ, ਗੁਰੂ ਜਸ ਸਰਵਣ ਕਰਾਂਗੇ। ਹਿਰਦੇ ਵਿਚ ਵਿਚਾਰ ਕਰਾਂਗੇ ਉਸ ਵੇਲੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਫਲ ਕੀ ਹੁੰਦਾ ਹੈ –

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਕਈ ਕ੍ਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ। ਜਿਹਨੇ ਕੁਛ ਮੰਗਣਾ ਹੈ ਮੰਗ ਲਓ, ਪਰ ਇਹ ਜਿਹੜਾ ਤਰੀਕਾ ਦੱਸਿਆ ਹੈ ਇਹ ਵਰਤ ਕੇ। ਚਿੱਤ ਬਿਰਤੀ ਇਕਾਗਰ ਹੋ ਜਾਵੇ, ਗੁਰੂ ਦੇ ਨਾਲ ਬਿਰਤੀ ਜੁੜ ਜਾਵੇ, ਮੰਗ ਲਓ ਸੰਸਾਰ ਮੰਗ ਲਓ ਸੰਸਾਰ ਮੰਗਣ ਦੇ ਨਾਲ ਤਾਂ ਕੁਛ ਵਿਗੜਦਾ ਹੀ ਨਹੀਂ ਹੈ। ਕੁਛ ਨਹੀਂ ਘਟਦਾ –

*ਸਾਚੇ ਸਾਹਿਬਾ ਕਿਆ*
*ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ*
*ਹੈ ਜਿਸੁ ਦੇਹਿ ਸੁ*
*ਪਾਵਏ॥ ਅੰਗ - 917*

ਲੇਕਿਨ ਮੰਗਣਾ ਕੀ ਹੈ ਨਾਮ ਮੰਗੋ ਉਸ ਤੋਂ। ਬਾਕੀ ਨੂੰ ਤਾਂ ਮਹਾਰਾਜ ਕਹਿੰਦੇ –

*ਆਲ ਜਾਲ ਬਿਕਾਰ*
*ਤਜਿ ਸਭਿ ਹਰਿ ਗੁਨਾ*
*ਨਿਤ ਗਾਉ॥*
*ਅੰਗ - 988*
*ਆਲ ਜੰਜਾਲ ਛੱਡ ਕੇ*
*ਹਰੀ ਦੇ ਗੁਣ ਗਾਓ।*

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਦੀਆਂ ਖੁਸ਼ੀਆਂ ਅੱਜ ਸੰਸਾਰ ਦੇ ਉਤੇ ਬੇਅੰਤ-ਬੇਅੰਤ ਨੇ। ਉਨ੍ਹਾਂ ਦੇ ਜੀਵਨ ਦੇ ਕੁਛ ਪੱਖਾਂ ਦੀ ਵਿਚਾਰ ਕਰਨ ਵਾਸਤੇ ਆਪਾਂ ਇਥੇ ਆਏ ਹਾਂ। ਧਿਆਨ ਦੇ ਨਾਲ ਸਰਵਣ ਕਰਿਓ ਕਿਉਂਕਿ ਗੁਰੂ ਦਸਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਕਹਿਣ ਵਾਸਤੇ ਕੋਈ ਵੀ ਦੁਨੀਆਂ ਦੇ ਅੰਦਰ ਨਹੀਂ ਆਇਆ, ਜਿਹੜਾ ਸਮਰੱਥ ਹੋਵੇ। ਆਪ ਨੇ ਜ਼ਿੰਦਗੀ ਦੇ ਹਰ ਪੱਖ ਦੇ ਵਿਚ ਕੁਝ ਨਾ ਕੁਝ

ਕੀਤਾ। ਰਸਤਾ ਦਿਖਾਇਆ ਹਰ ਪੱਖ ਦੇ ਵਿਚ। ਸੋ ਐਨੇ ਪੱਖ ਨੇ ਦੁਨੀਆਂ ਦੇ ਵਿਚ ਕਿ ਵਿਚਾਰ ਨਹੀਂ ਕੀਤੀ ਜਾ ਸਕਦੀ। ਸਾਹਿਤ ਐਨਾ ਰਚਿਆ ਕਿ ਉਹਦਾ ਹਿਸਾਬ-ਕਿਤਾਬ ਹੀ ਨਹੀਂ ਲਾਇਆ ਜਾ ਸਕਦਾ। 102 ਲਿਖਾਰੀ ਗੁਰੂ ਮਹਾਰਾਜ ਦੇ ਦਰਬਾਰ ਵਿਚ ਸਨ, 52 ਕਵੀ ਤੇ 50 ਲਿਖਣ ਵਾਲੇ। ਹਰ ਵਕਤ ਉਨ੍ਹਾਂ ਦਾ ਕੰਮ ਸੀ ਕਿ ਲਿਖਦੇ ਰਹਿਣਾ-ਲਿਖਦੇ ਰਹਿਣਾ। ਸਾਰੇ ਪੁਰਾਣੇ ਗ੍ਰੰਥ ਅਰਬੀ ਦੇ, ਪਸ਼ਤੋ ਦੇ, ਹਿੰਦੀ ਦੇ, ਹੋਰ ਅਨੇਕਾਂ ਭਾਸ਼ਾਵਾਂ ਦੇ ਜੋ ਉਸ ਵੇਲੇ ਭਾਰਤ ਵਰਸ਼ ਵਿਚ ਪ੍ਰਚਲਤ ਸਨ ਗੁਰੂ ਮਹਾਰਾਜ ਨੇ ਉਨ੍ਹਾਂ ਸਾਰਿਆਂ ਦਾ ਅਨੁਵਾਦ ਕੀਤਾ। ਲੇਕਿਨ ਇਹ ਦੂਸਰੀ ਗੱਲ ਹੈ ਕਿ ਸਾਡੇ ਹੱਥ 'ਚੋਂ ਨਿਕਲ ਗਏ। ਅੱਜ ਅਸੀਂ ਗੁਰੂ ਦਸਵੇਂ ਪਾਤਸ਼ਾਹ ਦਾ ਲਿਖਿਆ ਹੋਇਆ ਨਾ ਪੜ੍ਹ ਸਕਦੇ ਹਾਂ, ਨਾ ਸਮਝ ਸਕਦੇ ਹਾਂ। ਸਮਾਂ ਨਹੀਂ ਸਾਡੇ ਕੋਲ। ਕਿਉਂਕਿ ਬਹੁ ਭਾਸ਼ਾ ਵਿਚ ਲਿਖਿਆ ਹੋਣ ਕਰਕੇ ਵਿਦਵਾਨ ਤਾਂ ਸਮਝ ਜਾਂਦਾ ਹੈ, ਆਮ ਬੰਦੇ ਨੂੰ ਨਹੀਂ ਪਤਾ ਲਗਦਾ ਕਿ ਮਹਾਰਾਜ ਨੇ ਐਨੇ ਔਖੇ ਲਫਜ਼ ਲਿਆਂਦੇ ਕਿਥੋਂ ਅਰ ਲੱਖਾਂ ਦੀ ਤਾਦਾਦ 'ਚ। ਕਿਸੇ ਬੰਦੇ ਦੇ 5000 ਡਿਕਸ਼ਨਰੀ ਦਾ ਅੱਖਰ ਯਾਦ ਹੋਵੇ ਉਹ ਅਤੀ-ਮਹਾਨ ਗਿਣਿਆ ਜਾਂਦਾ ਹੈ। ਲੇਕਿਨ ਗੁਰੂ ਦਸ਼ਮੇਸ਼ ਪਿਤਾ ਦੇ ਜੇ ਸ਼ਬਦ ਵਖਰੇ-ਵਖਰੇ ਕਰਕੇ ਰੱਖੇ, ਪਤਾ ਹੀ ਨਹੀਂ ਲਗਦਾ ਕਿ ਐਨੇ ਅੱਖਰ ਆ ਕਿਥੋਂ ਗਏ। ਸੋ ਇਸ ਕਰਕੇ ਉਨ੍ਹਾਂ ਦੀ ਮਹਾਨਤਾ ਹਰ ਪਾਸੇ ਹੈ।

ਮਹਾਰਾਜ ਕਹਿੰਦੇ ਨੇ ਕਿ ਸਾਡਾ ਆਉਣਾ ਕਿਵੇਂ ਹੋਇਆ? ਮਹਾਰਾਜ ਆਪਣੇ ਹੱਥਾਂ ਨਾਲ ਲਿਖਦੇ ਨੇ। ਕਿਸੇ ਦੀ ਗੱਲ ਸੁਣੀ ਸੁਣਾਈ ਨਹੀਂ ਹੈ, ਗੁਰੂ ਮਹਾਰਾਜ ਨੇ ਆਪਣੀ ਗੱਲ ਆਪ ਲਿਖੀ ਹੈ। ਆਪ ਫੁਰਮਾਨ ਕਰਦੇ ਨੇ ਕਿ -

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਕ ਜਿਹ ਬਿਧ ਮੋਹਿ ਆਨੋ॥***

ਪਿਛਲੇ ਜਨਮ ਦੇ ਅੰਦਰ ਮੈਂ -

***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਸੋਭਿਤ ਹੈ ਤਹਾਂ।***
***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***
***ਪੰਡ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

***(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)***

ਉਹ ਜਿਹੜਾ ਪਰਬਤ ਸੀ ਉਥੇ ਅਸੀਂ ਤਪ ਕਰ ਰਹੇ ਸੀ। ਸੱਤ ਚੋਟੀਆਂ ਸ਼ੋਭਦੀਆਂ ਨੇ, ਪਤਾ ਦਿਤਾ। ਦੂਸਰੀ ਨਿਸ਼ਾਨੀ ਇਹ ਦਿਤੀ ਕਿ ਉਸ ਥਾਂ ਦੇ ਉਤੇ ਜਦੋਂ ਮਹਾਂਭਾਰਤ ਦਾ ਯੁੱਧ ਜਿਤਿਆ ਗਿਆ, ਉਸ ਵੇਲੇ ਪਾਂਡਵਾਂ ਨੇ ਰਾਜ ਕਰਿਆ, ਰਾਜਸੀ ਯੱਗ ਕਰਿਆ। ਸਾਰਾ ਹਿੰਦੋਸਤਾਨ ਭਾਰਤ ਵਰਸ਼ ਉਨ੍ਹਾਂ ਦੇ ਅਧਿਕਾਰ ਦੇ ਥੱਲੇ ਆ ਗਿਆ। ਉਸ ਵੇਲੇ ਹਿੰਦੋਸਤਾਨ ਜਿਹਨੂੰ ਭਾਰਤ ਕਹਿੰਦੇ ਸੀ, ਉਦੋਂ ਈਰਾਨ ਵੀ ਵਿਚ ਹੁੰਦਾ, ਅਰਬ ਵੀ ਵਿਚ ਹੁੰਦਾ ਸੀ, ਬ੍ਰਹਮਾ ਵੀ ਵਿਚ ਹੁੰਦਾ ਸੀ, ਤੇ ਹੇਠਲੇ ਲੰਕਾਂ ਵਗੈਰਾ ਵੀ ਵਿਚ ਹੁੰਦਾ ਸੀ। ਅੱਡ ਰਾਜ ਨਹੀਂ ਸੀ ਹੁੰਦੇ। ਸਾਰਾ ਪਹਾੜ ਹੁੰਦਾ। ਐਨਾ ਰਾਜ ਲੈ ਕੇ ਵੀ ਚਿੱਤ ਨਾ ਉਨ੍ਹਾਂ ਦਾ ਲੱਗਿਆ, ਉਦਾਸ ਹੋ ਗਏ। ਉਹ ਬੰਦੇ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਨੂੰ ਜਾ ਕੇ ਨਮਸ਼ਕਾਰਾਂ ਕਰਿਆ ਕਰਦੇ ਸੀ। ਨਾ ਸ਼ਸਤਰ ਗੁਰੂ ਨਜ਼ਰ ਆ ਰਿਹਾ ਹੈ, ਨਾ ਭੀਸ਼ਮ ਪਿਤਾਮਾ, ਨਾ ਦਰੋਣਾਚਾਰੀਆ ਕੁਲ ਦਾ ਦਾਦਾ ਨਜ਼ਰ ਆ ਰਿਹਾ, ਨਾ ਕੋਈ ਹੋਰ ਚੰਗੇ-ਚੰਗੇ ਰਾਜੇ ਜਿਨ੍ਹਾਂ ਨਾਲ ਮਿਤਰਤਾ ਸੀ, ਕੋਈ ਨਜ਼ਰ ਨਹੀਂ ਆ ਰਿਹਾ। ਇਸ ਲੜਾਈ ਦੇ ਅੰਦਰ 45 ਲੱਖ ਬੰਦਾ ਯੁੱਧ ਕਰਨ ਵਾਸਤੇ ਆਇਆ ਸੀ ਜਿਹਨੂੰ 18 ਕੂਹਣੀਆਂ ਕਹਿੰਦੇ ਨੇ। 45 ਲੱਖ ਦੇ ਵਿਚੋਂ ਸਿਰਫ ਸੱਤ ਬੰਦੇ ਬਚੇ ਸੀਗੇ। ਬਾਕੀ ਸਭ ਬਹਾਦਰ ਸੂਰਮੇ, ਆਪਣੇ ਵੀ ਮਾਰੇ ਗਏ ਉਨ੍ਹਾਂ ਦੇ ਵੀ ਮਾਰੇ ਗਏ। ਐਨੇ ਬੰਦੇ ਜਦ ਮਾਰੇ ਜਾਣ ਤਾਂ ਰਾਜ ਤਾਂ ਇਹ ਫੇਰ ਖੂਨ ਦਾ ਬਣਿਆ ਹੋਇਆ ਤਖਤ ਹੋ ਗਿਆ। ਉਹਦੇ ਉਤੇ ਜੀਅ ਕੀ ਲੱਗਣਾ ਹੈ? ਉਦਾਸ ਹੋ ਗਏ। ਪਸ਼ਚਾਤਾਪ ਵਾਸਤੇ ਉਨ੍ਹਾਂ ਨੇ ਵੱਡਾ ਭਾਰਾ ਯੱਗ ਕਰਿਆ। ਉਹਦੇ ਨਾਲ ਵੀ ਦਿਲ ਨਾ ਲੱਗਿਆ ਕਿਉਂਕਿ ਆਪਣੇ ਵੀ ਪੁੱਤਰ ਮਾਰੇ ਗਏ ਸਨ। ਪੰਜ ਪੁੱਤਰ ਇਕ ਮਾਰੇ ਗਏ, ਇਕ ਅੱਡ ਅਰਜਨ ਦਾ ਪੁੱਤਰ ਮਾਰਿਆ ਗਿਆ। ਸੋ ਦਿਲ ਨਾ ਲੱਗਿਆ ਤਾਂ ਉਹ ਤਪ ਕਰਨ ਵਾਸਤੇ ਇਨ੍ਹਾਂ ਪਰਬਤਾਂ ਤੇ ਚਲੇ ਗਏ। ਦਰੋਪਤੀ ਨਾਲ ਚਲੀ ਗਈ, ਪੰਜੋ ਪਾਂਡਵ ਚਲੇ ਗਏ। ਉਸ ਤੋਂ ਬਾਅਦ ਉਨ੍ਹਾਂ ਦਾ ਕਿਤੇ ਨਾਮ ਨਹੀਂ ਆਉਂਦਾ, ਕਿਸੇ ਨੇ ਮੁੜ ਕੇ ਦੇਖੇ ਨਹੀਂ। ਕਿਸੇ ਪਤਰੇ ਤੇ ਨਹੀਂ ਆਉਂਦਾ ਕਿ ਉਹ ਮੁੜ ਕੇ ਆ ਗਏ ਸੰਸਾਰ ਦੇ ਅੰਦਰ। ਉਥੇ ਹੀ ਉਨ੍ਹਾਂ ਦੇ ਸਰੀਰ ਬਰਫਾਂ 'ਚ ਗਲ ਗਏ। ਸੋ ਮਹਾਰਾਜ ਕਹਿੰਦੇ ਉਹ ਜਗ੍ਹਾ ਹੈ -

***ਪੰਡ ਰਾਜ ਜਹਿ ਜੋਗ ਕਮਾਵਾ॥***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

***(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)***

ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਮਹਾਂ ਕਾਲ ਹੈ। ਕਾਲ ਅਤੇ ਆਕਾਸ਼ ਨੂੰ ਵੀ ਜਿਹੜਾ ਖਤਮ ਕਰ ਦਿੰਦਾ ਹੈ। ਇਹ ਗੱਲ ਵਿਗਿਆਨਕ ਹੈ, ਇਹ ਆਪਣੇ ਸਮਝ 'ਚ ਆਉਣ ਤੋਂ ਬਾਹਰਲੀ ਗੱਲ ਹੈ। ਸਾਇੰਸ ਨੂੰ ਵੀ ਨਹੀਂ ਪਤਾ ਕਿ ਟਾਇਮ ਵੀ ਕਦੀ ਖਤਮ ਹੋ ਜਾਂਦਾ ਹੈ। ਲੇਕਿਨ ਹੁਣ ਪਤਾ ਲਗ ਗਿਆ ਕਿ ਕਾਲ ਵੀ ਕਿਰਤ ਹੈ, ਬਣਾਇਆ ਗਿਆ, ਆਕਾਸ਼ ਵੀ ਬਣਾਈ ਗਈ ਹੈ। ਵਾਹਿਗੁਰੂ ਵਿਚ ਨਾ ਸਮਾਂ ਹੈ ਨਾ ਆਕਾਸ਼ ਹੈ। ਇਹ ਤਾਂ

ਸਾਡੇ ਕੋਲ ਸਮਾਂ ਹੈ ਸਾਡੀ ਉਮਰ ਘਟਦੀ ਹੈ। ਬਚਪਨ ਹੁੰਦੈ, ਜਵਾਨ ਹੁੰਦੇ, ਬੁਢਾਪਾ ਆ ਜਾਂਦਾ ਹੈ, ਮਰ ਜਾਂਦੇ ਹਾਂ। ਸਮੇਂ ਦਾ ਸਾਡੇ ਉਤੇ ਅਸਰ ਹੁੰਦਾ ਹੈ। ਲੇਕਿਨ ਮਹਾਂ ਕਾਲ ਤੇ ਸਮੇਂ ਦਾ ਅਸਰ ਨਹੀਂ ਹੁੰਦਾ। ਮਹਾਰਾਜ ਕਹਿੰਦੇ ਜਿਹੜਾ ਕਾਲ ਦਾ ਵੀ ਮਹਾਂ ਕਾਲ ਹੈ ਅਸੀਂ ਉਹਦੀ ਤਪੱਸਿਆ ਸਾਧੀ। ਵਾਹਿਗੁਰੂ ਦਾ ਐਨਾ ਭਜਨ ਕਰਿਆ, ਐਨਾ ਨਾਮ ਜਪਿਆ, ਐਨੇ ਪਿਆਰ ਦੇ ਵਿਚ ਅਸੀਂ ਗਲਤਾਨ ਹੋ ਗਏ ਕਿ ਸਾਨੂੰ ਆਪਣੀ ਸੁਧ-ਬੁੱਧ ਕੋਈ ਨਾ ਰਹੀ ਤੇ ਸਾਨੂੰ ਜਿਹੜਾ 'ਮੈਂ' ਸੀ ਆਪਾ ਸੀ ਉਹ ਰੱਬ ਵਰਗਾ ਹੀ ਹੋ ਗਿਆ। ਰੱਬ ਦੇ ਵਿਚ ਰਲ ਗਿਆ।

*ਇਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ।*
*ਬਹੁ ਬਿਧਿ ਜੋਗ ਸਾਧਨਾ ਸਾਧਾ।*
*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*
*(ਸ਼ਾਹਿ ਸ਼ਾਹਨਸ਼ਾਹ ਗੁਰ ਗੋਬਿੰਦ ਸਿੰਘ)*

ਮੇਰੇ ਦੋ ਰੂਪ ਨਾ ਰਹੇ। ਮੈਂ ਅਕਾਲ ਦੇ ਨਾਲ ਰਲ ਗਿਆ। ਮੇਰਾ ਤੇ ਵਾਹਿਗੁਰੂ ਦਾ ਇਕੋ ਰੂਪ ਹੋ ਗਿਆ।

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਅੰਗ - 278*

ਜਿਵੇਂ ਦਰਿਆ ਜਾ ਕੇ ਸਮੁੰਦਰ ਵਿਚ ਪੈ ਜਾਵੇ, ਫੇਰ ਜੇ ਦਰਿਆ ਨੂੰ ਲੱਭੀਏ ਕਿ ਕਿਥੇ ਕੁ ਨੂੰ ਚਲਿਆ ਗਿਆ, ਉਹ ਤਾਂ ਉਹਦੇ ਨਾਲ ਰਲ ਗਿਆ। ਜੋਤ ਦੇ ਨਾਲ ਜੋਤ ਰਲ ਗਈ। ਕਹਿੰਦੇ ਐਨਾ ਡੂੰਘਾ ਧਿਆਨ ਚਲਿਆ ਗਿਆ, ਐਨੀ ਸਰੂਪ ਦੇ ਵਿਚ ਪਹੁੰਚ ਹੋ ਗਈ, ਵਾਸਾ ਮਿਲ ਗਿਆ ਕਿ ਇਕੋ ਰੂਪ ਬਣ ਗਏ। ਐਧਰਲੇ ਪਾਸੇ ਜੋ ਸਾਡੇ ਮਾਤਾ ਪਿਤਾ ਸੀ, ਉਨ੍ਹਾਂ ਨੇ ਬਹੁਤ ਘੋਰ ਤਪੱਸਿਆ ਕਰੀ ਸੀ। ਏਸ ਜਨਮ ਦੇ ਅੰਦਰ 28 ਸਾਲ ਮਾਤਾ ਗੁਜਰੀ ਜੀ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਭੌਰੇ ਵਿਚ ਤਪ ਕਰਦੇ ਸੀ ਤੇ ਆਪ ਦਰਵਾਜ਼ੇ ਤੇ ਬੈਠੇ ਰਹਿੰਦੇ ਸੀ। ਜਿੰਨਾ ਨਾਮ ਉਨ੍ਹਾਂ ਨੇ ਜਪਿਆ ਓਨਾ ਹੀ ਮਾਤਾ ਜੀ ਨੇ ਜਪਿਆ। ਮਾਤਾ ਜੀ ਬੰਦਗੀ ਦੇ ਵਿਚ ਕੋਈ ਘੱਟ ਨਹੀਂ ਸੀਗੇ। ਦੋਹਾਂ ਨੇ ਵਾਹਿਗੁਰੂ ਦੀ ਅਰਾਧਨਾ ਕਰੀ। ਕਈ ਤਰੀਕਿਆਂ ਦੇ ਨਾਲ ਭਜਨ ਬੰਦਗੀ ਕਰੀ ਏਸ ਜਨਮ ਵਿਚ ਵੀ ਤੇ ਪਹਿਲੇ ਵਿਚ ਵੀ। ਸੋ ਓਸ ਵੇਲੇ ਹੋਰ ਕੋਈ ਮਾਂ ਨਹੀਂ ਸੀ ਸੰਸਾਰ ਦੇ ਅੰਦਰ ਜਿਹੜੀ ਗੁਰੂ ਦਸਵੇਂ ਪਾਤਸ਼ਾਹ ਨੂੰ ਜਨਮ ਦੇ ਦਿੰਦੀ ਕਿਉਂਕਿ ਤਪ ਵਾਲੀ ਮਾਂ ਹੋਵੇ ਤਾਂ ਮਹਾਂਪੁਰਸ਼ਾਂ ਦਾ ਜਨਮ ਹੋਇਆ ਕਰਦਾ ਹੈ। ਕੋਈ ਵੱਡਾ ਗੁਣ ਹੋਣਾ ਚਾਹੀਦਾ ਹੈ ਮਾਂ ਦੇ ਵਿਚ। ਉਸ ਦੀ ਕੁੱਖ ਵਿਚ ਆ ਕੇ ਨਿਵਾਸ ਕਰਦੀਆਂ ਨੇ ਵੱਡੀਆਂ ਰੂਹਾਂ। ਇਸੇ ਕਰਕੇ ਉਨ੍ਹਾਂ ਮਾਵਾਂ ਨੂੰ ਧੰਨ ਕਹਿੰਦੇ ਨੇ ਕਿ ਧੰਨ ਹੈਂ ਤੂੰ। ਤੇਰੇ ਤਪ ਕਰਕੇ ਜਨਮ ਲਿਆ ਏਸ ਨੇ। ਤਪ ਤੋਂ ਹੀਣੀ ਮਾਂ ਦੇ ਹੋਰ ਤਰ੍ਹਾਂ ਦੇ ਪੁੱਤਰ ਹੁੰਦੇ ਨੇ। ਨਾਸਤਕ ਵਗੈਰਾ। ਏਸੇ ਕਰਕੇ ਉਸਨੂੰ ਕਹਿੰਦੇ ਨੇ ਤੂੰ ਵਿਧਵਾ ਹੋ ਜਾਂਦੀ ਤਾਂ ਚੰਗਾ ਸੀ, ਐਸੇ ਪੁੱਤਰ ਤਾਂ ਨਾ ਹੁੰਦੇ ਜਿਹੜੇ ਸੰਸਾਰ ਨੂੰ ਖਰਾਬ ਕਰਦੇ ਨੇ।

ਵਾਹਿਗੁਰੂ ਪ੍ਰਸੰਨ ਹੋ ਗਏ। ਵਾਹਿਗੁਰੂ ਨੇ ਮੈਨੂੰ ਹੁਕਮ ਦੇ ਦਿਤਾ ਕਿ ਤੁਸੀਂ ਸੰਸਾਰ ਵਿਚ ਜਾਓ। ਅਸੀਂ ਕਿਸੇ ਕਰਮ ਦੇ ਬੰਨ੍ਹੇ ਹੋਏ ਨਹੀਂ ਆਏ, ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ ਤੇ ਬਹੁਤ ਗੱਲਾਂ ਸਮਝਾ ਕੇ ਭੇਜਿਆ ਹੈ। ਸੰਸਾਰ ਦੀ ਹਾਲਤ ਦੇਖ ਕੇ ਕਿ ਐਸ ਵੇਲੇ ਜੋ ਕਲਜੁਗ ਦਾ ਜ਼ੋਰ ਚਲ ਰਿਹਾ ਹੈ, ਇਹਦੇ ਵਿਚ ਦੋ ਪੱਖ ਨੇ, ਇਕ ਤਾਂ ਉਹ ਸੀ ਜੋ ਰੂਹਾਨੀ ਪੱਖ ਸੀ, ਪਾਖੰਡ ਵਗੈਰਾ ਉਹ ਤਾਂ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਨੌਂ ਜਾਮਿਆ ਵਿਚ ਜੋਤ ਕੰਮ ਕਰਕੇ ਭਰਮ ਤੇ ਵਹਿਮ ਹਟਾ ਦਿਤੇ ਸੀ। ਹੁਣ ਐਸੇ ਜਾਮੇ ਦੀ ਲੋੜ ਸੀ ਜਿਹੜਾ ਅਮੋੜ ਬੰਦਿਆਂ ਨੂੰ ਵੀ ਮੋੜ ਸਕੇ। ਜਿਸ ਦਾ ਜਲਵਾ, ਜਿਹਦਾ ਰੋਹਬ ਉਨ੍ਹਾਂ ਦੇ ਉਤੇ ਵੀ ਕਾਇਮ ਹੋ ਜਾਵੇ। ਸੋ ਅਕਾਲ ਪੁਰਖ ਨੇ ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਸਮਝਾ ਕੇ ਭੇਜਿਆ ਤਾਂ ਮਹਾਰਾਜ ਕਹਿੰਦੇ –

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।*
*(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)*

ਕਿਉਂਕਿ ਪਰਮ ਅਨੰਦ ਨੂੰ ਛੱਡ ਕੇ ਜਦੋਂ ਅਸੀਂ ਨਾਟਕ ਦੇਖਿਆ, ਯੁੱਧ ਹੀ ਯੁੱਧ ਨੇ, ਥਾਂ-ਥਾਂ ਤੇ ਤੁਰੇ ਫਿਰਨਾ ਹੈ, ਬੱਚੇ ਵੀ ਸ਼ਹੀਦ ਕਰਾ ਦੇਣੇ ਨੇ, ਪਿਤਾ ਵੀ ਸ਼ਹੀਦ ਕਰਾ ਦੇਣਾ ਹੈ, ਮਾਤਾ ਵੀ ਸ਼ਹੀਦ ਕਰਾ ਦੇਣੀ ਹੈ, ਬੇਅੰਤ ਪਿਆਰੇ ਜਿਹੜੇ ਸਿੰਘ ਨੇ, ਸਾਥੀ ਨੇ ਉਹ ਸਭ ਸ਼ਹੀਦ ਹੋ ਜਾਣੇ ਨੇ ਤੇ ਭੁੰਜੇ ਸੌਣਾ ਹੈ ਰੋੜਾਂ ਦੀ ਸੇਜ ਤੇ। ਸਾਰਾ ਜਦੋਂ ਹਾਲ ਦੇਖਿਆ ਮਹਾਰਾਜ ਕਹਿੰਦੇ ਉਸ ਵੇਲੇ ਸਾਡੇ ਚਿਤ 'ਚ ਪ੍ਰਭੂ ਦੇ ਪਿਆਰ ਦਾ ਜੋ ਅਨੰਦ ਸੀ ਉਹਨੂੰ ਛੱਡਣ ਨੂੰ ਜੀਅ ਨਾ ਕਰਿਆ।

*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੈ ਇਹ ਲੋਕ ਪਠਾਯੋ।*
*(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)*

ਜਿਵੇਂ ਤਿਵੇਂ ਸਮਝਾਉਣਾ ਕੀਤਾ ਕਿ ਹੁਣ ਤੁਹਾਨੂੰ ਜਾਣਾ ਹੀ ਪੈਣਾ ਹੈ। ਜਦੋਂ ਮੈਂ ਏਧਰ ਦੇਖਦਾ ਹਾਂ ਉਸ ਵੇਲੇ ਇਧਰਲਾ ਬਹੁਤ ਹੀ ਬੁਰਾ ਹਾਲ ਐ। ਬੜਾ ਹੀ ਜ਼ਾਲਮ ਬਾਦਸ਼ਾਹ ਸੰਸਾਰ ਦੇ ਪੱਟ ਤੇ ਔਰੰਗਜ਼ੇਬ ਆਇਆ ਹੋਇਆ ਹੈ, ਜਿਹਨੇ ਇਹ ਪ੍ਰਣ ਕਰ ਲਿਆ ਸੀ ਕਿ ਜਦੋਂ ਤਕ ਸਵਾ ਮਣ ਜਨੇਊ ਨਹੀਂ ਲਹਿੰਦੇ, ਮੈਂ ਖਾਣਾ ਨਹੀਂ ਖਾਣਾ। ਆਪਣੇ ਪਿਤਾ ਨੂੰ ਕਤਲ ਕਰਾ ਦਿਤਾ, ਭਰਾਵਾਂ ਨੂੰ ਕਰਾ ਦਿਤਾ। ਵੱਡੇ-ਵੱਡੇ ਸਰਮੱਦ ਵਰਗੇ ਪੀਰਾਂ ਨੂੰ ਕਤਲ ਕਰਾ

ਦਿਤਾ। ਮੁਸਲਮਾਨਾਂ ਨੂੰ ਵੀ ਕਰਾ ਦਿਤਾ, ਹਿੰਦੂ ਸੰਤਾਂ ਨੂੰ ਵੀ ਕਰਾ ਦਿਤਾ। ਜ਼ੋਰ ਜਬਰ ਦੇ ਨਾਲ ਚਲਾਉਂਦਾ ਸੀ ਰਾਜ ਅਤੇ ਧਰਮ ਨੂੰ ਆਪਣੀ ਮਰਜ਼ੀ ਦੇ ਨਾਲ। ਜਿਹੜੇ ਸਾਧੂ ਸੀ ਉਹ ਸੁਤੰਤਰ ਹੁੰਦੇ ਨੇ, ਚਾਹੇ ਕਿਸੇ ਵੀ ਧਰਮ ਦੇ ਹੋਣ, ਉਨ੍ਹਾਂ ਨੂੰ ਜੇ ਕੋਈ ਆਪਣੀ ਮਰਜ਼ੀ ਨਾਲ ਚਲਾਵੇ ਤਾਂ ਜ਼ਬਰ ਹੋ ਜਾਇਆ ਕਰਦਾ ਹੈ। ਜੋ ਸੂਫੀ ਪੀਰ ਸਨ ਉਹ ਪ੍ਰਮੇਸ਼ਰ ਦਾ ਨੂਰ ਸਭ ਵਿਚ ਦੇਖਦੇ ਸਨ। ਸਾਰਿਆਂ ਦੇ ਅੰਦਰ ਪ੍ਰਭੂ ਦੀ ਜੋਤ ਦੇਖਦੇ ਸੀ। ਸੋ ਉਨ੍ਹਾਂ ਨੂੰ ਵੀ ਉਹ ਉਨ੍ਹਾਂ ਲਾਇਨਾਂ 'ਚੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ। ਗਿਆਨ ਦੀ ਅਵਸਥਾ 'ਚ ਨਹੀਂ ਸੀ ਪਹੁੰਚਣ ਦਿੰਦਾ। ਜਦੋਂ ਇਹ ਸਾਰਾ ਹਾਲ ਦੇਖਿਆ ਕਿ ਸਾਰੇ ਹੀ ਕਰੱਪਸ਼ਨ ਹੋ ਗਈ ਤੇ ਹੋ ਵੀ ਧਰਮ ਦੇ ਨਾਮ ਤੇ ਗਈ। ਜਦੋਂ ਧਰਮ ਦੇ ਨਾਮ ਤੇ ਹੀ ਬੰਦੇ ਮਾਰੇ ਜਾਣ ਲਗ ਜਾਣ ਫੇਰ ਬਚਾਓ ਕਿਥੇ ਹੋਇਆ ਕਰਦਾ ਹੈ, ਕਿਤੇ ਵੀ ਨਹੀਂ ਹੋਇਆ ਕਰਦਾ।

ਜੇ ਪਰਮਾਰਥ ਵਾਸਤੇ ਹੀ ਪਾਪ ਕਰਨ ਲੱਗ ਜਾਵੇ ਫੇਰ ਤਾਂ ਧਰਮਰਾਜ ਡਰ ਕੇ ਅਕਾਲਪੁਰਖ ਕੋਲ ਚਲਿਆ ਜਾਂਦਾ ਹੈ। ਕਿਉਂ ਡਰਦਾ ਹੈ ਕਿਉਂਕਿ ਉਹ ਐਡਾ ਵੱਡਾ ਅਪਰਾਧ ਕਰ ਦਿੰਦਾ ਹੈ, ਧਰਮ ਦੇ ਨਾਮ ਤੇ। ਧਰਮਰਾਜ ਨੂੰ ਇਹ ਨਹੀਂ ਪਤਾ ਲਗਦਾ ਕਿ ਇਨ੍ਹਾਂ ਨੂੰ ਕਿਹੜੇ ਨਰਕ ਵਿਚ ਮੈਂ ਸੁੱਟਾਂ। ਅਕਾਲਪੁਰਖ ਨੂੰ ਪੁਛਦੇ ਨੇ ਕਿ ਮੈਨੂੰ ਕੋਈ ਨਵਾਂ ਨਰਕ ਬਣਾ ਕੇ ਦਿਓ, ਪਹਿਲੇ ਨਰਕ ਜਿਹੜੇ ਨਿੰਦਕਾਂ ਦੇ, ਹਥਿਆਰਿਆਂ ਦੇ, ਠੱਗਾਂ ਦੇ, ਚੋਰਾਂ ਦੇ, ਬੇਮੁਖਾਂ ਦੇ ਉਨ੍ਹਾਂ 'ਚ ਇਨ੍ਹਾਂ ਦੀ ਥਾਂ ਨਹੀਂ ਹੈ, ਇਨ੍ਹਾਂ ਨੇ ਤਾਂ ਧਰਮ ਦੇ ਨਾਉਂ ਤੇ ਪਾਪ ਕਰੇ ਨੇ। ਲੇਕਿਨ ਪਾਪ ਕਰਨ ਵਾਲਾ ਇਹ ਸਮਝਦਾ ਹੈ ਕਿ ਮੈਂ ਪੁੰਨ ਕਰਿਆ ਹੈ, ਫਰਕ ਐਨਾ ਸੀ ਸੋਚ ਦਾ ਸਾਰਾ ਹੀ। ਸੋ ਮਹਾਰਾਜ ਕਹਿੰਦੇ ਇਹ ਸਾਰੀਆਂ ਚੀਜ਼ਾਂ ਦੇਖ ਕੇ ਸਾਡਾ ਚਿੱਤ ਨਾ ਕਰੇ। ਉਸ ਵੇਲੇ ਅਕਾਲ ਪੁਰਖ ਨੇ ਸਾਨੂੰ ਹੁਕਮ ਦਿਤਾ।

***ਮੈ ਅਪਨਾ ਸੁਤ ਤੁਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ। ਜਹਾ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।***

***(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)***

ਕਹਿਣ ਲੱਗੇ, ਮੈਂ ਆਪ ਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ। ਨਿਵਾਜਿਸ਼ ਪਹਿਲਾਂ ਹੋਈ ਹੈ।

ਸੰਸਾਰ ਦੇ ਉਤੇ ਬਹੁਤ ਮਹਾਂਪੁਰਖ ਆਏ ਨੇ। ਜਦੋਂ ਤੋਂ ਸੰਸਾਰ ਰਚਿਆ ਹੈ ਉਦੋਂ ਤੋਂ ਆਉਂਦੇ ਹੀ ਰਹਿੰਦੇ ਨੇ। ਇਸੇ ਤਰ੍ਹਾਂ ਇਸਲਾਮ ਦੇ ਪੈਗੰਬਰ ਮੁਹੰਮਦ ਸਾਹਿਬ ਜੀ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਇਆ, ਉਸ ਤੋਂ ਬਾਅਦ ਉਨ੍ਹਾਂ ਨੂੰ ਬੁਲਾਇਆ ਗਿਆ, ਸਤਵੇਂ ਅਸਥਾਨ ਤੇ ਆ ਕੇ ਪ੍ਰਮੇਸ਼ਰ ਦੇ ਆਮ੍ਹਣੇ ਸਾਮ੍ਹਣੇ ਗੱਲ ਹੋਈ। ਹੋਰ ਬੇਅੰਤ ਮਹਾਤਮਾ ਹੋਏ ਨੇ ਵੱਡਿਆਂ-ਵੱਡਿਆਂ ਦਾ ਮੈਂ ਜ਼ਿਕਰ ਕਰਦਾ ਹਾਂ। ਗੁਰੂ ਦਸ਼ਮੇਸ਼ ਪਿਤਾ ਨੂੰ ਦਰਗਾਹ ਦੇ ਵਿਚ ਤੁਰਨ ਤੋਂ ਪਹਿਲਾਂ ਨਿਵਾਜਿਸ਼ ਹੋਈ ਤੇ ਈਸਾ ਜੀ ਨੂੰ ਇਹ ਕਹਿੰਦੇ ਨੇ ਕਿ ਜਦੋਂ ਉਨ੍ਹਾਂ ਨੇ ਸੰਸਾਰ ਦਾ ਕੰਮ ਦੇਖਿਆ ਕਿ ਬਹੁਤ ਜ਼ਾਲਮ ਬਾਦਸ਼ਾਹ ਨੇ, ਬਾਦਸ਼ਾਹ ਤਾਂ ਸੁਣਦੇ ਹੀ ਨਹੀਂ ਕਿਸੇ

ਦੀ ਗੱਲ। ਉਸ ਆਖਿਆ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਪੁੱਤਰ ਦੀ ਪਦਵੀ ਦਿੰਦਾ ਹਾਂ। ਦਸ਼ਮੇਸ਼ ਪਿਤਾ ਨੂੰ ਜਦੋਂ ਸੰਸਾਰ ਤੋਰਿਆ ਤਾਂ ਕਿਹਾ ਕਿ ਮੈਂ ਤੈਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ। ਵੈਸੇ ਪ੍ਰਮੇਸ਼ਰ ਦਾ ਕੋਈ ਪੁੱਤਰ ਨਹੀਂ, ਸਾਰੇ ਪੁੱਤਰ ਨੇ ਜਿੰਨਾਂ ਸੰਸਾਰ ਹੈ। ਨਾ ਕੋਈ ਮਾਂ ਹੈ ਓਹਦੀ ਨਾ ਕੋਈ ਪਿਉ ਹੈ, ਨਾ ਕੋਈ ਭਰਾ ਹੈ, ਉਹ ਨਿਵਾਜਦਾ ਹੈ। ਪੁੱਤਰ ਦਾ ਦਰਜਾ ਦਿੰਦਾ ਹੈ। ਕਹਿੰਦੇ ਮੈਂ ਪੁੱਤਰ ਦਾ ਦਰਜਾ ਦੇ ਕੇ ਭੇਜਦਾ ਹਾਂ। ਉਥੇ ਜਾ ਕੇ ਧਰਮ ਚਲਾਉਣਾ ਹੈ, ਧਰਮ ਦੀ ਗੱਲ ਹੁਣ ਸਮਝ ਵਿਚ ਨਹੀਂ ਆਉਂਦੀ ਸਾਡੇ ਕਿ ਧਰਮ ਕਿਹੜਾ ਚਲਾਉਣਾ ਸੀਗਾ। ਇਕ ਤਾਂ ਇਸੇ ਕਥਾ ਦੇ ਅੰਦਰ ਗੁਰੂ ਮਹਾਰਾਜ ਆਪਣੇ ਦਸਤੇ ਮੁਬਾਰਕ ਨਾਲ ਲਿਖਦੇ ਨੇ ਕਿ ਜਿੰਨੇ ਵੀ ਸਿਆਣੇ ਆਏ ਉਨ੍ਹਾਂ ਨੇ ਆਪਣਾ-ਆਪਣਾ ਚਲਾ ਦਿਤਾ। ਰੱਬ ਦਾ ਰਾਹ ਨਾ ਕਿਸੇ ਨੇ ਦੱਸਿਆ ਤੇ ਆਪਣੇ ਆਪ ਨੂੰ ਵਿਚ ਰੱਖ ਲਿਆ ਕਿ ਮੈਨੂੰ ਵੀ ਮੰਨੋ ਮੇਰੇ ਰਾਹੀਂ ਤੁਸੀਂ ਰੱਬ ਕੋਲ ਪਹੁੰਚ ਸਕਦੇ ਹੋਂ ਜਦੋਂ ਆਪ ਨੇ ਇਹ ਗੱਲ ਕਹਿ ਦਿਤੀ ਤਾਂ ਫੇਰ ਕਿਹੜਾ ਧਰਮ ਰਹਿ ਗਿਆ। ਜਦੋਂ ਇਕ ਪਾਸੇ ਤਾਂ ਹੁਕਮ ਹੈ ਕਿ ਆਪਣੇ ਪਿਛੇ ਨਹੀਂ ਕੋਈ ਲਾਉਣਾ। ਮਹਾਰਾਜ ਕਹਿੰਦੇ ਦੇਖੋ ਅਸੀਂ ਆਪਣੇ ਪਿਛੇ ਨਹੀਂ ਲਾਉਂਦੇ-

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*

*(ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ)*

ਦੇਖਿਓ ਮੈਨੂੰ ਨਾ ਰੱਬ ਕਹਿਣ ਲਗ ਜਾਣਾ ਭੁੱਲ ਕੇ। ਪ੍ਰਮੇਸ਼ਰ ਤਾਂ ਓਹੀ ਹੈ ਜਿਹੜਾ ਸਾਰੇ ਪਰੀਪੂਰਨ ਹੈ। ਉਹਦੇ ਹੀ ਮੈਂ ਲੜ ਲਾਉਣ ਵਾਸਤੇ ਆਇਆ ਹਾਂ ਤੇ ਇਕ ਰਸਤਾ ਪ੍ਰਚਲਤ ਕਰਨ ਵਾਸਤੇ ਆਇਆ ਹਾਂ ਜਿਹਨੂੰ ਧਰਮ ਦਾ ਰਾਹ ਕਹਿੰਦੇ ਨੇ। ਧਰਮ ਦੇ ਰਾਹ ਦੀਆਂ ਇਨਸਾਨੀ ਕੀਮਤਾਂ ਹੁੰਦੀਆਂ ਨੇ। ਉਹ ਮਨੁੱਖ ਦੇ ਵਿਚੋਂ ਗਾਇਬ ਹੋ ਗਈਆਂ ਸੀ। ਉਹ ਮਨੁੱਖ ਦੇ ਵਿਚ ਦੁਬਾਰਾ ਭਰਨੀਆਂ ਸੀ, ਖਿਮਾ ਰਹੀ ਨਹੀਂ ਸੀ, ਦਇਆ ਨਹੀਂ ਸੀ ਰਹੀ, ਸਤਿ ਦਾ ਜੀਵਨ ਨਹੀਂ ਸੀ ਰਿਹਾ, ਅਹਿੰਸਾ ਖਤਮ ਹੋ ਗਈ ਸੀ, ਬ੍ਰਹਮਚਰੀਆ ਨਹੀਂ ਸੀ ਰਿਹਾ, ਤਪ ਨਹੀਂ ਸੀ ਰਿਹਾ, ਦਾਨ ਨਹੀਂ ਸੀ ਰਿਹਾ। ਸਤਿ ਨਹੀਂ ਸੀ ਰਿਹਾ, ਸੰਤੋਖ ਨਹੀਂ ਸੀ ਰਿਹਾ, ਸ਼ੀਲ ਨਹੀਂ ਸੀ ਰਹੀ, ਸੁੱਚ ਨਹੀਂ ਸੀ ਰਹੀ। ਇਹ ਸਾਰੀਆਂ ਜਿਹੜੀਆਂ ਉਚੀਆਂ ਕੀਮਤਾਂ ਨੇ, ਇਸ ਤੋਂ ਆਦਮੀ ਖਾਲੀ ਹੋ ਗਿਆ ਸੀ। ਅਕਾਲ ਪੁਰਖ ਨੇ ਕਿਹਾ ਕਿ ਮਨੁੱਖ ਖਾਲੀ ਹੋ ਕੇ ਦੁਖੀ ਹੋ ਰਿਹਾ ਹੈ। ਜਦੋਂ ਤੱਕ ਇਹਦੇ ਅੰਦਰ ਇਹ ਗੁਣ ਨਹੀਂ ਹੋਣਗੇ, ਇਹ ਲੰਘੇਗਾ ਨਹੀਂ। ਧਰਮ ਨੂੰ ਇਕ ਰੂਪ-ਰੇਖਾ ਬਣਾ ਲਿਆ ਏਸ ਨੇ। ਧਰਮ ਨੂੰ ਸਮਝਿਆ ਨਹੀਂ ਹੈ। ਜੇ ਗੁਰੂ ਨਾਨਕ ਪਾਤਸ਼ਾਹ ਨੂੰ ਜਨੇਊ ਪਾਉਣ ਵਾਸਤੇ ਆਖਿਆ ਪਾਂਧੇ ਨੇ। ਇਕੱਠ ਹੋਇਆ ਬਹੁਤ ਵੱਡਾ ਤਾਂ ਗੁਰੂ ਨਾਨਕ ਨੇ ਕਿਹਾ ਕਿ ਇਹ ਜਨੇਊ ਕੀ ਕੰਮ ਕਰਦਾ ਹੈ? ਧਾਗਾ ਗਲ ਵਿਚ ਪਾ ਕੇ ਮੇਰਾ ਕੀ ਬਣ ਜਾਏਗਾ? ਕਹਿੰਦੇ ਯੁਗਿਓਪਵਿੱਤ ਜਿਹੜਾ ਤੂੰ ਪਾਉਣਾ ਹੈ ਇਹਦੇ ਨਾਲ ਤੂੰ ਹਿੰਦੂ ਬਣ ਜਾਏਂਗਾ, ਹਾਲੇ ਤਕ ਤੂੰ ਕੁਛ ਵੀ ਨਹੀਂ ਹੈਗਾ। ਤੇਰੀ ਜਾਤ ਖਤਰੀ ਦੀ ਹੈ ਤੇ ਜਦੋਂ ਜਨੇਊ ਪਾਏਂਗਾ ਤਾਂ ਤੈਨੂੰ ਸਭਾ ਸੁਸਾਇਟੀ ਨੇ ਮਾਣ ਦੇਣਾ ਹੈ, ਨਹੀਂ ਤੇਰਾ ਬਾਈਕਾਟ ਕਰ ਦੇਣਗੇ। ਤੇਰੇ ਨਾਲ ਕਿਸੇ ਨੇ ਬੋਲਣਾ ਨਹੀਂ। ਮਹਾਰਾਜ ਕਹਿੰਦੇ ਕੋਈ ਨਹੀਂ, ਇਹ ਤਾਂ ਫੇਰ ਕੋਈ ਗਲ ਨਹੀਂ, ਧਾਗਾ ਪਾ ਕੇ ਕੀ ਆਦਮੀ ਬਦਲ ਗਿਆ? ਬੰਦਾ ਤਾਂ ਓਹੀ ਡਾਕੇ ਮਾਰਨ ਵਾਲਾ ਹੈ, ਚੋਰੀਆਂ ਕਰਨ ਵਾਲਾ ਹੈ, ਯਾਰੀਆਂ ਕਰਨ ਵਾਲਾ, ਠੱਗੀਆਂ ਕਰਨ ਵਾਲਾ ਹੈ ਤੇ ਇਕ ਧਾਗਾ ਪਾ ਲਿਆ ਉਹਦੇ ਗਲ ਵਿਚ ਉਹ ਪਵਿੱਤਰ ਹੋ ਗਿਆ। ਕਹਿੰਦੇ ਇਹ ਗੱਲ ਤਾਂ ਪਾਧਾ ਜੀ ਮਨ ਨੂੰ ਨਹੀਂ ਲਗਦੀ। ਧਾਗਾ ਪਾ ਲਓ ਤੇ ਪਵਿੱਤਰ ਹੋ ਗਏ। ਕਹਿੰਦੇ ਇਹਦੇ ਵਿਚ ਗੜਬੜ ਹੈ। ਇਹਦਾ ਮਤਲਬ ਇਹ ਨਹੀਂ ਸੀ ਇਹ ਤਾਂ ਕੋਈ ਪ੍ਰਤੀਕ ਸੀ ਕਿਸੇ ਚੀਜ਼ ਦਾ। ਪਾਧੇ ਨੇ ਕਿਹਾ ਕਿ ਫੇਰ ਜਨੇਊ ਕਿਹੜਾ ਪਾਉਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਜੇ ਜਨੇਊ ਪਾਉਣਾ ਹੈ ਨਾ ਤਾਂ ਦਇਆ ਦੀ ਕਪਾਹ ਲੈ, ਸੰਤੋਖ ਦਾ ਸੂਤ ਲੈ, ਜੱਤ ਦੀਆਂ ਗੱਠਾਂ ਦੇ, ਸਤਿ ਦਾ ਵਟ ਚਾੜ੍ਹ। ਹੁਣ ਸਤਿ ਦਾ ਜੀਵਨ ਤੇ ਜਤ; ਸਾਰੇ ਇੰਦਰਿਆਂ ਦਾ ਜਤ -

*ਮਿਥਿਆ ਨਾਹੀ ਰਸਨਾ ਪਰਸ॥ .......*
*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ .......*
*ਕਰਨ ਨ ਸੁਨੈ ਕਾਹੂ ਕੀ ਨਿੰਦਾ॥ ......* *ਅੰਗ - 274*

ਨਾ ਜ਼ੁਬਾਨ ਦੇ ਉਤੇ ਝੂਠ ਲੱਗੇ। ਨਾ ਕੰਨ ਕਿਸੇ ਦੀ ਨਿੰਦਿਆ ਸੁਣਨ। ਨਾ ਜੀਭ ਕਿਸੇ ਦੀ ਨਿੰਦਿਆ ਚੁਗਲੀ ਦੀ ਗੱਲ ਕਰੇ। ਨਾ ਅੱਖਾਂ ਬੇਗਾਨਾ ਰੂਪ ਦੇਖ ਕੇ ਆਪਣੇ ਆਪ ਨੂੰ ਛੱਡਣ।

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*

*ਅੰਗ - 471*

ਜੇ ਤੇਰੇ ਕੋਲ ਇਹ ਹੈਗਾ ਤਾਂ ਮੈਨੂੰ ਦੇ ਦੇ। ਸੋ ਗੁਰੂ ਨਾਨਕ ਵੀ ਇਨਸਾਨੀ ਕੀਮਤਾਂ ਆਦਮੀ ਦੇ ਅੰਦਰ ਪਾਉਣ ਆਏ ਸੀ। ਇਨਸਾਨੀ ਕੀਮਤਾਂ ਅਲੋਪ ਹੋ ਚੁੱਕੀਆਂ ਸੀ, ਇਹ ਨਹੀਂ ਸੀ ਪਤਾ ਕਿ ਮਨੁੱਖ ਦੀ ਸ਼ਕਲ ਬਦਲ ਦਿਓ, ਨਾ ਇਨਸਾਨੀ ਕੀਮਤਾਂ ਆਦਮੀ ਦੇ ਅੰਦਰ ਭਰਨ ਆਏ ਸੀ। ਪ੍ਰਮੇਸ਼ਰ ਨੇ ਜਿਵੇਂ ਪੈਦਾ ਕੀਤਾ ਸੀ ਮਨੁੱਖ ਨੇ ਉਹਦੇ ਵਿਚ ਭੰਨ-ਤੋੜ ਕਰ ਲਈ। ਗੁਰੂ ਦਸਵੇਂ ਪਾਤਸ਼ਾਹ ਨੇ ਗੱਲ

ਸਮਝਾਉਣੀ ਸੀ ਕਿ ਕੁਦਰਤੀ ਜੀਵਨ ਕਿਵੇਂ ਜੀਉਂਦਾ ਹੈ। ਕੁਦਰਤ ਦੇ ਨਾਲ ਅਸੀਂ ਕਿਵੇਂ ਰਲ ਕੇ ਚਲ ਸਕਦੇ ਹਾਂ ਕਿਉਂਕਿ ਕੁਦਰਤ ਨੇ ਕੋਈ ਗੱਲ ਗਲਤ ਨਹੀਂ ਕਰੀ। ਉਹ ਸਾਡੇ ਭਲੇ ਵਾਸਤੇ ਹੀ ਕਰਦੀ ਹੈ। ਜੋ ਸਾਡੇ ਸਰੀਰ ਦੀ ਬਣਤਰ, ਜੋ ਬੀਬੀਆਂ ਦੇ ਸਰੀਰ ਦੀ ਬਣਤਰ ਉਹ ਕੁਦਰਤ ਨੇ ਬਣਾਈ ਹੈ। ਇਹਨੂੰ ਭੰਨ ਤੋੜ ਕਰੀਏ ਫੇਰ ਗਲਤ ਹੋ ਜਾਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਨੂੰ ਹੁਕਮ ਹੋਇਆ ਕਿ ਜਿਹੜੀ ਲੋਕਾਂ ਦੀ ਮਾੜੀ ਬੁੱਧੀ ਹੈ ਉਸਨੂੰ ਦੂਰ ਕਰੋ, ਜਿਹੜੇ ਗਲਤ ਨਿਹਚੇ ਨੇ ਉਨ੍ਹਾਂ ਨੂੰ ਦੂਰ ਕਰੋ। ਮਹਾਰਾਜ ਕਹਿੰਦੇ ਜਦੋਂ ਅਸੀਂ ਧਿਆਨ ਕਰਕੇ ਦੇਖਿਆ ਸਾਨੂੰ ਨਜ਼ਰ ਆਇਆ ਕਿ ਹਰੀ ਦੀ ਜੋਤ ਤਾਂ ਅਲੋਪ ਹੋ ਗਈ ਸਾਰਿਆਂ ਦੇ ਹਿਰਦਿਆਂ ਦੇ ਵਿਚੋਂ ਤੇ ਮਾਇਆ ਦਾ ਗੁਬਾਰ ਹਰ ਹਿਰਦੇ ਦੇ ਵਿਚ ਛਾਇਆ ਹੋਇਆ ਹੈ।

ਕਿਸੇ ਨੇ ਪੱਥਰ ਇਕੱਠੇ ਕਰ ਲਏ, ਉਹਨੂੰ ਹੀ ਵਾਹਿਗੁਰੂ ਕਹਿਣ ਲੱਗ ਗਏ। ਕਿਸੇ ਨੇ ਮਹੇਸ਼ ਨੂੰ ਵਾਹਿਗੁਰੂ ਕਹਿਣਾ ਸ਼ੁਰੂ ਕਰ ਦਿਤਾ। ਦੇਵਤਿਆਂ ਨੂੰ ਵਾਹਿਗੁਰੂ ਕਹਿਣ ਲੱਗ ਗਏ। ਕਿਸੇ ਨੇ ਕਿਹਾ ਸਾਡੇ ਮੰਦਰ 'ਚ ਰੱਬ ਰਹਿੰਦਾ ਹੈ ਹੋਰ ਕਿਤੇ ਨਹੀਂ ਹੈ। ਕਿਸੇ ਨੇ ਕਿਹਾ ਕਿ ਮਸਜਿਦ ਵਿਚ ਹੀ ਰੱਬ ਰਹਿੰਦਾ ਹੈ ਹੋਰ ਬਾਹਰ ਕਿਤੇ ਨਹੀਂ।

ਵਾਹਗਿਰੂ ਤਾਂ ਸਾਧਸੰਗਤ ਜੀ! ਦਿਲ ਵਿਚ ਰਹਿੰਦਾ ਹੈ। ਕੋਈ ਥਾਂ ਐਸਾ ਨਹੀਂ ਜਿਥੇ ਉਹ ਨਾ ਹੋਵੇ। ਕਿਸੇ ਨੇ ਰਾਮਚੰਦਰ ਜੀ ਨੂੰ ਕਿਸੇ ਨੇ ਕ੍ਰਿਸ਼ਨ ਮਹਾਰਾਜ ਨੂੰ ਰੱਬ ਕਹਿ ਦਿਤਾ। ਕੋਈ ਮੱਛ ਅਵਤਾਰ ਨੂੰ ਮੰਨਦਾ ਹੈ, ਆਪਣੀ ਆਪਣੀ ਮਾਨਤਾ ਸ਼ੁਰੂ ਹੋ ਗਈ। ਮਹਾਰਾਜ ਕਹਿੰਦੇ ਛੱਡ ਦੇ ਇਹ ਚੀਜ਼ਾਂ ਫੋਕਟ ਨੇ, ਜਿਵੇਂ ਬਦਾਮ ਦੀ ਗਿਰੀ ਤਾਂ ਕੱਢ ਕੇ ਸੁੱਟ ਦੇਈਏ ਬਾਹਰ ਤੇ ਛਿਲਕਾ ਕੋਈ ਸਾਂਭ-ਸਾਂਭ ਕੇ ਰੱਖੀ ਜਾਵੇ। ਉਹਨੂੰ ਸਿਆਣਾ ਤਾਂ ਕਿਹਾ ਨਹੀਂ ਜਾਂਦਾ, ਉਹਨੂੰ ਫੋਕਟ ਕਹਿੰਦੇ ਨੇ। ਨਿੰਬੂ ਨਚੋੜ ਲਿਆ ਤੇ ਉਹ ਫੋਕਟ ਨੂੰ ਸਾਂਭੀ ਫਿਰਦਾ ਹੈ। ਮਹਾਰਾਜ ਕਹਿੰਦੇ ਛੱਡ ਦੇ ਫੋਕਟ ਕਰਮ ਸਾਰੇ। ਜੀਅ ਦੇ ਵਿਚ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ ਨਾ ''ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ'' ਉਹਨੂੰ ਤੂੰ ਰੱਬ ਜਾਣ। ਜਿਹੜਾ ਹਰ ਥਾਂ ਦੇ ਉਤੇ ਹੈ। ਸੋ ਇਹੀ ਉਪਦੇਸ਼ ਆ ਕੇ ਗੁਰੂ ਮਹਾਰਾਜ ਨੇ ਸਾਨੂੰ ਦਿਤਾ –

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥* *(ਖਾਲਸਾ)*

ਸੰਸਾਰ ਨੂੰ ਦੱਸਿਆ ਗੁਰੂ ਮਹਾਰਾਜ ਨੇ ਆ ਕੇ ਕਿ ਵਾਹਿਗੁਰੂ ਨਾ ਪੱਥਰ ਹੈ, ਨਾ ਕਿਸੇ ਮੰਦਰ ਵਿਚ ਕੈਦ ਹੈ, ਨਾ ਕਿਸੇ ਮਸਜਿਦ ਵਿਚ ਕੈਦ ਹੈ, ਨਾ ਕਿਸੇ ਹੋਰ ਥਾਂ ਕੈਦ ਹੈ, ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਅੰਗ - 677*

ਜਿਥੇ ਵੀ ਅਸੀਂ ਜਾਵਾਂਗੇ ਉਹ ਜਾਗ੍ਰਤ ਜੋਤ ਭਰਪੂਰ ਹੋ ਰਹੀ ਹੈ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਕਿਸੇ ਪਾਸੇ ਅੰਤ ਨਹੀਂ ਹੈ ਵਾਹਿਗੁਰੂ ਦਾ। ਉਹ ਤਾਂ ਜੋਤੀ ਸਾਰੇ ਪਰੀਪੂਰਨ ਹੈ। ਵਾਹਿਗੁਰੂ, ਅੱਲਾ, ਰਾਮ ਕੁਛ ਕਹੋ, ਉਹਨੂੰ ਕਹੋ। ਮੜ੍ਹੀਆਂ, ਮਸਾਣਾਂ ਨੂੰ ਮੰਨੀ ਜਾਂਦਾ ਹੈ। ਮੜ੍ਹੀਆਂ ਵਿਚ ਕੀ ਪਿਆ ਹੈ। ਆਦਮੀ ਜਿਉਂਦਾ-ਜਿਉਂਦਾ ਕੁਛ ਕਰ ਨਾ ਸਕਿਆ। ਇੱਟਾਂ ਲਾ ਦਓ, ਫੇਰ ਉਹਨੂੰ ਮੱਥੇ ਟੇਕੀ ਜਾਓ। ਰੱਬ ਨੂੰ ਕਿਉਂ ਨਹੀਂ ਮੰਨਦੇ ਜਿਹੜਾ ਸਾਰੇ ਪਰੀਪੂਰਨ ਹੈ। ਮੁਰਦਾ ਕੀ ਕਰੂਗਾ, ਜੇ ਉਹਦੇ ਵਿਚ ਤਾਕਤ ਹੁੰਦੀ ਤਾਂ ਜਿਉਂਦਾ-ਜਿਉਂਦਾ ਹੀ ਕਰ ਲੈਂਦਾ ਸਭ ਕੁਛ। ਉਹਨੂੰ ਕਿਉਂ ਮੱਥੇ ਟੇਕਦੇ ਓਂ। ਆਪੇ ਹੀ ਬਣਾ ਕੇ ਆਪੇ ਹੀ ਫੇਰ ਡਰੀ ਜਾਂਦੇ ਨੇ। ਮਹਾਰਾਜ ਕਹਿੰਦੇ ਭੁੱਲ ਕੇ ਵੀ ਨਾ ਕਰਿਓ ਇਹ ਕੰਮ ਪ੍ਰੇਮੀਓ। ਤੁਹਾਡੀ ਪ੍ਰਮੇਸ਼ਰ ਦੇ ਨਾਲ ਦੂਰੀ ਪੈ ਜਾਏਗੀ। ਤੁਹਾਡੇ ਅੰਦਰਲੇ ਪਾਸੇ ਇਕ ਹੋਰ ਆ ਵੜੇਗਾ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ॥ ਅੰਗ - 1263*

ਇਹ ਤਾਂ ਸਾਡੇ ਅੰਦਰ ਇਕ ਵਾਹਿਗੁਰੂ ਰਹਿੰਦਾ ਹੈ, ਇਕ ਮੈਂ ਰਹਿੰਦਾ ਹੈ। ਜੇ ਇਕ ਹੋਰ ਵਾੜ ਲਈਏ ਫੇਰ ਤਾਂ ਗੜਬੜ ਮੱਚਣੀ ਹੀ ਹੈ। ਜਿਹੜਾ ਸਮਰੱਥ ਹੈ ਉਹਨੂੰ ਮੰਨੋ ਵਾਹਿਗੁਰੂ, ਅੱਲਾ, ਰਾਮ, ਕਿਸੇ ਨੂੰ ਵੀ। ਜਦੋਂ ਉਹਨੂੰ ਹਿਰਦੇ ਵਿਚ ਵਸਾ ਲਿਆ ਮਹਾਰਾਜ ਕਹਿੰਦੇ ਫੇਰ ਨਾ ਮੰਨ, ਵਰਤਾਂ ਨੂੰ, ਨਾ ਗੋਰਾਂ ਨੂੰ, ਨਾ ਕਬਰਾਂ ਨੂੰ, ਨਾ ਮੜ੍ਹੀਆਂ ਨੂੰ, ਮੱਠਾਂ ਨੂੰ। ਤੀਰਥਾਂ ਦਾ, ਦਾਨਾਂ ਦਾ, ਦਇਆ ਦਾ, ਤਪ ਦਾ ਇਨ੍ਹਾਂ ਦਾ ਆਸਰਾ ਨਾ ਲਓ। ਵਾਹਿਗੁਰੂ ਨੂੰ ਹੀ ਦੇਖੋ ਸਾਰੇ ਪਰੀਪੂਰਨ। ਜਦੋਂ ਘਟ ਦੇ ਅੰਦਰ ਹਨ੍ਹੇਰਾ ਦੂਰ ਹੋ ਗਿਆ, ਸਾਰੇ ਇਕ ਵਾਹਿਗੁਰੂ ਦਿਸਣ ਲਗ ਗਿਆ ਫੇਰ ਕਹਿੰਦੇ ਕੀ ਹੁੰਦੈ ਮਨੁੱਖ ਜਿਹੜਾ ਮੈਲ ਦਾ ਭਰਿਆ ਹੋਇਆ ਸੀ। ਉਹ ਮਨੁੱਖ ਪਵਿੱਤਰ ਹੋ ਗਿਆ। ਫੇਰ ਉਹਦੀ ਨਿਸ਼ਾਨੀ ਕੀ ਹੈ?

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*

ਜਿਹਨੇ ਸਾਰੇ ਆਤਮਾ ਪਰੀਪੂਰਨ ਤੱਕ ਲਈ, ਨਿਹਚਾ ਹੋ ਗਿਆ ਜਿਹਦਾ ਕਿ ਸਾਰੇ ਆਤਮਾ ਪਰੀਪੂਰਨ ਹੈ,

ਉਹਦਾ ਰਸ ਜਿਹਨੂੰ ਆ ਗਿਆ। ਇਕ ਤਾਂ ਅਕਲ ਨਾਲ ਜਿਹਨੇ ਸੋਚ ਲਿਆ, ਇਕ ਹੁੰਦਾ ਹੈ ਜਿਹਨੂੰ ਰਸ ਆ ਗਿਆ। ਕਹਿੰਦੇ ਉਹ ਖਾਲਸਾ ਹੁੰਦਾ ਹੈ।

*ਪ੍ਰਭਿ ਮਹਿ ਮੋਹ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

*ਅਕਾਲ ਉਸਤਤਿ*

ਕਿੱਡਾ ਵੱਡਾ ਹੋ ਗਿਆ ਉਹ। ਕਹਿੰਦੇ ਨਾ ਮੇਰੇ ਵਿਚ, ਨਾ ਵਾਹਿਗੁਰੂ ਵਿਚ, ਨਾ ਉਹਦੇ ਵਿਚ ਕੋਈ ਭੇਤ ਨਹੀਂ ਹੈ। ਸੋ ਐਸਾ ਗੁਰੂ ਮਹਾਰਾਜ ਨੇ ਆ ਕੇ ਉਪਦੇਸ਼ ਦਿਤਾ। ਐਸਾ ਧਰਮ ਦੇ ਵਿਚ ਉਨ੍ਹਾਂ ਨੇ ਇਨਕਲਾਬ ਲਿਆਂਦਾ ਕਿ ਉਨ੍ਹਾਂ ਦਾ ਸਾਰੇ ਬੋਲ-ਬਾਲਾ ਹੋ ਗਿਆ। ਸਭ ਮੰਨਦੇ ਨੇ ਉਨ੍ਹਾਂ ਨੂੰ। ਮਨੁੱਖ ਦੇ ਬਾਰੇ ਉਨ੍ਹਾਂ ਨੇ ਵਿਸ਼ਲੇਸ਼ਨ ਕੀਤਾ ਹੈ ਕਿ ਮਨੁੱਖ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਇਹ ਸਾਰੇ ਮਨੁੱਖ ਚਾਹੇ ਕੋਈ ਇਸਲਾਮ ਦੇ ਵਿਚ ਰਹਿਣ ਵਾਲਾ ਹੈ, ਚਾਹੇ ਕੋਈ ਹਿੰਦੂ ਹੈ, ਚਾਹੇ ਉਹ ਬੋਧੀ ਹੈ, ਜਾਤ ਇਕੋ ਹੀ ਹੈ।

*ਸਚਾ ਅਮਰ ਗੋਬਿੰਦ ਕਾ, ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ, ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨ ਲਹਿਨਿ, ਜੋ ਖਸਮੁ ਵਿਸਾਰੇ।*
*ਗੁਰਸਿਖਾਂ ਮੱਥੇ ਉੱਜਲੇ, ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ, ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

*ਭਾਈ ਗੁਰਦਾਸ ਜੀ (ਦੂਜਾ) ਦੀ ਵਾਰ*

ਪਿਆਰੀ ਸਾਧਸੰਗਤ! ਸੁਣੋ ਗੁਰੂ ਦਾ ਅਮਰ। ਸਤਿਸੰਗਤ ਦਾ ਮਿਲਾਪ ਕਰਾਇਆ ਉਨ੍ਹਾਂ ਨੇ। ਸਤਿਸੰਗਤ ਕਿਸਨੂੰ ਕਹਿੰਦੇ ਨੇ -

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਅੰਗ - 72*

ਜਿਥੇ ਨਾਮ ਜਪਣ ਵਾਲੇ, ਨਾਮ ਦੀ ਵਿਆਖਿਆ ਕਰਨ ਵਾਲੇ, ਨਾਮ ਰਸੀਏ ਬੈਠਦੇ ਸੀ ਉਨ੍ਹਾਂ ਦਾ ਮਿਲਾਪ ਕਰਕੇ ਪੰਚ ਦੂਤ ਸੰਘਾਰ ਦਿਤੇ। ਪੰਜਾਂ ਦੂਤਾਂ ਨੇ ਸਾਰੇ ਸੰਸਾਰ ਨੂੰ ਲੁੱਟਿਆ ਹੋਇਆ ਹੈ। ਅੰਦਰੋਂ ਹੀ ਦੂਤ ਮਾਰ ਦਿਤੇ। ਜਿਹੜੇ ਸੰਗਤ ਨੇ ਵਿਸਾਰ ਦਿਤੇ ਸੰਗਤ ਵਿਚ ਉਨ੍ਹਾਂ ਦਾ ਪਾਖੰਡ ਨਹੀਂ ਚਲਦਾ। ਨਾ ਮਸੰਦਾਂ ਦਾ ਚਲਦਾ ਹੈ, ਨਾ ਕਿਸੇ ਹੋਰ ਦੀ ਮਿਲਾਪੜੀ ਚਲਦੀ ਹੈ, ਭੇਖ ਦਾ ਨਹੀਂ ਚਲਦਾ, ਰਸਮਾਂ ਦਾ ਨਹੀਂ ਚਲਦਾ ਕਿਉਂਕਿ ਉਹ ਰਲਦੇ ਨਹੀਂ ਖਸਮ ਨੇ ਵਿਸਾਰੇ ਹੋਏ ਨੇ। ਪਹਿਲਾਂ ਅੰਮ੍ਰਿਤ ਛਕਾਇਆ, ਫੇਰ ਆਪ ਮੰਗਿਆ।

ਸੋ ਆਪ ਦੇ ਜੋ ਬਚਪਨ ਦੇ ਕੌਤਕ ਨੇ ਬੜੇ ਹੀ ਵਚਿੱਤਰ ਕੌਤਕ ਨੇ। ਖਿੱਚ ਪਾਉਣ ਵਾਲੇ ਨੇ। ਜਿਸ ਵਕਤ ਆਪ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਅੰਮ੍ਰਿਤ ਵੇਲੇ ਦੀ ਨਮਾਜ਼ ਜਿਹਨੂੰ ਫਜ਼ਰ ਦੀ ਨਮਾਜ਼ ਕਹਿੰਦੇ ਨੇ। ਇਥੇ ਘੜਾਮ ਦੇ ਵਿਚ ਇਕ ਸਮਰੱਥ ਪੁਰਸ਼ ਰਹਿੰਦਾ ਸੀ ਤੇ ਮੈਂ ਹੈਰਾਨ ਹਾਂ ਜੇ ਆਪਾਂ ਇਨਸਾਫ ਨਾਲ ਗੱਲ ਕਰੀਏ। ਤੁਸੀਂ ਹੈਰਾਨ ਹੋ ਜਾਓਂਗੇ ਕਿ ਉਸ ਸੂਫੀ ਪੀਰ ਨੂੰ ਪ੍ਰਕਾਸ਼ ਹੋਇਆ। ਸਿਜਦਾ ਕਰ ਰਿਹਾ ਸੀ ਪੱਛਮ ਨੂੰ। ਲੇਕਿਨ ਹੈਰਾਨ ਹੁੰਦਾ ਹੈ ਕਿ ਇਹ ਪ੍ਰਕਾਸ਼ ਕਿਸ ਥਾਂ ਤੋਂ ਆ ਰਿਹਾ ਹੈ। ਉਸ ਵੇਲੇ ਰੁੱਖ ਬਦਲ ਲਿਆ। ਪੱਛਮ ਵਲ ਪਿੱਠ ਕਰ ਲਈ, ਪੂਰਬ ਵਲ ਮੂੰਹ ਕਰ ਲਿਆ। ਸਾਰੇ ਮੁਰੀਦ ਹੈਰਾਨ ਹੋ ਰਹੇ ਹਨ ਕਿ ਅੱਜ ਮੁਰਸ਼ਦ ਕੀ ਕਰ ਰਹੇ ਨੇ ਸਾਡੇ। ਪੱਛਮ ਨੂੰ ਨਮਾਜ਼ ਪੜ੍ਹੀ ਜਾਂਦੀ ਹੈ, ਇਹਨੇ ਮਗਰਬ ਦੀ ਥਾਂ ਦੇ ਉਤੇ ਪੂਰਬ ਨੂੰ ਮੂੰਹ ਕਰ ਲਿਆ। ਇਹ ਤਾਂ ਉਲਟ ਹੋ ਗਿਆ, ਉਧਰ ਪਿੱਠ ਹੋ ਗਈ। ਸ਼ੰਕਾ ਮਨ ਵਿਚ ਆ ਗਿਆ। ਉਸ ਵੇਲੇ ਉਹ ਨਮਾਜ਼ ਪੜ੍ਹਦਾ ਵਜ਼ਦ 'ਚ ਆ ਗਿਆ। ਨਾਪਣ ਲਗ ਗਿਆ ਅਸਮਾਨ ਨੂੰ, ਧਰਤੀ ਨੂੰ ਕਿ ਆਹ ਪ੍ਰਕਾਸ਼ ਕਿਥੋਂ ਆ ਰਿਹਾ ਹੈ। ਬਵਾਨ ਤੁਰਿਆ ਆ ਰਿਹਾ ਹੈ, ਸਾਰੀ ਸ੍ਰਿਸ਼ਟੀ ਦੇ ਵਿਚ ਪ੍ਰਕਾਸ਼ ਹੋ ਗਿਆ। ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗ ਜਾਂਦਾ ਹੈ ਕਿ ਅੱਜ ਇਸ ਇਲਾਕੇ ਦੇ ਵਿਚ ਕੋਈ ਜੋਤ ਵਾਲਾ ਪੁਰਸ਼ ਪਹੁੰਚਿਆ ਹੈ। ਇਹ ਵੀ ਪਤਾ ਲਗ ਜਾਂਦਾ ਹੈ ਕਿ ਅੱਜ ਕੋਈ ਦੁਸ਼ਟ ਆਤਮਾ ਇਥੇ ਆਈ ਹੋਈ ਹੈ। ਨਾਮ ਜਪਣ ਵੇਲੇ ਸਾਰੀ ਚੀਜ਼ ਦੀ ਸੋਝੀ ਹੋ ਜਾਂਦੀ ਹੈ। ਉਸ ਵੇਲੇ ਬੇਅੰਤ ਸੰਤ ਸੀਗੇ, ਵੱਡੇ-ਵੱਡੇ ਸਾਧੂ ਸੀ, ਵੱਡੇ-ਵੱਡੇ ਯੋਗੀ ਸੀ, ਲੇਕਿਨ ਕੋਈ ਵੀ ਨਾ ਦੇਖ ਸਕਿਆ। ਦੇਖਿਆ ਕਿਹਨੇ ਭੀਖਣਸ਼ਾਹ ਪੀਰ ਨੇ ਦੇਖਿਆ ਕਿ ਕੋਈ ਨੂਰ ਅੱਲਾਹ ਦਾ ਉਤਰ ਰਿਹਾ ਹੈ। ਐਡਾ ਪ੍ਰਕਾਸ਼ ਜਿਹੜਾ ਅੱਜ ਤੱਕ ਨਹੀਂ ਦੇਖਿਆ। ਉਹਨੇ ਨਮਾਜ਼ ਉਧਰ ਮੂੰਹ ਕਰਕੇ ਪੜ੍ਹੀ ਤੇ ਸਿਜਦਾ ਕਰ ਦਿਤਾ। ਹੈਰਾਨ ਹੋ ਗਏ ਮੁਰੀਦ ਕਿ ਇਹ ਅੱਜ ਪੀਰ ਜੀ ਨੇ ਕੀ ਕਰਿਆ ਹੈ। ਜਦੋਂ ਨਮਾਜ਼ ਪੜ੍ਹ ਹਟੇ ਕਹਿਣ ਲੱਗੇ ਪੀਰ ਜੀ ਅੱਜ ਤੁਸੀਂ ਕੁਫਰ ਦੀ ਗੱਲ ਕਰੀ ਹੈ। ਸ਼ਰਾ ਤੋਂ ਉਲਟ ਗੱਲ ਕਰੀ ਹੈ। ਸਾਡੇ ਮਨਾਂ ਵਿਚ ਸ਼ੰਕੇ ਪੈ ਗਏ ਨੇ, ਆਪ ਸਮਰੱਥ ਪੁਰਸ਼ ਹੋਂ, ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰੋ। ਮੁਰੀਦਾਂ ਨੂੰ ਕਹਿਣ ਲੱਗੇ, "ਅੱਜ ਮੈਂ ਦੂਰੀ ਨਾਪ ਲਈ ਹੈ ਇਥੋਂ, ਸੇਧ ਲੈ ਲਈ ਹੈ ਪੂਰੀ ਤੇ ਮੇਰੀ ਸੇਧ ਵਿਚ ਗਲਤੀ ਨਹੀਂ ਕੋਈ ਵੀ ਹੋਣੀ। ਉਸ ਥਾਂ ਦੇ ਉਤੇ ਅੱਲਾਹ ਦਾ ਨੂਰ, ਵਾਹਿਗੁਰੂ ਦੀ ਜੋਤ ਪ੍ਰਗਟ ਹੋਈ ਹੈ ਅੱਜ। ਮੈਂ ਜਿਸਨੂੰ ਚਾਹੁੰਦਾ ਸੀ, ਉਹ ਇਥੇ ਆ ਗਿਆ ਧਰਤੀ ਦੇ ਉਤੇ। ਮੈਂ ਇਸ ਕਰਕੇ ਉਹਨੂੰ ਪਛਾਣ ਕੇ ਸਿਜਦਾ ਕਰਿਆ ਹੈ। ਲੇਕਿਨ ਸਾਰਿਆਂ ਦੇ ਨਿਹਚੇ ਤਾਂ ਪੱਕੇ ਨਹੀਂ ਹੁੰਦੇ। ਉਸ ਵੇਲੇ ਕਹਿਣ ਲੱਗਿਆ ਹੁਣ ਆਪਾਂ ਛੇਤੀ ਚੱਲੀਏ। ਉਸ ਜੋਤ ਦਾ ਦਰਸ਼ਨ ਕਰੀਏ। ਉਸ ਵੇਲੇ ਸਨੇ-ਸਨੇ ਜੋ ਸੇਧ ਲਾਈ ਸੀ ਉਸ ਦੇ ਉਤੇ ਤੁਰਦਾ ਰਿਹਾ। ਬੜਾ ਕਾਮਲ ਫਕੀਰ ਸੀ, ਜਿਹਨੇ ਬਗੈਰ ਨਕਸ਼ੇ ਤੋਂ ਬਗੈਰ ਜਾਣੇ ਤੋਂ ਸਫਰ ਆਰੰਭ ਦਿਤਾ ਤੇ ਪਤਾ ਹੈ ਉਹਨੂੰ ਕਿ ਐਥੇ ਹੈ ਜੋਤ। ਜੋਤ ਧਿਆਨ ਵਿਚ ਹੈ। ਚਲਦਾ-ਚਲਦਾ ਬਿਹਾਰ ਵਿਚ

ਪਹੁੰਚਿਆ, ਕਈ ਮਹੀਨੇ ਲੱਗ ਗਏ ਉਹਨੂੰ ਚਲਦੇ ਨੂੰ। ਉਥੇ ਜਾ ਕੇ ਗੁਰੂ ਮਹਾਰਾਜ ਦਾ ਜਿਥੇ ਨਿਵਾਸ ਸੀ, ਗੁਰੂ ਨੌਵੇਂ ਪਾਤਸ਼ਾਹ ਤਾਂ ਆਸਾਮ ਵਲ ਗਏ ਹੋਏ ਸੀ। ਇਹ ਪਟਨੇ ਉਸ ਘਰ ਦੇ ਅੱਗੇ ਪਹੁੰਚ ਗਿਆ, ਕਹਿਣ ਲੱਗਿਆ ਇਥੇ ਹੈ ਜੋਤੀ, ਇਸ ਘਰ ਵਿਚ ਹੈ ਜੋਤੀ। ਹੁਣ ਕਹਿੰਦਾ ਦੇਖੋ, ਪ੍ਰਕਾਸ਼ ਹੀ ਪ੍ਰਕਾਸ਼ ਹੈ। ਮੈਂ ਸੈਂਟਰ ਲੱਭ ਲਿਆ ਜੋਤੀ ਦਾ। ਜਾ ਕੇ ਬੇਨਤੀ ਕਰੀ ਕਿ ਅੱਲਾਹ ਦੇ ਨੂਰ ਦਾ ਦਰਸ਼ਨ ਕਰਨ ਆਏ ਹਾਂ ਅਸੀਂ। ਮਾਤਾ ਜੀ ਨੇ ਸੁਣਿਆ, ਮਾਤਾ ਗੁਜਰੀ ਜੀ ਨੇ ਸੁਣਿਆ। ਮਾਤਾ ਨਾਨਕੀ ਜੀ ਨੇ ਸੁਣਿਆ, ਕਹਿਣ ਲੱਗੇ ਕੋਈ ਸੂਫੀ ਪੀਰ ਆਇਆ ਹੈ। ਮਾਮਾ ਕ੍ਰਿਪਾਲ ਜੀ ਨਾਲ ਸਲਾਹ ਕਰੀ। ਹੁਣ ਕੀ ਕਰਿਆ ਜਾਵੇ, ਪੀਰ ਆਇਆ ਹੈ ਪੰਜਾਬ ਤੋਂ। ਥਹੁ ਟਿਕਾਣੇ ਦਾ ਪਤਾ ਲਗ ਗਿਆ, ਸਾਹਿਬਜ਼ਾਦੇ ਨੂੰ ਆਪਾਂ ਤਾਂ ਛੁਪਾ ਕੇ ਰਖਦੇ ਸੀ। ਇਹਨੇ ਪ੍ਰਗਟ ਕਰ ਦੇਣਾ ਹੈ, ਰਾਜ ਬੜਾ ਮਾੜਾ ਚਲ ਰਿਹਾ ਹੈ। ਹੁਣ ਕੀ ਕਰਿਆ ਜਾਵੇ? ਕਿਵੇਂ ਕਰੀਏ? ਕਹਿੰਦੇ ਕੋਈ ਚੇਟਕੀ ਨਾ ਹੋਵੇ, ਕੋਈ ਜਾਦੂ ਟੂਣਾ ਨਾ ਕਰ ਜਾਵੇ। ਦਰਸ਼ਨ ਨਹੀਂ ਕਰਾਉਣੇ। ਉਹਨੂੰ ਕਹਿ ਦਿਤਾ ਕਿ ਪੀਰ ਜੀ, ਅਜੇ ਦਰਸ਼ਨ ਨਹੀਂ ਕਰਾਉਣੇ। ਤਿੰਨ ਮਹੀਨੇ ਦੇ ਹੋਏ ਨੇ ਅਜੇ। ਉਹ ਕਹਿਣ ਲੱਗਿਆ, ਦਰਸ਼ਨ ਤੋਂ ਬਗੈਰ ਤਾਂ ਮੈਂ ਵੀ ਨਹੀਂ ਜਾਂਦਾ। ਉਥੇ ਹੀ ਭੁੱਖ ਹੜਤਾਲ ਕਰਕੇ, ਮੁਰੀਦਾਂ ਦੇ ਸਣੇ ਦਰਵਾਜ਼ੇ ਦੇ ਅੱਗੇ ਡੇਰਾ ਲਾ ਲਿਆ। ਕਹਿਣ ਲੱਗਿਆ ਕਿ ਮੈਨੂੰ ਜੋਤ ਨਜ਼ਰ ਆ ਰਹੀ ਹੈ, ਮੈਂ ਐਡੀ ਦੂਰੋਂ ਆਇਆ ਹਾਂ, ਐਨਾ ਪੰਧ ਕਰਕੇ, ਦੋ ਢਾਈ ਮਹੀਨੇ ਤਾਂ ਮੈਨੂੰ ਚਲਦੇ-ਚਲਦੇ ਨੂੰ ਲਗ ਗਏ ਨੇ। ਹੁਣ ਮੈਂ ਨਿਰਾਸ਼ ਵਾਪਸ ਨਹੀਂ ਜਾਣਾ। ਮੈਂ ਅੱਲਾਹ ਦੇ ਦਰਸ਼ਨ ਕਰਕੇ ਜਾਣੇ ਨੇ। ਇਕ ਦਿਨ ਲੰਘ ਗਿਆ। ਸਮਝਾਉਂਦੇ ਨੇ ਪੀਰ ਨੂੰ। ਇਕੱਠ ਹੁੰਦਾ ਹੈ, ਜਾਓ ਤੁਸੀਂ ਇਨ੍ਹਾਂ ਨੇ ਨਹੀਂ ਦਰਸ਼ਨ ਕਰਾਉਣੇ। ਕਹਿੰਦਾ ਮੈਂ ਜਾਣਾ ਹੀ ਨਹੀਂ, ਅੰਨ੍ਹ ਪਾਣੀ ਛੱਡ ਕੇ ਬਹਿ ਗਿਆ। ਜਦੋਂ ਦੋ ਦਿਨ ਲੰਘ ਗਏ, ਤੀਸਰਾ ਦਿਨ ਆਇਆ, ਫੇਰ ਸਲਾਹ ਹੋਈ ਕਿ ਹੋ ਸਕਦਾ ਹੈ ਕਿ ਇਹ ਸੱਚਾ ਹੋਵੇ, ਕੋਈ ਸਰਾਪ ਨਾ ਦੇ ਜਾਵੇ ਜਾਂਦਾ-ਜਾਂਦਾ। ਕਿਉਂ ਨਾ ਦਰਸ਼ਨ ਕਰਾ ਦੇਈਏ। ਉਸ ਵੇਲੇ ਮਾਤਾ ਗੁਜਰੀ ਜੀ, ਗੁਰੂ ਦਸ਼ਮੇਸ਼ ਪਿਤਾ ਨੂੰ ਬਾਹਾਂ 'ਚ ਪਾ ਕੇ ਲਈ ਆ ਰਹੇ ਨੇ, ਅੱਗੇ ਸੋਨੇ ਤੇ ਚਾਂਦੀ ਦੇ ਪਾਵਿਆਂ ਵਾਲਾ ਪਲੰਘ ਡਹਿਆ ਹੋਇਆ ਹੈ। ਫੁੱਲਾਂ ਦੀ ਸੇਜ ਵਿਛੀ ਹੋਈ ਹੈ। ਉਤੇ ਚਾਨਣੀ ਲੱਗੀ ਹੋਈ, ਬਹੁਤ ਹੀ ਸੁੰਦਰ ਵਸਤਰ ਉਸ ਥਾਂ ਦੇ ਉਤੇ ਵਿਛਾਏ ਹੋਏ, ਹੇਠਾਂ ਗਲੀਚੇ ਵਿਛਾਏ ਹੋਏ ਨੇ, ਮਾਮਾ ਕ੍ਰਿਪਾਲ ਜੀ ਤੇ ਮਾਤਾ ਜੀ ਹੌਲੀ ਹੌਲੀ ਗੁਰੂ ਮਹਾਰਾਜ ਨੂੰ ਬਾਹਾਂ 'ਚ ਪਾਈ ਆ ਰਹੇ ਨੇ। ਸਾਰਿਆਂ ਨੇ ਦਰਸ਼ਨ ਕਰੇ। ਲਿਆ ਕੇ ਜਿਸ ਵਕਤ ਮੰਜੇ ਦੇ ਉਤੇ ਬਿਰਾਜਮਾਨ ਕਰ ਦਿਤੇ ਤਾਂ ਨੂਰ ਝੱਲਿਆ ਨਹੀਂ ਜਾਂਦਾ ਕਿਸੇ ਤੋਂ। ਐਨੇ ਸੁੰਦਰ। ਉਹ ਸਿਜਦੇ ਕਰਦਾ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ। ਅੱਲਾਹ ਤਾਲਾ! ਤੂੰ ਮੇਰੀ ਇਸੇ ਜਨਮ ਵਿਚ ਸੁਣ ਲਈ, ਤੂੰ ਮੈਨੂੰ ਮਨੁੱਖ ਜਾਮੇ 'ਚ ਦਰਸ਼ਨ ਦੇ ਦਿਤੇ। ਮੁਰੀਦਾਂ ਨੂੰ ਕਿਹਾ ਕਿ ਦਰਸ਼ਨ ਕਰ ਲਓ ਇਨ੍ਹਾਂ ਨੂੰ ਮੈਂ ਸਿਜਦਾ ਕਰਿਆ ਸੀ ਉਸ ਦਿਨ। ਨਿਰਾ ਹੀ ਨੂਰ ਦਾ ਬੁੱਕ ਹੈ, ਸਰੀਰ ਤਾਂ ਦੇਖਣ ਵਾਸਤੇ ਲਗਦਾ ਹੈ। ਇਹ ਦੇਖਣ ਵਾਸਤੇ ਕਿ ਕਿਹਦਾ ਪੱਖ ਕਰਨਗੇ, ਕਿਹਦੇ ਵਲ ਹੋਣਗੇ। ਦੋ ਕੁੱਜੀਆਂ ਮੰਗਾ ਲਈਆਂ, ਇਕ ਉਧਰਲੇ ਹੱਥ ਕੋਲ ਰੱਖ ਲਈ, ਇਕ ਦੂਸਰੇ ਕੋਲ ਰੱਖ ਲਈ। ਰੱਖ ਦਿਤੀਆਂ ਜ਼ਰਾ ਦੂਰ। ਗੁਰੂ ਮਹਾਰਾਜ ਬੜੇ ਮੁਸਕਰਾਏ, ਤਿੰਨ ਮਹੀਨੇ ਦੇ, ਇਹਦੇ ਵਲ ਦੇਖ ਕੇ ਬੜੇ ਮੁਸਕਰਾਏ, ਹੱਸ ਰਹੇ ਨੇ। ਉਸ ਤੋਂ ਬਾਅਦ ਗਰਦਨ ਮੋੜੀ ਖੱਬੇ ਪਾਸੇ ਵਾਲੀ ਕੁੱਜੀ ਤੇ ਹੱਥ ਰੱਖ ਦਿਤਾ। ਇਧਰ ਮੋੜੀ ਸੱਜੇ ਪਾਸੇ ਵਾਲੀ ਤੇ ਹੱਥ ਰੱਖ ਦਿਤਾ। ਦੋਹਾਂ ਤੇ ਹੀ ਹੱਥ ਰੱਖ ਦਿਤਾ। ਫੇਰ ਦੋਹਾਂ ਤੋਂ ਹੱਥ ਚੁੱਕ ਕੇ ਆਪ ਫੇਰ ਮੁਸਕਰਾਏ, ਫੇਰ ਦੇਖਿਆ ਪੀਰ ਵਲ ਨੂੰ। ਪੀਰ ਸਮਝ ਗਿਆ ਜੋ ਗੱਲ ਸੀ, ਸਿਜਦਾ ਕੀਤਾ ਕਹਿਣ ਲੱਗਿਆ ਮੁਰੀਦਾਂ ਨੂੰ ਕਿ ਤੁਹਾਨੂੰ ਕੁਛ ਸਮਝ ਵਿਚ ਪਿਆ? ਕਹਿੰਦੇ ਨਾ, ਸਾਡੇ ਸਮਝ ਵਿਚ ਨਹੀਂ ਕੁਛ ਵੀ ਆਇਆ। ਕਹਿੰਦੇ ਮੈਂ ਪਰਲਾ ਬਰਤਨ ਰੱਖਿਆ ਸੀ ਇਸਲਾਮ ਵਾਲਿਆਂ ਦਾ, ਉਰਲਾ ਰੱਖਿਆ ਸੀ ਹਿੰਦੂਆਂ ਦਾ, ਜੇ ਤਾਂ ਇਨ੍ਹਾਂ ਨੇ ਦੋਵੇਂ ਹੱਥ ਰੱਖ ਦਿਤੇ ਹਿੰਦੂਆਂ ਵਾਲੇ ਤੇ ਤਾਂ ਹਿੰਦੂਆਂ ਦਾ ਪੱਖ ਕਰਨਗੇ। ਜੇ ਇਸਲਾਮ ਵਾਲਿਆਂ ਤੇ ਰੱਖ ਦਿਤੇ ਤਾਂ ਇਸਲਾਮ ਦਾ ਪੱਖ ਕਰਨਗੇ। ਇਨ੍ਹਾਂ ਨੂੰ ਹਿੰਦੂ ਤੇ ਮੁਸਲਮਾਨ ਬਰਾਬਰ ਹੋਏਗਾ।

ਜੀਵਨ ਦੇ ਅੰਦਰ ਫੇਰ ਤੁਸੀਂ ਦੇਖੋ ਵਿਚਾਰ ਕਰਕੇ, ਗਲਤੀ ਇਥੋਂ ਪੈਂਦੀ ਹੈ ਕਿ ਇਤਿਹਾਸਾਂ 'ਚ ਗਲਤੀਆਂ ਹੋ ਜਾਂਦੀਆਂ ਨੇ। ਲਿਖਣ ਵਾਲੇ ਵਿਚਾਰ ਕਰਕੇ ਨਹੀਂ ਲਿਖਦੇ। ਇਕੱਲੇ-ਇਕੱਲੇ ਵਾਕੇ ਨੂੰ ਜੋੜਦੇ ਨਹੀਂ। ਜਿਹੜਾ ਕੁਛ ਮੂਹਰੇ ਆਇਆ ਲਿਖ ਦਿਤਾ। ਸਾਡੇ ਵਿਚ ਇਹ ਪ੍ਰਚਲਤ ਹੋ ਗਿਆ ਕਿ ਮੁਸਲਮਾਨ ਬਹੁਤ ਮਾੜਾ ਹੈ। ਸਾਡਾ ਉਹ ਮਿਤਰ ਨਹੀਂ ਹੈਗਾ, ਸਾਡਾ ਕੁਛ ਨਹੀਂ ਲਗਦਾ। ਅਸੀਂ ਭੁੱਲ ਜਾਂਦੇ ਹਾਂ ਗੁਰੂ ਨੇ ਸਾਰੀ ਜ਼ਿੰਦਗੀ ਕਿਹਦੇ ਨਾਲ ਸਫਰ ਕਰਿਆ। ਕੌਣ ਸੀਗਾ ਜਿਹਨੂੰ ਕਹਿੰਦੇ ਸੀ ਮਰਦਾਨਿਆਂ! ਧੁਰ ਕੀ ਬਾਣੀ ਆ ਰਹੀ ਹੈ, ਰਬਾਬ ਸੁਰ ਕਰ। ਕੌਣ ਸੀ ਉਹ? ਜਿਹੜੇ ਬਹੁਤੇ ਹੀ ਕੱਟੜ ਨੇ ਉਹ ਇਹ ਕਹਿੰਦੇ ਹੋਣੇ ਕਿ ਗੁਰੂ ਨਾਨਕ ਸਾਹਿਬ ਆਪੇ ਹੀ ਖੂਹ ਤੇ ਜਾ ਕੇ ਪਾਣੀ ਪੀਂਦੇ ਹੋਣੇ ਨੇ ਜਾਂ ਭਾਈ ਬਾਲਾ ਲਿਆ ਦਿੰਦਾ ਹੋਣਾ। ਇਹ ਗੱਲਾਂ ਸੋਚਣੀਆਂ ਗਲਤ ਨੇ। ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ -

*.......... ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*

*(ਬਚਿਤ੍ਰ ਨਾਟਕ)*

ਇਹ ਕੋਈ ਐਵੇਂ ਕਵਿਤਾ ਤਾਂ ਨਹੀਂ ਬਣਾ ਰਹੇ। ਮਨੁੱਖ ਮਨੁੱਖ ਹੀ ਹੁੰਦਾ ਹੈ। ਉਹਦੇ ਹੱਥ ਦੀ ਕੋਈ ਭਿੱਟ ਨਹੀਂ ਹੁੰਦੀ। ਮਨੁੱਖ ਨੂੰ ਮਨੁੱਖ ਵਰਗਾ ਪਿਆ ਕਰੋ, ਸਾਰਿਆਂ ਨੂੰ

ਪਿਆਰ ਕਰੋ, ਕਿਸੇ ਨਾਲ ਨਫਰਤ ਨਾ ਕਰੋ। ਫੇਰ ਹੁਣ ਹਾਲਾਤ ਦੇਖੋ।

ਗੁਰੂ ਮਹਾਰਾਜ ਪਾਉਂਟੇ ਸਾਹਿਬ ਆ ਜਾਂਦੇ ਨੇ। ਪਉਂਟੇ ਸਾਹਿਬ ਪਠਾਣ ਨੌਕਰ ਰੱਖ ਲਏ। 22 ਧਾਰ ਦੇ ਰਾਜਿਆਂ ਨੇ ਫਤਹਿ ਚੰਦ ਦੇ ਘਰ ਵਿਹਾਉਣ ਆਉਣਾ ਹੈ, ਭੀਮ ਚੰਦ ਦੇ ਲੜਕੇ ਨੂੰ ਲੈ ਕੇ ਬਰਾਤ ਦੇ ਰੂਪ ਦੇ ਅੰਦਰ ਤੇ 400 ਪਠਾਣ ਜਿਹੜਾ ਹੈ ਉਹ ਔਰੰਗਜ਼ੇਬ ਨੇ ਕੱਢੇ ਸੀ ਮਹਾਰਾਜ ਨੇ ਬੁੱਧੂ ਸ਼ਾਹ ਦੇ ਕਹਿਣ ਦੇ ਉਤੇ ਉਨ੍ਹਾਂ ਨੂੰ ਉਥੇ ਥਾਂ ਦੇ ਦਿਤਾ ਅਤੇ ਨੌਕਰ ਰੱਖ ਲਏ। ਉਹ ਬੇਈਮਾਨ ਹੋ ਗਏ। ਉਹ ਚਲੇ ਗਏ। ਲੇਕਿਨ ਕਾਲੇ ਖਾਂ 100 ਬੰਦੇ ਨੂੰ ਲੈ ਕੇ ਗੁਰੂ ਮਹਾਰਾਜ ਕੋਲ ਆ ਰਿਹਾ। ਮਹਾਰਾਜ ਕਹਿੰਦੇ ਕਾਲੇ ਖਾਂ! ਤੂੰ ਵੀ ਜਾਹ, ਤੂੰ ਕਾਹਨੂੰ ਰਹਿ ਗਿਆ ਤੂੰ ਸਾਥੀਆਂ ਨਾਲ ਜਾਣਾ ਸੀ। ਕਹਿੰਦਾ ਮਹਾਰਾਜ! ਉਨ੍ਹਾਂ ਨੇ ਈਮਾਨ ਵੇਚ ਦਿਤਾ, ਮੈਂ ਈਮਾਨ ਵਾਲਾ ਬੰਦਾ ਹਾਂ। ਮੈਂ ਤੇਰਾ ਨਮਕ ਖਾਧਾ ਹੈ ਮੈਂ ਕਿਥੇ ਜਾਵਾਂ। ਮੈਂ ਤਾਂ ਆਪਣੀ ਜਾਨ ਇਥੇ ਦੇਵਾਂਗਾ। ਜਿਸ ਵਕਤ ਬੁੱਧੂਸ਼ਾਹ ਨੂੰ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਦੇ ਉਤੇ 22 ਧਾਰ ਦੇ ਰਾਜਿਆਂ ਨੇ ਮਿਲਵੀਂ ਫੌਜ ਦਾ ਹੱਲਾ ਕਰ ਦਿਤਾ ਉਸ ਵੇਲੇ 700 ਮਰੀਦ ਲੈ ਕੇ ਪਹੁੰਚਦਾ ਹੈ।

ਕੋਈ ਆਉਂਦਾ ਹੈ ਕਿਸੇ ਦੀ ਮਦਦ ਨੂੰ?

ਆਪ ਮੈਦਾਨੇ ਜੰਗ 'ਚ ਆਉਂਦੈ, ਜੰਗ ਸ਼ੁਰੂ ਹੋ ਚੁੱਕਿਆ ਹੈ। ਦੋ ਪੁੱਤਰ ਤੇ ਦੋ ਆਪਣੇ ਭਰਾ, ਰਿਸ਼ਤੇਦਾਰ ਉਸ ਜੰਗ ਦੇ ਵਿਚ ਸ਼ਹੀਦ ਕਰਾ ਦਿਤੇ। ਸਾਮ੍ਹਣੇ ਅੱਖਾਂ ਦੇ ਪਹਿਲਾਂ ਵੱਡਾ ਪੁੱਤਰ ਸ਼ਹੀਦ ਹੋਇਆ, ਫੇਰ ਛੋਟਾ ਹੋਇਆ। ਇਕ ਨੇ ਵੀ ਪੈਰ ਪਿਛੇ ਨਹੀਂ ਪਾਇਆ, ਜੰਗ ਜਿੱਤਿਆ ਗਿਆ।

ਹੁਣ ਇਕ ਪਾਸੇ ਤਾਂ ਤੁਸੀਂ ਲੈ ਲਓ ਹਿੰਦੂ ਰਾਜੇ। ਉਹ ਰਾਜੇ ਜਿਨ੍ਹਾਂ ਨੂੰ ਮਹਾਰਾਜ ਨੇ ਤਿੰਨ ਲੱਖ ਦਾ, ਓਸ ਸਮੇਂ ਦੇ ਨੌਂ ਮਣ ਛੋਲੇ ਆਉਂਦੇ ਸੀ ਇਕ ਰੁਪਈਏ ਦੇ ਕੱਚੇ ਨੌਂ ਮਣ। ਉਸ ਵੇਲੇ ਦਾ ਜਿਹੜਾ ਤੰਬੋਲ ਭੇਜਿਆ, ਲੜਕੀ ਦੀ ਸ਼ਾਦੀ ਤੇ ਉਹਦਾ ਮੁੱਲ ਤਿੰਨ ਲੱਖ ਲਿਖਿਆ ਹੋਇਆ ਹੈ ਇਤਿਹਾਸ 'ਚ। ਹੁਣ ਦਾ ਤਿੰਨ ਕਰੋੜ ਸਮਝ ਲਓ। ਦੋ ਸੌ ਬੰਦਾ ਲੈ ਕੇ ਗਿਆ ਸੀ ਓਹਨੂੰ। ਉਨ੍ਹਾਂ ਨੂੰ ਐਨਾ ਕੁਛ ਦੇਣ ਦੇ ਬਾਅਦ ਵੀ ਉਨ੍ਹਾਂ ਦੀ ਫੌਜ ਗੁਰੂ ਦਸਵੇਂ ਪਾਤਸ਼ਾਹ ਦੇ ਖਿਲਾਫ ਚੜ੍ਹੀ, ਨਾਲ ਨਹੀਂ ਰਹੀ। ਹੁਣ ਤੁਸੀਂ ਦੱਸੋ ਕਿ ਮਿਤਰ ਕਿਹੜਾ ਸੀ, ਗਦਾਰੀ ਕਿਹਨੇ ਕਰੀ। ਐਵੇਂ ਹੀ ਸੁਣ ਸੁਣਾ ਕੇ ਦੂਜੇ ਦੇ ਖਿਲਾਫ ਖਿਆਲ ਪੈਦਾ ਕਰ ਲੈਣੇ, ਬੜੀ ਮਾੜੀ ਗੱਲ ਹੁੰਦੀ ਹੈ। ਇਤਿਹਾਸ ਨੂੰ ਵਾਚੋ, ਵਾਕਿਆਤ ਨੂੰ ਵਾਚੋ। ਉਸ ਵੇਲੇ ਕਿੰਨਾ ਡਰ ਸੀ। ਰਾਜੇ ਵੀ ਖਿਲਾਫ ਸੀਗੇ ਬੁੱਧੂਸ਼ਾਹ ਦੇ ਤੇ ਬਾਅਦ ਵਿਚ ਉਹਨੂੰ ਪਤਾ ਸੀ ਕਿ ਮੈਨੂੰ ਇਕੱਲੇ ਨੂੰ ਡੰਨ ਦੇਣਗੇ ਪਰ ਫੇਰ ਵੀ ਉਹਨੇ ਪਰਵਾਹ ਨਹੀਂ ਕਰੀ ਇਸ ਗੱਲ ਦੀ। ਜਦੋਂ ਬੱਚੇ ਸ਼ਹੀਦ ਹੋ ਗਏ। ਗੁਰੂ ਮਹਾਰਾਜ ਨੇ ਸਾਰੇ ਬੁਲਾਏ, ਜੰਗ ਤੋਂ ਬਾਅਦ। ਤਾਂ ਬੁੱਧੂਸ਼ਾਹ ਦੇ ਪਾਸ ਮਹਾਰਾਜ ਨੇ ਅਫਸੋਸ ਪ੍ਰਗਟ ਕੀਤਾ ਕਿ ਬੁੱਧੂਸ਼ਾਹ! ਤੇਰੇ ਲਖਤੇ-ਜਿਗਰ, ਅੱਖਾਂ ਦੇ ਤਾਰੇ, ਤੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ। ਅਸੀਂ ਅਸੀਸ ਦਿੰਦੇ ਹਾਂ। ਕਹਿੰਦਾ ਪਾਤਸ਼ਾਹ! ਐਉਂ ਨਾ ਕਹੋ, ਮੈਂ ਤਾਂ ਤੁਛ ਭੇਟਾ ਦਿਤੀ ਹੈ ਆਪ ਨੂੰ। ਮੈਂ ਤਾਂ ਆਪਣਾ ਸਰੀਰ ਦੇਣ ਆਇਆ ਸੀ। ਲੇਕਿਨ ਤੁਹਾਨੂੰ ਮੇਰੇ ਪੁੱਤਰਾਂ ਦਾ ਸਰੀਰ ਪਿਆਰਾ ਸੀ, ਉਨ੍ਹਾਂ ਨੂੰ ਅੱਲਾਹ ਦੀ ਵਾਰ-ਏ-ਗਾਹ ਖਾਸ ਵਿਚ ਤੁਸੀਂ ਭੇਜ ਦਿਤਾ। ਦਰਗਾਹ ਵਿਚ ਭੇਜ ਦਿਤਾ ਤੁਸੀਂ। ਮੈਂ ਰਿਣੀ ਹਾਂ ਤੁਹਾਡਾ ਤੇ ਨਸੀਰਾਂ ਦੇ ਦੋ ਭਰਾਵਾਂ ਨੂੰ ਤੁਸੀਂ ਭੇਜ ਦਿਤਾ। ਬਹੁਤ ਅੱਛਾ ਹੁੰਦਾ ਜੇ ਤੁਸੀਂ ਮੈਨੂੰ ਵੀ ਭੇਜ ਦਿੰਦੇ।

ਹੁਣ ਦੇਖੋ! ਸਾਧਸੰਗਤ ਜੀ! ਕਿੱਡੀ ਅਕੀਦਤ ਹੈ, ਕਿੰਨੀ ਸ਼ਰਧਾ ਹੈ, ਕਿੰਨਾ ਭਰੋਸਾ ਹੈ। ਜੇ ਵੈਰ ਹੁੰਦਾ, ਗੁਰੂ ਦਸ਼ਮੇਸ਼ ਪਿਤਾ ਨੂੰ ਮੁਸਲਮਾਨ ਮਾੜਾ ਸਮਝਦੇ ਹੁੰਦੇ ਤਾਂ 700 ਬੰਦਾ ਲੜਨ ਵਾਸਤੇ ਕਿਉਂ ਆਉਂਦਾ, ਲੱਕ ਬੰਨ੍ਹ ਕੇ। ਅਨੁਮਾਨ ਹੈ ਕਿ 300 ਬੰਦਾ ਉਨ੍ਹਾਂ ਵਿਚੋਂ ਸ਼ਹੀਦ ਹੋ ਗਿਆ ਸੀ।

ਉਸ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ। ਇਕ ਪਾਸੇ ਰਾਜੇ ਨੇ, ਰਾਜਿਆਂ ਦੀ ਆਪਣੀ ਨੀਤੀ ਹੁੰਦੀ ਹੈ, ਜਨਤਾ ਦਾ ਆਪਣਾ ਹਿਸਾਬ ਹੁੰਦਾ ਹੈ। ਰਾਜਿਆਂ ਦੇ ਪਿਛੇ ਜਨਤਾ ਨਾਲ ਵਿਗਾੜ ਲਓ ਉਹ ਤਾਂ ਗੱਲ ਮਾੜੀ ਹੁੰਦੀ ਹੈ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਸਰਸੇ ਤੋਂ ਲੰਘਦੇ ਨੇ, ਲੰਘ ਕੇ ਫੌਜ ਪਿਛੇ ਪਈ ਹੋਈ ਹੈ ਤੇ ਆਉਂਦੇ ਕਿੱਥੇ ਨੇ ਨਿਹੰਗ ਕੋਟਲੇ, ਨਿਹੰਗ ਖਾਨ ਦੇ ਕਿਲੇ ਵਿਚ ਆ ਜਾਂਦੇ ਨੇ।

ਹੁਣ ਉਹਨੂੰ ਤਾਂ ਚਾਹੀਦਾ ਸੀ ਕਿ ਦਰਵਾਜ਼ੇ ਬੰਦ ਕਰ ਦਿੰਦਾ, ਗੁਰੂ ਮਹਾਰਾਜ ਨਾਲ ਚਾਲੀ ਸਿੰਘ ਸੀਗੇ ਉਥੇ ਹੀ ਫੜਾ ਕੇ ਬੜਾ ਭਾਰਾ ਇਨਾਮ ਲੈਂਦਾ। ਲੇਕਿਨ ਉਹਨੇ ਗੁਰੂ ਮਹਾਰਾਜ ਨੂੰ ਇਕ ਕਮਰੇ ਵਿਚ ਬਿਠਾਇਆ, ਕਿਹਾ ਕਿ ਮਹਾਰਾਜ ਤੁਸੀਂ ਇਥੇ ਬਿਰਾਜੋ। ਪਿਛੇ ਫੌਜ ਦਾ ਦਸਤਾ ਆ ਜਾਂਦਾ ਹੈ। ਉਹਨੇ ਤਲਾਸ਼ੀ ਸ਼ੁਰੂ ਕਰ ਦਿਤੀ। ਸਾਰੇ ਕਮਰੇ ਦਿਖਾ ਦਿਤੇ। ਨਿਹੰਗ ਖਾਨ ਨੇ ਲੇਕਿਨ ਜਿਥੇ ਗੁਰੂ ਮਹਾਰਾਜ ਸੀ ਉਹ ਕਮਰਾ ਦਿਖਾਉਣ ਨੂੰ ਕਿਹਾ। ਉਹ ਕਹਿਣ ਲੱਗਿਆ ਮਹਾਰਾਜ ਮੇਰੇ ਤਾਂ ਇਥੇ ਦਾਮਾਦ ਨੇ। ਲੜਕੀ ਹੈ ਮੇਰੀ ਅੰਦਰ। ਇਹ ਨਹੀਂ ਮੈਂ ਖੋਲ੍ਹ ਸਕਦਾ। ਹੁਣ ਕਿੱਡੀ ਵੱਡੀ ਕੁਰਬਾਨੀ ਸੀ। ਉਸ ਲੜਕੀ ਨੇ ਜਦੋਂ ਇਹ ਗੱਲ ਸੁਣੀ ਉਹਨੇ ਕਿਹਾ ਕਿ ਮੇਰੇ ਪਿਤਾ ਨੇ ਆਹ ਗੱਲ ਕਹਿ ਦਿਤੀ ਤੇ ਸਾਰੀ ਜ਼ਿੰਦਗੀ ਕੁਆਰੀ ਰਹੀ। ਵਿਆਹ ਹੀ ਨਹੀਂ ਕਰਾਇਆ। ਕਿੰਨੀ ਅਕੀਦਤ ਸੀ।

ਉਸ ਤੋਂ ਬਾਅਦ ਗੁਰੂ ਮਹਾਰਾਜ ਮਾਛੀਵਾੜੇ ਚਲੇ ਜਾਂਦੇ ਨੇ। ਗੁਲਾਬੇ ਨੂੰ ਕਹਿੰਦੇ ਨੇ, ਗੁਲਾਬਿਆ! ਦਰਵਾਜ਼ਾ ਖੋਲ੍ਹ ਜਿਹਦੇ ਬਾਗ ਵਿਚ ਰਹੇ ਸੀ। ਗੁਲਾਬਾ ਕਹਿੰਦਾ ਇਹ ਦਰਵਾਜ਼ਾ ਨਹੀਂ ਖੁਲ੍ਹਦਾ। ਬੰਦ ਹੋਇਆ ਹੋਇਆ ਹੈ। ਮਹਾਰਾਜ ਕਹਿੰਦੇ, ਚੰਗਾ ਇਹ ਹੁਣ ਖੁਲਣਾ ਹੀ ਨਹੀਂ ਹੈ। ਉਪਰ ਦੀ ਹੋ ਕੇ ਗਏ, ਪਾਸੇ ਦੀ। ਉਸ ਵੇਲੇ ਕਿੰਨਾ ਔਖਾ ਸੀ। ਕਿਹਨੂੰ-ਕਿਹਨੂੰ ਭੇਤ ਵਿਚ ਲਿਆ, ਇਕ ਤਾਂ ਲਲਾਰੀ ਨੂੰ ਲਿਆ ਕਿ ਤੂੰ ਨੀਲੇ ਵਸਤਰ ਰੰਗ ਦੇ ਫਟਾਫਟ। ਦੂਸਰੇ ਦੋਵੇਂ ਭਰਾ ਗਨੀ ਖਾਂ, ਨਬੀ ਖਾਂ। ਉਸ ਵੇਲੇ ਹੁਕਮ ਇਹ ਸੀ ਕਿ ਜਿਸਦੇ ਘਰ ਕੋਈ ਸਿੱਖ ਫੜਿਆ ਗਿਆ ਤਾਂ ਜਾਂ ਗੁਰੂ ਰਹਿ ਗਿਆ ਤਾਂ ਉਹਦੇ ਬਾਲ-ਬੱਚੇ ਕੋਹਲੂ ਵਿਚ ਸਾਰੀ ਦੁਨੀਆਂ ਦੇ ਸਾਮ੍ਹਣੇ ਪੀੜ ਦਿੱਤੇ ਜਾਣਗੇ। ਕਈ ਗੱਲਾਂ ਇਤਿਹਾਸਾਂ ਵਿਚ ਨਹੀਂ ਹਨ, ਬਾਲੋਵਾਲ ਪਿਆਰਾ ਸਿੰਘ ਸੀਗਾ, ਉਹਦੇ ਸਾਰੇ ਬੱਚੇ ਪੀੜ ਦਿੱਤੇ ਸੀ।

ਗਨੀ ਖਾਂ, ਨਬੀ ਖਾਂ ਨੇ ਕਿਹਾ ਮਹਾਰਾਜ ਇਥੇ ਤੁਹਾਡੇ ਤੇ ਕਿਸੇ ਨੂੰ ਸ਼ੱਕ ਪੈ ਜਾਏਗਾ। ਤੁਸੀਂ ਸਾਡੇ ਘਰ ਚੱਲੋ। ਜਿਸ ਵਕਤ ਗੁਰੂ ਮਹਾਰਾਜ ਜੀ ਉਥੋਂ ਨਿਕਲਣ ਦੀ ਤਿਆਰੀ ਕਰਦੇ ਨੇ। ਉਸ ਵੇਲੇ ਸਲੋਹ ਵਾਲਾ ਪੀਰ ਆ ਜਾਂਦਾ ਹੈ ਤੇ ਉਹ ਪੀਰ ਇਹ ਗੱਲ ਕਹਿੰਦਾ ਹੈ ਕਿ ਮਹਾਰਾਜ! ਫੌਜ ਨੇ ਬਹੁਤ ਤਕੜਾਈ ਕਰੀ ਹੋਈ ਹੈ। ਚੌਂਕੀਆਂ ਬਹੁਤ ਤਕੜੀਆਂ ਨੇ, ਜੇ ਤੁਸੀਂ ਗ੍ਰਿਫਤਾਰ ਹੋ ਗਏ, ਬਹੁਤ ਔਖਾ ਹੋ ਜਾਏਗਾ। ਤੁਹਾਨੂੰ ਸਭ ਜਾਣਦੇ ਨੇ। ਕੋਈ ਵਿਉਂਤ ਕਰੀਏ। ਵਿਉਂਤ ਇਹ ਕਰੀਏ ਕਿ ਇਕ ਪਲਟਣ ਮੇਰੇ ਮੁਰੀਦਾਂ ਦੀ ਆਈ ਹੋਈ ਹੈ ਇਥੇ ਤੇ ਮੈਂ ਸਾਰਾ ਇੰਤਜ਼ਾਮ ਕਰ ਦਿੰਦਾ ਹਾਂ। ਆਪ ਨੂੰ ਪ੍ਰਵਾਨ ਹੋਵੇ ਉਵੇਂ ਜਿਵੇਂ ਕਰ ਲੈਣਾ। ਭਾਈ ਦਇਆ ਸਿੰਘ ਨੂੰ ਪਲੰਘ ਤੇ ਬਿਠਾਓ। ਦੋਵੇਂ ਇਹ ਚੁੱਕਣਗੇ, ਦੋਵੇਂ ਦੂਸਰੇ ਤੇ ਜੇ ਤਾਂ ਲੰਘ ਗਏ ਫੇਰ ਤਾਂ ਠੀਕ ਹੈ। ਜੇ ਫੜੇ ਗਏ ਤਾਂ ਅਸਾਨੂੰ ਕਹਿਣ ਦਾ ਮੌਕਾ ਮਿਲ ਜਾਏਗਾ, ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ, ਨਾ ਅਸੀਂ ਝੂਠ ਬੋਲੀਏ ਤੇ ਨਾਲੇ ਹੈ ਵੀ ਨਹੀਂ ਉਹ। ਸੋ ਸਾਰਾ ਇੰਤਜ਼ਾਮ ਕਰ ਲਿਆ। ਸੂਰਜ ਛਿਪਣ ਲੱਗਿਆ, ਮੰਜੇ ਤੇ ਬਿਠਾ ਕੇ ਲਿਜਾ ਰਹੇ ਨੇ। ਉਸ ਵੇਲੇ ਕੁਦਰਤੀ ਗ੍ਰਿਫਤਾਰ ਕਰਨਾ ਸੀ, ਗ੍ਰਿਫਤਾਰ ਕਰਕੇ ਉਹ ਬੰਦ ਕਰ ਦਿਤੇ। ਉਸ ਵੇਲੇ ਦੋਵੇਂ ਭਰਾ ਸੀ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ, ਇਹ ਤਾਂ ਪੀਰ ਨੇ। ਕਹਿਣ ਲੱਗੇ, ਗੁਰੂ ਗੋਬਿੰਦ ਸਿੰਘ ਨੂੰ ਸਲੋਹ ਵਾਲੇ ਪੀਰ ਨੇ ਪੜ੍ਹਾਇਆ ਹੈ। ਅੱਜ ਉਹ ਤੁਹਾਡੀ ਫੌਜ ਵਿਚ ਆਏ ਹੋਏ ਨੇ ਉਨ੍ਹਾਂ ਨੂੰ ਬੁਲਾ ਕੇ ਪੁੱਛ ਲਓ। ਪਿਆਦਾ ਭੇਜ ਦਿਤਾ। ਉਹਨੇ ਕਿਹਾ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ, ਅਜੇ ਤਾਂ ਨਹੀਂ ਮੈਂ ਆ ਸਕਦਾ, ਉਸ ਤੋਂ ਬਾਅਦ ਮੈਂ ਇਬਾਦਤ ਕਰਨੀ ਹੈ। ਦਿਨ ਚੜ੍ਹੇ ਆਊਂਗਾ, ਅਜੇ ਤੁਸੀਂ ਉਨ੍ਹਾਂ ਨੂੰ ਕੁਛ ਕਹਿਣਾ ਨਾ, ਆਦਰ ਤੇ ਸਤਿਕਾਰ ਨਾਲ ਰੱਖਣਾ। ਐਨੀ ਗੱਲ ਕਹਿ ਕੇ ਉਸੇ ਵੇਲੇ ਆਪਣੇ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਪਿਕਟਾਂ ਤੇ ਫਟਾਫਟ ਘੁੰਮ ਕੇ ਦੇਖ ਆ, ਕਿ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜਿਆ ਗਿਆ। ਉਹਨੇ ਆ ਕੇ ਦੱਸ ਦਿਤਾ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ ਨੇ ਤੇ ਸਵੇਰੇ ਤੁਹਾਡੀ ਗਵਾਹੀ ਨਾਲ ਨਿਰਣਾ ਹੋਣਾ ਹੈ ਕਿਉਂਕਿ ਤੁਸੀਂ ਇਨ੍ਹਾਂ ਨੂੰ ਫਾਰਸੀ ਪੜ੍ਹਾਈ ਹੈ। ਕਹਿੰਦੇ ਕੀ ਕਰਦੇ ਨੇ ਸਾਰੇ? ਕਹਿੰਦੇ ਬੱਸ ਜੀ ਮਸਤ ਹੋਏ, ਸੁਸਤ ਹੋਏ ਬੈਠੇ ਨੇ ਹੁਣ ਤਾਂ ਸਾਰੇ।

ਉਸ ਵੇਲੇ ਉਹ ਪੀਰ ਉਸੇ ਵੇਲੇ ਮਹਾਰਾਜ ਕੋਲ ਆਇਆ, ਕਹਿਣ ਲੱਗਿਆ ਮਹਾਰਾਜ! ਹੁਣ ਨਿਕਲਣ ਦਾ ਮੌਕਾ ਹੈ। ਗੁਰੂ ਮਹਾਰਾਜ ਕੋਲ ਤਿੰਨ ਸ਼ਸਤਰ ਸੀ ਗੁਰੂ ਤੇਗ ਬਹਾਦਰ ਸਾਹਿਬ ਦੇ। ਜਿਹੜੇ ਉਹ ਕਿਸੇ ਕੀਮਤ ਤੇ ਵੀ ਆਪਣੇ ਕੋਲੋਂ ਨਹੀਂ ਸੀ ਛੱਡਣਾ ਚਾਹੁੰਦੇ। ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਬੁੱਢਾ ਦਰਿਆ ਪਾਰ ਕਰਕੇ ਛੇ ਸੱਤ ਮੀਲ ਲੈ ਗਏ। ਉਥੇ ਦਰਿਆ ਦੇ ਕੰਢੇ ਉਹਦੇ ਮੁਰੀਦ ਦੀ ਝੌਂਪੜੀ ਬਣੀ ਹੋਈ ਸੀ। ਕਹਿੰਦੇ ਹੁਣ ਤੁਸੀਂ ਇਥੋਂ ਦਿਨ ਚੜ੍ਹੇ ਜਾਣਾ ਤਾਂ ਠੀਕ ਨਹੀਂ ਮੈਂ ਸਾਰਾ ਅੰਦਾਜ਼ਾ ਰੱਖੂੰਗਾ, ਹਰ ਚੀਜ਼ ਦਾ ਪਤਾ ਕਰੂੰਗਾ, ਪਹਿਲਾਂ ਉਨ੍ਹਾਂ ਨੂੰ ਛੁਡਾਈਏ। ਇਹ ਫੌਜ ਨੇ ਚਲੇ ਜਾਣਾ ਹੈ ਇਥੋਂ, ਉਸ ਤੋਂ ਬਾਅਦ ਫੇਰ ਅਸੀਂ ਤੁਹਾਨੂੰ ਲੈ ਲਵਾਂਗੇ। ਸੋ ਉਸ ਵੇਲੇ ਮੁਰੀਦ ਨੂੰ ਕਹਿ ਦਿਤਾ ਕਿ ਦੇਖੋ, ਇਹ ਮਹਿਮਾਨ ਜੋ ਨੇ, ਇਨ੍ਹਾਂ ਦੇ ਬਾਰੇ ਕਿਤੇ ਗੱਲ ਨਹੀਂ ਤੁਸੀਂ ਕਰਨੀ।

ਦੂਸਰੇ ਦਿਨ ਉਹ ਜਾਂਦਾ ਹੈ ਜਦ ਪੁੱਛਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਦੇ ਕੋਲ ਚੰਗੀ ਤਰ੍ਹਾਂ ਰਹੇ ਓਂ। ਦੱਸੋ, ਇਹ ਗੁਰੂ ਗੋਬਿੰਦ ਸਿੰਘ ਨੇ। ਕਹਿੰਦੇ ਨਾ। ਇਹ ਤਾਂ ਕੋਈ ਪੀਰ ਨੇ, ਕੋਈ ਆਪਣੇ ਸੈਰ-ਸਪਾਟੇ ਕਰਦੇ ਫਿਰਦੇ ਨੇ, ਮੈਂ ਨਹੀਂ ਇਨ੍ਹਾਂ ਨੂੰ ਜਾਣਦਾ। ਮੈਂ ਗੁਰੂ ਗੋਬਿੰਦ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਛੱਡ ਦਿਤਾ ਜਾਂਦਾ ਹੈ, ਉਵੇਂ ਹੀ ਮੰਜੇ ਤੇ ਫੇਰ ਸ਼ਾਮ ਨੂੰ ਤੁਰਦੇ ਨੇ ਉਥੇ, ਜਦੋਂ ਰਾਤ ਨੂੰ ਆਉਂਦੇ ਨੇ, ਫੇਰ ਉਹ ਪੀਰ ਆਪਣੇ ਮੁਰੀਦ ਕੋਲ ਆਉਂਦਾ ਹੈ ਸਲੋਹ ਵਾਲਾ। ਉਥੋਂ ਫੇਰ ਗੁਰੂ ਮਹਾਰਾਜ ਨੂੰ ਚਾਰਪਾਈ ਤੇ ਬਿਠਾਇਆ ਜਾਂਦਾ ਹੈ।

ਹੁਣ ਐਡਾ ਵੱਡਾ ਨਾਟਕ ਇਹ ਪਹਿਲਾਂ ਪ੍ਰਗਟ ਕਿਉਂ ਨਾ ਹੋਇਆ। ਕਿੰਨਿਆਂ ਦੇ ਮਨਾਂ ਵਿਚ ਵਿਚਾਰ ਆਉਂਦੀ ਹੈ। ਗੱਲ ਤਾਂ ਐਉਂ ਚਲਦੀ ਹੈ, ਗੱਲ ਐਉਂ ਚਲਦੀ ਸੀ। ਇਸਲਾਮ ਦਾ ਰਾਜ ਸੀ, ਭੇਤ ਭੇਤ ਹੀ ਰਹਿੰਦਾ ਹੁੰਦਾ ਹੈ। ਜੇ ਕੋਈ ਦੱਸ ਦਿੰਦਾ ਹੈ ਕਿ ਇਨ੍ਹਾਂ ਨੇ ਕੱਢਿਆ ਹੈ। ਫੇਰ ਉਹ ਕਾਨੂੰਨ ਦੀ ਪਕੜ ਵਿਚ ਤਾਂ ਬਾਅਦ ਵਿਚ ਆ ਸਕਦਾ ਹੈ। ਵੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ, ਤੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ। ਇਹ ਗੱਲ ਪ੍ਰਚਲਤ ਨਹੀਂ ਹੋਈ, ਪ੍ਰਚਲਤ ਗੱਲ ਦੂਸਰੀ ਹੋ ਗਈ। ਸੋ

ਇਹ ਪੀਰ ਤੇ ਦੋਵੇਂ ਭਰਾ ਜੇ ਚਾਹੁੰਦੇ ਤਾਂ ਲੱਖਾਂ ਰੁਪਏ ਲੈ ਲੈਣੇ ਸੀ ਉਨ੍ਹਾਂ ਨੇ। ਫੇਰ ਉਹ ਮਿਤਰ ਹੋਏ ਕਿ ਦੁਸ਼ਮਣ ਹੋਏ।

ਅੱਗੇ ਜਾ ਕੇ ਮਹਾਰਾਜ ਰਾਏ ਕੱਲੇ ਦੇ ਕੋਲ ਪਹੁੰਚ ਜਾਂਦੇ ਨੇ। ਰਾਏ ਕੱਲੇ ਕੋਲ ਮਹਾਰਾਜ ਤਿੰਨ ਮਹੀਨੇ ਰਹੇ। ਨਵਾਬ ਸਰਹੰਦ ਨੂੰ ਪਤਾ ਲਗਦਾ ਹੈ ਕਿ ਰਾਏ ਕੱਲੇ ਦੇ ਕੋਲ ਨੇ, ਉਹਦਾ ਰਾਜ ਸੀਗਾ ਮਲੇਰ ਕੋਟਲੇ ਦੇ ਬਰਾਬਰ-ਬਰਾਬਰ, ਮਨਸੂਰਾਂ, ਯੋਧਾਂ ਸਭ ਉਹਦੇ ਰਾਜ ਵਿਚ ਸੀ, ਲੁਧਿਆਣੇ ਤੱਕ ਰਾਜ ਸੀਗਾ ਓਹਦਾ। ਤਾਂ ਉਹਨੂੰ ਸੰਦੇਸ਼ਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ ਨੇ, ਤੂੰ ਗ੍ਰਿਫਤਾਰ ਕਰਕੇ ਮੇਰੇ ਕੋਲ ਭੇਜ ਦੇ। ਔਰੰਗਜ਼ੇਬ ਤੋਂ ਬਹੁਤ ਵੱਡਾ ਨਾਮ ਪ੍ਰਾਪਤ ਕਰਾਂਗੇ। ਤੈਨੂੰ ਹੋਰ ਵੱਡੀ ਮਨਸੁਖਦਾਰੀ ਦਿਤੀ ਜਾਵੇਗੀ। ਪ੍ਰਵਾਨ ਹੋਏਂਗਾ। ਉਹਨੇ ਜਵਾਬ ਕੀ ਦਿੱਤਾ? ਉਹ ਕਹਿੰਦਾ ਨਵਾਬ ਸਾਹਿਬ! ਮੈਂ ਰੱਬ ਵਾਲਾ ਬੰਦਾ ਹਾਂ, ਮੈਂ ਕਾਫਰ ਨਹੀਂ ਹਾਂ। ਮੇਰਾ ਅਕੀਦਾ ਜੋ ਹੈ ਇਹ ਗੁਰੂ ਗੋਬਿੰਦ ਸਿੰਘ ਦੇ ਉਤੇ ਪੀਰਾਂ ਵਾਲਾ ਅਕੀਦਾ ਹੈ। ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਆਖਰੀ ਦਮ ਤਾਈਂ ਕੱਟ ਮਰਦੇ ਨੇ ਜਦ ਤੱਕ ਮੇਰੀ ਸਟੇਟ ਦਾ ਇਕ ਵੀ ਬੰਦਾ ਬਚਦਾ ਹੈ, ਓਨੀ ਦੇਰ ਤੱਕ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਹੱਥ ਨਹੀਂ ਲਾ ਸਕਦੇ।

ਅੱਜ ਕੋਈ ਹੈ ਸੰਸਾਰ ਦੇ ਅੰਦਰ ਜਿਹੜਾ ਕਿਸੇ ਨੂੰ ਪਨਾਹ ਦੇਵੇ ਰਾਜਾ। ਕੋਈ ਸਟੇਟ ਹੈ ਜਿਹੜੀ ਕਿਸੇ ਨੂੰ ਪਨਾਹ ਦੇ ਦੇਵੇ ਤੇ ਕਹਿ ਦੇਵੇ ਕਿ ਅਸੀਂ ਮਰਦੇ ਦਮ ਤੱਕ ਨਹੀਂ ਦੇ ਸਕਦੇ ਤੁਹਾਨੂੰ। ਫੇਰ ਉਨ੍ਹਾਂ ਨੂੰ ਮਿਤਰ ਕਹਿਣਾ ਹੈ ਕਿ ਕੀ ਕਹਿਣਾ ਹੈ।

ਸੋ ਭੀਖਣਸ਼ਾਹ ਨੇ ਕੁੱਜੀਆਂ ਲਿਆ ਕੇ ਦੇਖਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਕਿਹਦੇ ਨੇ, ਹਿੰਦੂਆਂ ਦੇ ਨੇ ਕਿ ਮੁਸਲਮਾਨਾਂ ਦੇ ਨੇ। ਮਹਾਰਾਜ ਨੇ ਦੱਸਿਆ ਕਿ ਅਸੀਂ ਦੋਹਾਂ ਦੇ ਹਾਂ। ਸੋ ਐਸੇ ਕੌਤਕ ਨੇ ਗੁਰੂ ਮਹਾਰਾਜ ਦੇ।

ਇਸ ਤਰ੍ਹਾਂ ਆਪ ਬਚਪਨ ਤੋਂ ਹੀ ਬਹੁਤ ਹੀ ਪਿਆਰੇ, ਬਹੁਤ ਸੁੰਦਰ, ਜੋ ਦੇਖਦਾ ਸੀ ਮੋਹਿਆ ਜਾਂਦਾ ਸੀ। ਮਾਤਾ ਜੀ ਜਿਥੇ ਰਹਿੰਦੇ ਸੀਗੇ ਉਥੇ ਖੂਹ ਸੀਗਾ। ਉਸ ਮੁਹੱਲੇ ਤੋਂ ਦੂਰ-ਦੂਰ ਤੋਂ ਸੋਹਣਾ ਪਾਣੀ ਹੋਣ ਕਰਕੇ ਉਥੋਂ ਭਰਨ ਵਾਸਤੇ ਆਉਂਦੇ ਸੀ। ਨਾਲੇ ਇਹ ਵੀ ਹੁੰਦਾ ਕਿ ਅਸੀਂ ਬਾਲਾ ਗੋਬਿੰਦ ਰਾਏ ਦੇ ਦਰਸ਼ਨ ਵੀ ਕਰ ਲਵਾਂਗੇ। ਖਿੱਚ ਪੈਂਦੀ ਸੀ ਹਰੇਕ ਨੂੰ। ਜ਼ਰੂਰ ਦਰਸ਼ਨ ਕਰਨੇ ਚਾਹੁੰਦੇ ਸੀ। ਲੇਕਿਨ ਮਹਾਰਾਜ ਜੀ ਨੇ ਐਸਾ ਕੌਤਕ ਰਚਿਆ ਕਿ ਗੁਲੇਲੇ ਲੈ ਕੇ ਜਦ ਸੁਆਣੀਆਂ ਨੇ ਘੜਾ ਭਰ ਕੇ ਸਿਰ ਤੇ ਰੱਖਣਾ, ਮਾਰਨਾ ਗੁਲੇਲਾ ਤੇ ਘੜਾ ਭੰਨ ਦੇਣਾ। ਕੁਛ ਨਹੀਂ ਕਹਿਣਾ ਕਿਸੇ ਨੇ। ਉਹ ਘੜੇ ਨਹੀਂ ਸੀ ਭੰਨਦੇ, ਉਹ ਪਾਪਾਂ ਦੇ ਘੜੇ ਭੰਨਦੇ ਸੀ। ਜਿਹਦੇ ਘੜੇ 'ਚ ਗੁਲੇਲਾ ਲਗਦਾ ਸੀ, ਉਹਦੇ ਸਾਰੇ ਪਾਪ ਖੰਡਤ ਕਰ ਦਿੰਦੇ ਸੀ। ਦੁਨੀਆਂ ਨੂੰ ਸਮਝ ਨਹੀਂ ਪਈ ਕਿ ਗੁਰੂ ਦਸਵੇਂ ਪਾਤਸ਼ਾਹ ਗੁਲੇਲੇ ਕਿਉਂ ਮਾਰਦੇ ਸੀ। ਕਿੰਨਿਆਂ ਦਾ ਉਧਾਰ ਕਰਦੇ ਸੀ। ਉਸ ਤੋਂ ਬਾਅਦ ਮਾਤਾ ਜੀ ਨੇ ਗਾਗਰਾਂ ਦੇ ਦਿਤੀਆਂ। ਮਹਾਰਾਜ ਨੇ ਤੀਰ ਬਣਾ ਲਏ, ਗਾਗਰਾਂ ਦੇ ਵਿਚ ਛੇਕ ਪਾਉਣੇ ਸ਼ੁਰੂ ਕਰ ਦਿਤੇ। ਜਦੋਂ ਕਈਆਂ ਨੇ ਕਿਹਾ ਕਿ ਅਸੀਂ ਹੁਣ ਪਾਣੀ ਕਿਥੋਂ ਲਈਏ, ਕਹਿੰਦੇ ਖੂਹ ਹੀ ਖਾਰਾ ਹੋ ਜਾਏ। ਖਾਰਾ ਹੋ ਗਿਆ ਉਸੇ ਵੇਲੇ ਖੂਹ।

ਸੋ ਉਥੇ ਇਕ ਬਹੁਤ ਵਿਦਵਾਨ ਜਿਸ ਦਾ ਨਾਮ ਸ਼ਿਵਦੱਤ ਸੀ। ਉਹ ਸੱਚੀਮੁਚੀਂ ਦੀ ਭਗਤੀ ਕਰਦਾ ਹੁੰਦਾ। ਰਾਮਚੰਦਰ ਜੀ ਦੇ ਉਤੇ ਉਸ ਦੀ ਨੇਸ਼ਟਾ ਸੀ, ਬਹੁਤ ਵੈਰਾਗ ਕਰਦਾ ਸੀ। ਵੈਰਾਗ ਦੇ ਅੰਦਰ ਨੇਤਰਾਂ 'ਚੋਂ ਜਲ ਜਾਈ ਜਾਂਦਾ ਤੇ ਗੰਗਾ ਦੇ ਕਿਨਾਰੇ ਬੈਠ ਕੇ ਉਹਨੇ ਭਗਤੀ ਕਰਨੀ। ਹਰ ਵਕਤ ਰੋਂਦਾ ਰਹਿੰਦਾ ਸੀ ਕਿ ਹੇ ਪ੍ਰਭੂ, ਮੈਨੂੰ ਦਰਸ਼ਨ ਦੇ, ਜੋ ਵੈਰਾਗੀਆਂ ਦੀ ਦਸ਼ਾ ਹੁੰਦੀ ਹੈ, ਉਹ ਦਸ਼ਾ ਉਹਦੇ ਉਤੇ ਵਾਪਰਿਆ ਕਰਦੀ ਸੀ। ਅੱਜ ਉਹਦੀ ਅਰਦਾਸ ਦਰਗਾਹ 'ਚ ਕਬੂਲ ਹੋਈ। ਬਾਲਾ ਗੋਬਿੰਦ ਰਾਇ ਜੀ ਬੱਚਿਆਂ ਨੂੰ ਲੈ ਕੇ ਉਥੇ ਚਲੇ ਗਏ ਜਿਥੇ ਉਹ ਬੈਠਾ ਭਗਤੀ ਕਰਦਾ ਹੈ। ਉਹਦੇ ਕੰਨ 'ਚ ਜਾ ਕੇ, ਬਹੁਤੇ ਵੱਡੇ ਨਹੀਂ ਸੀਗੇ, ਛੋਟੀ ਜਿਹੀ ਉਮਰ ਸੀ ਪੰਜ ਕੁ ਸਾਲ ਦੀ, ਕੋਲ ਚਲੇ ਗਏ, ਜਾ ਕੇ ਕੰਨ ਕੋਲ ਜਾ ਕੇ, ਕਹਿੰਦੇ ਪੰਡਤ ਜੀ! ਝਾਤ। ਉਹਨੇ ਜਦ ਨੇਤਰ ਖੋਲ੍ਹੇ, ਤਾਂ ਉਸ ਵੇਲੇ ਨੂੰ ਅੱਖਾਂ ਤੋਂ ਓਹਲੇ ਜਾ ਚੁੱਕੇ ਸੀ। ਅਵਾਜ਼ ਆਈ ਜਾਂਦੀ ਹੈ, ਝਾਤ ਦੀ। ਫੇਰ ਵੈਰਾਗ ਕਰਿਆ ਕਿ ਹੇ ਪ੍ਰਭੂ ਦਰਸ਼ਨ ਤਾਂ ਦਿੱਤਾ। ਪਰ ਮੈਂ ਦੇਖ ਨਹੀਂ ਸਕਿਆ ਤੈਨੂੰ। ਫੇਰ ਆਈ ਆਵਾਜ਼, ਪੰਡਤ ਜੀ! ਦੇਖੋ। ਕੀ ਦੇਖਦਾ ਹੈ ਕਿ ਸਾਮ੍ਹਣੇ ਸ੍ਰੀ ਰਾਮ ਚੰਦਰ ਜੀ ਧਨੁਸ਼ ਬਾਣ ਲਈ ਖੜ੍ਹੇ ਨੇ। ਨਮਸ਼ਕਾਰਾਂ ਕਰਦਾ ਹੈ, ਜਦ ਮੱਥਾ ਟੇਕਦਾ ਹੈ, ਸੀਸ ਚੁੱਕਦਾ ਹੈ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੁੰਦੇ ਨੇ। ਬਾਲ ਨੇ ਪੰਜ ਸਾਲ ਦੀ ਉਮਰ ਦੇ। ਜਦੋਂ ਫੇਰ ਨਮਸ਼ਕਾਰ ਕਰਕੇ ਦੇਖਦਾ ਹੈ ਤਾਂ ਫੇਰ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨ ਹੁੰਦੇ ਨੇ। ਹੈਰਾਨ ਹੋ ਗਿਆ। ਮਹਾਰਾਜ ਮੁਸਕਰਾ ਰਹੇ ਨੇ। ਪੱਕਾ ਨੇਸ਼ਟ ਆ ਗਿਆ ਕਿ ਮੇਰਾ ਤਾਂ ਇਸ਼ਟ ਆ ਗਿਆ, ਉਸ ਨੇ ਤਾਂ ਮੰਨ ਲਿਆ, ਫਤਹਿ ਹੋ ਗਈ। ਪਿਆਰ ਫਤਹਿ ਕਹਿੰਦੇ ਨੇ ਇਹਨੂੰ।

ਉਸੇ ਸ਼ਹਿਰ ਦੇ ਅੰਦਰ ਇਕ ਰਾਜਾ ਫਤਹਿ ਚੰਦ ਜਿਸਦਾ ਨਾਮ ਸੀ, ਬੇਔਲਾਦ ਸੀ, ਬਹੁਤ ਪੈਸੇ ਵਾਲਾ ਸੀ। ਉਹਦੀ ਰਾਣੀ ਨੂੰ ਹਰ ਵਕਤ ਚਿੰਤਾ ਰਹਿੰਦੀ ਸੀ ਕਿ ਬਹੁਤ ਧਨ ਹੈ ਲੇਕਿਨ ਔਲਾਦ ਨਹੀਂ ਹੋਈ ਹੈ। ਫਤਹਿਚੰਦ ਮੈਣੀ ਸੀ - ਮੈਣੀ ਗੋਤ। ਉਹਨੂੰ ਮੈਣੀ ਕਹਿੰਦੇ ਸੀ ਰਾਣੀ ਮੈਣੀ। ਇਹ ਜਦੋਂ ਸ਼ਿਵਦੱਤ ਦੇ ਪਾਸ ਗਈ ਕਿ ਪੰਡਤ ਜੀ! ਤੁਸੀਂ ਰੱਬ ਨੂੰ ਮਿਲੇ ਹੋਏ ਹੋਂ, ਸਾਰੇ ਕਹਿੰਦੇ ਨੇ ਕਿ

ਪੰਡਤ ਜੀ ਨੂੰ ਰੱਬ ਮਿਲ ਗਿਆ, ਤੁਹਾਡੇ ਉਤੇ ਕੋਈ ਖਾਸ ਨੂਰ ਚੜ੍ਹ ਗਿਆ ਅੱਜਕੱਲ੍ਹ। ਹਰ ਵਕਤ ਤੁਸੀਂ ਖੁਸ਼ ਰਹਿੰਦੇ ਓਂ। ਤੁਹਾਡੇ ਬਚਨਾਂ 'ਚ ਮਿਠਾਸ ਆ ਗਈ, ਤੁਹਾਡੇ ਨੇਤਰਾਂ 'ਚ ਖਿੱਚ ਹੈ ਤੇ ਤੁਸੀਂ ਮੇਰੇ ਤੇ ਕ੍ਰਿਪਾ ਕਰੋ। ਮੇਰੀ ਝੋਲੀ ਦੇ ਵਿੱਚ ਪੁੱਤਰ ਦੀ ਦਾਤ ਪਾਓ। ਕਹਿਣ ਲੱਗੇ, ਰਾਣੀ ਸਾਹਿਬ! ਦਾਤਾਂ ਦੇਣ ਵਾਲਾ ਤਾਂ ਇਥੇ ਤੁਹਾਡੇ ਕੋਲ ਹੀ ਰਹਿੰਦਾ ਹੈ। ਤੁਸੀਂ ਓਹਦੀ ਅਰਾਧਨਾ ਕਰੋ। ਉਹਨੇ ਆਪ ਹੀ ਦਾਤ ਦੇਣ ਵਾਸਤੇ ਆ ਜਾਣਾ ਹੈ ਕਿਉਂਕਿ ਮੈਂ ਜਦੋਂ ਤੋਂ ਬਾਣੀ ਦੀ ਵਿਚਾਰ ਸ਼ੁਰੂ ਕੀਤੀ ਹੈ। ਜਦੋਂ ਤੋਂ ਮੈਨੂੰ ਮਿਲਿਆ ਹੈ ਭਗਵਾਨ। ਉਸੇ ਵੇਲੇ ਮੈਂ ਤੱਤ ਬਾਣੀ ਦੀ ਵਿਚਾਰ ਸ਼ੁਰੂ ਕਰ ਦਿੱਤੀ। ਉਹਦੇ ਵਿਚੋਂ ਮੈਂ ਇਹ ਸਮਝਣਾ ਕੀਤਾ ਹੈ –

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਆਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥* *ਅੰਗ - 266*

ਕਹਿਣ ਲੱਗੇ, ਰਾਣੀ ਸਾਹਿਬ! ਮੈਂ ਗੁਰਬਾਣੀ ਦੀ ਵਿਚਾਰ ਕਰੀ ਹੈ ਕਿ ਜੇ ਚਾਰ ਪਦਾਰਥ ਧਰਮ, ਅਰਥ, ਕਾਮ, ਮੋਖ ਇਹਦੇ ਵਿਚ ਸਾਰੀ ਦੁਨੀਆਂ ਦੇ ਪਦਾਰਥ ਅਤੇ ਰੂਹਾਨੀ ਪਦਾਰਥ ਆ ਜਾਂਦੇ ਹਨ। ਇਹ ਸਾਰੇ ਹੀ ਜੋ ਸਾਧੂਆਂ ਦੀ ਸੇਵਾ ਕਰਦੇ ਉਨ੍ਹਾਂ ਨੂੰ ਪ੍ਰਸੰਨ ਕਰ ਲਓ। ਉਨ੍ਹਾਂ ਦੇ ਮੁਖ 'ਚੋਂ ਨਿਕਲ ਜਾਵੇ ਪ੍ਰਸੰਨ ਹੋ ਕੇ ਤਾਂ ਵੱਡੀ ਤੋਂ ਵੱਡੀ ਦਾਤ ਮਿਲ ਜਾਂਦੀ ਹੈ। ਇਹ ਕੋਈ ਹੱਟੀ ਤਾਂ ਨਹੀਂ ਹੈ ਕਿ ਬਚਨ ਦੇ ਦਿਓ ਜੀ। ਸੇਵਾ ਕਰਨੀ ਪੈਂਦੀ ਹੈ, ਰਝਾਉਣਾ ਪੈਂਦਾ ਹੈ ਗੁਰੂ ਨੂੰ। ਜਦੋਂ ਗੁਰੂ ਰੀਝਦਾ ਹੈ ਫੇਰ ਪਦਾਰਥ ਮਿਲ ਜਾਂਦਾ ਹੈ। ਗੁਰੂ ਕਦੋਂ ਰੀਝਦਾ ਹੈ ਜਦੋਂ ਉਹਦਾ ਸਿੱਖ ਰੀਝ ਜਾਂਦਾ ਹੈ। ਉਹਦਾ ਸਿੱਖ ਰੀਝ ਜਾਵੇ ਕਿਸੇ ਦੀ ਸੇਵਾ ਤੇ ਫੇਰ ਗੁਰੂ ਦਾ ਸਿੱਖ ਬਣ ਜਾਂਦਾ ਹੈ। ਉਹਦੇ ਬਚਨ ਦੀ ਲਾਜ ਰੱਖਣੀ। ਸੋ ਕਹਿਣ ਲੱਗੇ ਬਾਲਾ ਗੋਬਿੰਦ ਰਾਏ ਬਚਪਨ ਦੇ ਅੰਦਰ ਸਾਥੀਆਂ ਦੇ ਨਾਲ ਖੇਲ੍ਹਦੇ ਰਹਿੰਦੇ ਨੇ। ਤੁਸੀਂ ਉਨ੍ਹਾਂ ਦੀ ਆਸ ਕਰੋ, ਲੰਗਰ ਤਿਆਰ ਕਰੋ। ਅਰਾਧਨਾ ਕਰੋ ਉਹ ਆ ਜਾਣਗੇ ਫੇਰ ਉਨ੍ਹਾਂ ਤੋਂ ਮੰਗ ਲੈਣਾ। ਖੇਲ੍ਹਦਿਆਂ ਦੇ ਦਰਸ਼ਨ ਕਰਾ ਦਿੱਤੇ। ਸਰੂਪ ਹਿਰਦੇ ਵਿਚ ਵਸ ਗਿਆ। ਸਮਾਧੀ ਲਾ ਕੇ ਬੈਠਦੀ ਹੈ। ਨਾਲ ਇਹ ਹੈ ਕਿ ਹੇ ਬਾਲਾ ਪ੍ਰੀਤਮ! ਜੇ ਪੁੱਤਰ ਦੇਣਾ ਹੈ ਤਾਂ ਆਪਣੇ ਵਰਗਾ ਦੇਈਂ। ਤੇਰੇ ਵਰਗਾ ਹੋਵੇ ਇੰਨ ਬਿੰਨ ਜਿਹੜਾ ਖਿੱਚਾਂ ਪਾਉਂਦਾ ਹੋਵੇ, ਜਿਹਦੇ ਨੇਤਰਾਂ 'ਚ ਰਸ ਹੋਵੇ। ਜਿਹਦੇ ਬੋਲ ਦੇ ਵਿਚ ਮੁਸਕਾਨ ਹੋਵੇ, ਜਿਹਦੇ ਅੰਗ-ਅੰਗ ਦੇ ਵਿਚ ਪਿਆਰ ਹੋਵੇ। ਅੱਜ ਬੈਠੀ ਹੈ ਅੰਮ੍ਰਿਤ ਵੇਲੇ ਦੋ ਵਜੇ ਤੋਂ ਬੈਠੀ ਹੈ, ਚੌਂਕੜਾ ਨਹੀਂ ਹਿਲਾ ਰਹੀ, ਦਿਨ ਚੜ੍ਹ ਗਿਆ। ਉਧਰ ਹੁਕਮ ਕਰ ਦਿਤਾ ਕਿ ਘੁੰਗਣੀਆਂ ਬਣਾਓ। ਜੇ ਉਹ ਆ ਗਏ ਤਾਂ ਪ੍ਰਸ਼ਾਦ ਕੀ ਦੇਵਾਂਗੇ। ਨਿਹਚਾ ਹੈ ਹਿਰਦੇ ਦੇ ਅੰਦਰ ਕਿ ਜ਼ਰੂਰ ਆਉਣਗੇ। ਕਿਉਂਕਿ ਪੰਡਤ ਸ਼ਿਵਦੱਤ ਗਲਤ ਗੱਲ ਨਹੀਂ ਕਹਿੰਦਾ। ਇਹ ਬਿਲਕੁਲ ਠੀਕ ਕਹਿੰਦੇ ਨੇ। ਸਮਾਂ ਨਿਕਲ ਗਿਆ, ਨਿਕਲਦਾ ਤੁਰਿਆ ਜਾਂਦਾ ਹੈ। ਦਿਨ ਚੜ੍ਹ ਗਿਆ ਤੇ ਉਧਰ ਗੁਰੂ ਦਸ਼ਮੇਸ਼ ਪਿਤਾ ਬਾਲਾ ਪ੍ਰੀਤਮ! ਬੱਚਿਆਂ ਨੂੰ ਨਾਲ ਲੈ ਕੇ ਉਸਦੇ ਰਾਜ ਮਹੱਲ ਵਲ ਨੂੰ ਤੁਰ ਪਏ। ਪਹਿਰੇਦਾਰ ਖੜ੍ਹੇ ਨੇ, ਰੂਪ ਦੇਖਿਆ ਸਭ ਨੇ। ਕੋਈ ਰੋਕ ਨਹੀਂ ਸਕਿਆ ਕਿ ਅਸੀਂ ਰੋਕ ਦੇਈਏ ਤੇ ਖਬਰ ਅੰਦਰ ਦੇਈਏ। ਹੈਰਾਨ ਹੋ ਗਏ ਸਰੂਪ ਦੇਖਦੇ ਸਾਰ। ਭੁੱਲ ਗਏ ਸਾਰੇ ਸਭ ਕੁਝ, ਆਪਣਾ ਆਪਾ ਭੁੱਲ ਗਏ। ਮਹਾਰਾਜ ਮਲਕੜੇ ਅੰਦਰ ਚਲੇ ਗਏ। ਪਉੜੀਆਂ ਚੜ੍ਹ ਗਏ, ਜਿਸ ਮਹੱਲ ਦੇ ਅੰਦਰ ਰਾਣੀ ਬੈਠੀ ਸੀ ਚੌਂਕੜਾ ਮਾਰੀ ਤੇ ਨੇਤਰ ਬੰਦ ਸੀ। ਉਸ ਆਸਣ ਤੇ ਗੁਰੂ ਮਹਾਰਾਜ ਚੜ੍ਹੇ, ਦੋਵੇਂ ਬਾਹਾਂ ਗਲ 'ਚ ਪਾ ਲਈਆਂ ਤੇ ਗੋਦੀ 'ਚ ਇਕ ਦਮ ਲਮਕ ਕੇ ਪੈ ਗਏ। ਆਵਾਜ਼ ਦਿਤੀ ਮਾਂ-ਮਾਂ। ਮਾਂ ਦਾ ਸ਼ਬਦ ਸੁਣਦੀ ਸਾਰ ਉਹਦੇ ਸਾਰੇ ਸਰੀਰ ਦੇ ਵਿਚੋਂ ਝਰਨਾਟਾਂ ਨਿਕਲਣ ਲਗ ਗਈਆਂ। ਸੰਭਲਿਆ ਨਹੀਂ ਜਾਂਦਾ ਐਨਾ ਅਨੰਦ ਆ ਗਿਆ। ਮਾਂ, ਮੈਨੂੰ ਵੀ ਕੋਈ ਮਾਂ ਕਹਿਣ ਵਾਲਾ ਆ ਗਿਆ। ਮੇਰੀ ਗੋਦੀ ਦੇ ਵਿਚ ਵੀ ਕੋਈ ਪੈ ਕੇ ਕਹਿੰਦਾ ਹੈ ਮਾਂ। ਮੇਰੇ ਸੀਨੇ ਨੂੰ ਠੰਢ ਪਾ ਕੇ ਕੋਈ ਕਹਿੰਦਾ ਹੈ ਮਾਂ। ਕਿੱਡੀ ਪਿਆਰੀ ਚੀਜ਼ ਹੈ ਪੁੱਤਰ।

ਜਦੋਂ ਨੇਤਰ ਖੋਲ੍ਹੇ ਹੈਰਾਨ ਹੋ ਗਈ ਕਿ ਇਹ ਤਾਂ ਮੇਰੀ ਗੋਦੀ ਵਿਚ ਬੈਠੇ ਨੇ। ਮਾਂ, ਮੇਰੇ ਵਰਗਾ ਤਾਂ ਮੈਂ ਹੀ ਹਾਂ। ਮੈਂ ਤੇਰਾ ਪੁੱਤਰ ਹਾਂ। ਮੇਰੇ ਸਾਥੀਆਂ ਨੂੰ ਭੁੱਖ ਲੱਗੀ ਹੋਈ ਹੈ, ਛੇਤੀ ਲਿਆ ਕੇ ਦੇ ਕੁਛ ਖਾਣ ਨੂੰ। ਉਸੇ ਵੇਲੇ ਘੁੰਗਣੀਆਂ ਤਿਆਰ ਸੀ। ਛਕਾਈਆਂ ਆਪ ਨੇ। ਅੱਖਾਂ ਤੋਂ ਓਹਲੇ ਕਰਨ ਨੂੰ ਜੀਅ ਨਹੀਂ ਕਰਦਾ। ਕਹਿੰਦੇ ਅਸੀਂ, ਰੋਜ਼ ਆਇਆ ਕਰਾਂਗੇ। ਤੇਰੇ ਬਾਗ ਵਿਚ ਖੇਲ੍ਹਿਆ ਕਰਾਂਗੇ। ਮਾਤਾ, ਤੂੰ ਮੇਰੀ ਮਾਤਾ ਹੋ ਗਈ, ਮੈਂ ਤੇਰਾ ਪੁੱਤਰ ਹੋ ਗਿਆ। ਹੁਣ ਤਾਂ ਆਪਾਂ ਇਕੋ ਹੀ ਹੋ ਗਏ।

ਜਿਹੜਾ ਪਟਨਾ ਸਾਹਿਬ ਦਾ ਤਖਤ ਬਣਿਆ ਹੋਇਆ ਹੈ, ਉਹ ਉਹਦੇ ਮਹਿਲਾਂ 'ਚ ਹੀ ਸੀ।

ਸੋ ਸਮਾਂ ਪੈਂਦਾ ਗਿਆ, ਹੌਲੀ-ਹੌਲੀ ਉਥੇ ਇਕ ਨਵਾਬ ਸੀ ਕਰੀਮ ਖਾਂ। ਉਸ ਵੇਲੇ ਦਾ ਰਿਵਾਜ ਸੀ ਕਿ ਜਦੋਂ ਕੋਈ ਆਫੀਸਰ ਆਉਂਦਾ, ਨਵਾਬ ਆਉਂਦਾ ਤਾਂ ਸੱਤ ਸਲਾਮਾਂ ਝੁੱਕ ਕੇ ਕਰਨੀਆਂ ਪੈਂਦੀਆਂ ਸੀ। ਜਿਸ ਵਕਤ ਉਹ ਨਵਾਬ ਆਇਆ, ਮਹਾਰਾਜ ਨੇ ਸਾਰਿਆਂ ਬੱਚਿਆਂ ਨੂੰ ਕਹਿ ਦਿੱਤਾ ਕਿ ਦੰਦੀਆਂ ਚੜ੍ਹਾਉਣੀਆਂ ਨੇ, ਝੁਕਣਾ ਨਹੀਂ ਹੈਗਾ। ਉਸੇ ਤਰ੍ਹਾਂ ਹੀ ਕੀਤਾ। ਜਦੋਂ ਸਿਪਾਹੀ ਮਗਰ

ਪਏ ਤਾਂ ਕੋਈ ਏਧਰ ਜਾ ਵੜਿਆ, ਕੋਈ ਉਧਰ ਜਾ ਵੜਿਆ। ਕੋਈ ਨਾ ਲੱਭਾ। ਮਹਾਰਾਜ ਜੀ ਖੜ੍ਹੇ ਰਹੇ, ਜਦੋਂ ਉਹਨੇ ਰੂਪ ਦੇਖਿਆ ਤੇ ਤੱਕਣੀ ਦੇਖੀ। ਦਿਲ ਦੇ ਅੰਦਰ ਹੀ ਖੁੱਭ ਗਏ। ਉਸੇ ਵੇਲੇ ਘੋੜੇ ਤੋਂ ਉਤਰਿਆ ਸਲਾਮ ਕਰੀ, ਸਿਜਦਾ ਕਰਿਆ। ਕਹਿੰਦੇ ਕੌਣ ਹੈ ਇਹ ਬਾਲਕ? ਜਿਸਨੇ ਮੈਨੂੰ ਵੀ ਘੋੜੇ ਤੋਂ ਉਤਾਰ ਕੇ ਆਪਣੇ ਚਰਨਾਂ ਤੇ ਪਾ ਲਿਆ। ਕਹਿਣ ਲੱਗੇ, ਪੰਜਾਬ ਤੋਂ ਆਏ ਹੋਏ ਨੇ, ਗੁਰੂ ਤੇਗ ਬਹਾਦਰ ਸਾਹਿਬ ਦੇ ਫਰਜ਼ੰਦ ਨੇ। ਸੋ ਉਸ ਨੇ ਬੇਨਤੀ ਕਰੀ ਹੇ ਸਾਹਿਬਜ਼ਾਦੇ! ਮੈਨੂੰ ਰੋਜ਼ ਦਰਸ਼ਨ ਦਿਆ ਕਰ।

ਸੋ ਐਸੇ ਪਿਆਰ ਦੀਆਂ ਜਿੱਤਾਂ ਬੇਅੰਤ ਕੋਈ ਗਿਣਤੀ ਤੋਂ ਬਾਹਰ ਨੇ। ਲੇਕਿਨ ਸੁਨੇਹਾ ਆ ਗਿਆ ਮਹਾਰਾਜ ਨੂੰ ਕਿ ਵਾਪਸ ਪੰਜਾਬ ਆ ਜਾਓ। ਗੁਰੂ ਨੌਵੇਂ ਪਾਤਸ਼ਾਹ ਨੇ ਤਿਆਰੀਆਂ ਕਰ ਲਈਆਂ, ਪਤਾ ਸੀ ਕਿ ਹੁਣ ਅਸੀਂ ਸ਼ਹੀਦੀ ਦੇ ਦੇਣੀ ਹੈ, ਉਸ ਵੇਲੇ ਆਪ ਨੇ ਇਨ੍ਹਾਂ ਨੂੰ ਵਾਪਸ ਬੁਲਾ ਲਿਆ।

ਵਿਛੋੜਾ ਜਿਹਨੂੰ ਕਹਿੰਦੇ ਨੇ ਇਹ ਬਹੁਤ ਹੀ ਬੁਰਾ ਸੱਲ੍ਹ ਹੈ ਸਾਧਸੰਗਤ ਜੀ। ਖਾਸ ਕਰਕੇ ਮਹਾਂਪੁਰਸ਼ਾਂ ਦਾ ਵਿਛੋੜਾ। ਉਹ ਝੱਲਣਾ ਔਖਾ ਹੋ ਜਾਂਦਾ ਹੈ, ਝੱਲ ਨਹੀਂ ਹੁੰਦਾ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਅੰਗ - 708*

ਸਾਰਿਆਂ ਦੇ ਅੰਦਰ ਬਿਰਹਾ ਆ ਗਿਆ ਤੇ ਜਿਸ ਵਕਤ ਮਹਾਰਾਜ ਜੀ ਰਾਣੀ ਦੇ ਪਾਸ ਜਾਂਦੇ ਨੇ ਮਾਤਾ, ਹੁਕਮ ਆ ਗਿਆ ਸਾਨੂੰ ਅਸੀਂ ਜਾ ਰਹੇ ਹਾਂ। ਇਹ ਬਚਨ ਨਹੀਂ ਸੀਗਾ ਉਹਨੂੰ ਐਉਂ ਲੱਗਿਆ ਜਿਵੇਂ ਕਿਸੇ ਨੇ ਬਹੁਤ ਅਣੀ ਵਾਲਾ ਬਾਣ ਮਾਰਿਆ ਹੁੰਦਾ ਹੈ। ਬੇਹੋਸ਼ ਹੋ ਕੇ ਗਿਰ ਗਈ ਉਸੇ ਵੇਲੇ। ਪੱਖੇ ਝੱਲੇ ਗਏ, ਜਲ ਮੂੰਹ ਵਿਚ ਪਾਇਆ ਗਿਆ। ਸਾਵਧਾਨ ਕਰਿਆ, ਮਾਤਾ! ਐਨਾ ਅਫ਼ਸੋਸ ਕਿਸ ਗੱਲ ਦਾ? ਐਡਾ ਦੁੱਖ?

ਕਹਿਣ ਲੱਗੀ, "ਪੁੱਤਰ! ਮੈਂ ਰਹਿ ਨਹੀਂ ਸਕਦੀ। ਬੜੀ ਦੇਰ ਤੋਂ ਬਾਅਦ ਮੇਰੀ ਇਛਿਆ ਪੂਰੀ ਹੋਈ ਸੀ।"

"ਅਸੀਂ ਜਾਨੇ ਆਂ ਕਿਤੇ।" ਜਿਸ ਟਾਈਮ ਅਸੀਂ ਆਉਂਦੇ ਹਾਂ, ਸੰਗਤ ਕਰਿਆ ਕਰਨਾ, ਬਾਣੀ ਦੀ ਵਿਚਾਰ ਕਰਿਆ ਕਰੋ। ਮੇਰੇ ਸਾਥੀ ਜਿਹੜੇ ਨੇ ਇਹ ਆਉਣਗੇ ਜਦੋਂ ਤੁਸੀਂ ਘੁੰਗਣੀਆਂ ਦਾ ਪ੍ਰਸ਼ਾਦ ਇਨ੍ਹਾਂ ਨੂੰ ਵਰਤਾਓਂਗੇ ਤੁਸੀਂ ਦੇਖੋਗੇ ਮੈਂ ਵਿਚ ਖੇਡਦਾ ਹੋਵਾਂਗਾ।

ਨਵਾਬ ਕਰੀਮ ਖਾਨ ਨੂੰ ਪਤਾ ਲੱਗਿਆ। ਬੇਬਲ ਹੋ ਗਿਆ, ਰੋ ਰਿਹਾ ਹੈ ਉਚੀ-ਉਚੀ, ਸਾਹਿਬ! ਮੈਂ ਕਿਵੇਂ ਜੀਵਾਂਗਾ, ਮੇਰਾ ਤਾਂ ਅਮਲ ਤੁਸੀਂ ਬਣ ਚੁੱਕੇ ਓਂ?

ਕਹਿੰਦੇ, "ਕਰੀਮ ਖਾਂ! ਸੱਚੇ ਦਿਲ ਦੇ ਨਾਲ ਨਮਾਜ਼ ਪੜ੍ਹੀਂ, ਜਦੋਂ ਤੂੰ ਸਿੱਜਦਾ ਕਰਕੇ, ਦੋਵੇਂ ਹੱਥ ਜੋੜ ਕੇ ਮੰਗੇਗਾ ਪ੍ਰਭੂ ਤੋਂ ਤਾਂ ਮੈਂ ਤੇਰੇ ਸਾਮ੍ਹਣੇ ਖੜ੍ਹਾ ਹੋਇਆ ਕਰਾਂਗਾ। ਰੋਜ਼ ਤੈਨੂੰ ਦਰਸ਼ਨ ਹੋਣਗੇ।"

ਸੋ ਐਸ ਤਰ੍ਹਾਂ ਬਖਸ਼ਿਸ਼ਾਂ ਕਰਕੇ ਆਪ ਚਲਦੇ-ਚਲਦੇ, ਪੰਜਾਬ ਵਲ ਨੂੰ ਆ ਰਹੇ ਨੇ ਤੇ ਅੱਜ ਆਪ ਲਖਨੌਰ ਆ ਜਾਂਦੇ ਨੇ। ਉਥੇ ਵੀ ਕਈ ਮਹੀਨੇ ਆਪ ਨੂੰ ਠਹਿਰਣਾ ਪਿਆ। ਖੁਦੋ-ਖੂੰਡੀ ਖੇਲ੍ਹ ਰਹੇ ਨੇ। ਹਾਕੀ ਖੇਲ੍ਹ ਰਹੇ ਨੇ ਅੱਜਕਲ੍ਹ ਦੀ ਅੰਗਰੇਜ਼ੀ ਦੀ ਜ਼ੁਬਾਨ ਵਿਚ। ਕਿੰਨੇ ਪਿਆਰੇ ਲਗਦੇ ਹੋਣੇ ਨੇ ਖੇਲ੍ਹਦੇ। ਪੀਰ ਭੀਖਣਸ਼ਾਹ ਫੇਰ ਆ ਗਿਆ। ਉਹਨੇ ਉਸੇ ਵੇਲੇ ਸਿਜਦਾ ਕਰਨਾ ਸ਼ੁਰੂ ਕਰ ਦਿੱਤਾ। ਸੱਤ ਸਿਜਦੇ ਕੀਤੇ। ਸੱਤ ਸਲਾਮਾਂ ਕੀਤੀਆਂ। ਨਵੇਂ ਮੁਰੀਦ ਰਲੇ ਹੋਏ ਸੀ ਉਨ੍ਹਾਂ ਨੇ ਫੇਰ ਸ਼ੰਕਾ ਕਰਿਆ ਕਿ ਤੁਸੀਂ ਹਿੰਦੂ ਲੜਕੇ ਨੂੰ ਸਲਾਮਾਂ ਕਰੀ ਜਾਂਦੇ ਓਂ। ਕਹਿਣ ਲੱਗਿਆ, ਇਹ ਤਾਂ ਅੱਲਾਹ ਦਾ ਨੂਰ ਨੇ, ਇਨ੍ਹਾਂ ਦਾ ਦਰਸ਼ਨ ਕਰਨ ਵਾਸਤੇ ਮੈਂ ਪਟਨੇ ਪਹੁੰਚਿਆ ਸੀ। ਆਓ, ਮੈਂ ਇਕ ਗੱਲ ਪੁੱਛਣੀ ਹੈ ਇਨ੍ਹਾਂ ਤੋਂ। ਉਸ ਵੇਲੇ ਬੱਚੇ ਸੀ, ਅੱਜ ਵੱਡੇ ਨੇ। ਮੈਂ ਇਕ ਗੱਲ ਪੁੱਛਣੀ ਹੈ ਕਿ ਇਹ ਕਿਨਹਾਂ ਵਲ ਹੋਣਗੇ। ਉਸ ਵੇਲੇ ਦੋ ਮਠਿਆਈ ਦੇ ਬਰਤਨ ਮੰਗਾਏ, ਕੁੱਜੇ ਮੰਗਾਏ ਗਏ, ਦੋਹਾਂ ਦੇ ਮੂੰਹ ਢਕ ਦਿੱਤੇ ਤੇ ਮਹਾਰਾਜ ਜੀ ਦੇ ਅੱਗੇ ਲਿਜਾ ਕੇ ਰੱਖ ਦਿੱਤੇ। ਮਹਾਰਾਜ ਕਹਿੰਦੇ ਦੋ ਕਿਉਂ ਲਿਆਏ ਓਂ, ਤਿੰਨ ਲੈ ਕੇ ਆਓ। ਇਕ ਹੋਰ ਮੰਗਾ ਲਿਆ। ਹੁਣ ਸੋਚਦੇ ਨੇ ਸਾਰੇ ਕਿ ਤਿੰਨ ਮੰਗਾ ਲਏ। ਤੀਜਾ ਕਿਹਦਾ ਮੰਗਾ ਲਿਆ। ਤਾਂ ਉਸ ਵੇਲੇ ਪੀਰ ਵਲ ਦੇਖਦੇ ਨੇ, ਮੁਸਕਰਾਏ, ਜਿਹੜੇ ਉਹਨੇ ਦੋ ਕੁੱਜੇ ਲਿਆਂਦੇ ਸੀ ਉਨ੍ਹਾਂ ਦੇ ਦੋਹਾਂ ਦੇ ਉਤੇ ਇਕ-ਇਕ ਹੱਥ ਰੱਖ ਦਿੱਤਾ ਤੇ ਜਿਹੜਾ ਤੀਸਰਾ ਮੰਗਾਇਆ ਸੀ ਉਸ ਦੇ ਉਤੇ ਚੁੱਕ ਕੇ ਦੋਵੇਂ ਹੱਥ ਰੱਖ ਦਿੱਤੇ। ਪੀਰ ਨੇ ਸਲਾਮ ਕਰੀ। ਕਹਿਣ ਲੱਗਿਆ, "ਦੇਖੋ, ਸਵਾਲ ਇਹ ਸੀ ਕਿ ਤੁਸੀਂ ਹਿੰਦੂਆਂ ਵਲ ਹੋਵੋਂਗੇ ਕਿ ਮੁਸਲਮਾਨਾਂ ਵਲ। ਜਵਾਬ ਇਹ ਆਇਆ ਹੈ ਕਿ ਹਿੰਦੂ ਤੇ ਮੁਸਲਮਾਨਾਂ ਮੈਂ ਦੋਵਾਂ ਨੂੰ ਪਿਆਰਾ ਹਾਂ। ਮੈਨੂੰ ਨਾ ਮੁਸਲਮਾਨ ਦੂਰ ਹੋਏਗਾ ਨਾ ਹਿੰਦੂ ਦੂਰ ਹੋਏਗਾ। ਤੀਸਰਾ ਮੈਂ ਇਸ ਲਈ ਮੰਗਾਇਆ ਹੈ ਕਿ ਉਹ ਪਵਿੱਤਰ ਮਨੁੱਖਾਂ, ਖਾਲਸ ਸ਼ੁੱਧ ਮਨੁੱਖਾਂ ਦਾ ਜਿਨ੍ਹਾਂ ਨੂੰ ਖ਼ਾਲਸਾ ਕਹਿਣਾ ਹੈ, ਉਹ ਇਕ ਧਰਮ ਚੱਲੇਗਾ, ਸ਼ੁੱਧ ਮਨੁੱਖਾਂ ਦੀ ਸੰਗਤ ਚੱਲੇਗੀ, ਗਿਆਨਵਾਨਾਂ ਦੀ, ਬ੍ਰਹਮਗਿਆਨੀਆਂ ਦੀ। ਜਿਹੜੇ ਦੂਸਰਿਆਂ ਦੇ ਹਿਤਾਂ ਦੀ ਰਾਖੀ ਕਰਨਗੇ। ਉਹ ਮੇਰੇ ਹੋਣਗੇ ਤੇ ਮੈਂ ਦੋਹਾਂ ਤੋਂ ਫੇਰ ਵੀ ਦੂਰ ਨਹੀਂ ਹੋਵਾਂਗਾ। ਮੈਂ ਤਿੰਨਾਂ ਨੂੰ ਹੀ ਪਿਆਰ ਕਰਾਂਗਾ।

ਉਸ ਤੋਂ ਬਾਅਦ ਆਪ ਖੇਡ ਰਹੇ ਨੇ ਤੇ ਇੱਕ ਦਿਨ ਇਕ ਹੋਰ ਪੀਰ ਆ ਗਿਆ ਤੇ ਉਸ ਪੀਰ ਨੇ ਆ ਕੇ ਜਿਸਦਾ ਨਾਉਂ ਆਰਫਦੀਨ ਸੀ ਲਖਨੌਰ ਦਾ, ਬੜਾ ਹੀ ਕਰਾਮਾਤੀ ਤੇ ਅੰਤਰਜਾਮੀ ਫਕੀਰ ਸੀ। ਪਹੁੰਚਿਆ ਹੋਇਆ ਸੀ ਰੱਬ ਤੱਕ।

ਗੁਰੂ ਦਸਵੇਂ ਪਾਤਸ਼ਾਹ ਦੀਆਂ ਕਥਾਵਾਂ ਨੂੰ ਪ੍ਰਗਟ ਕਰਨ ਵਾਲੇ ਸਾਧਸੰਗਤ ਜੀ! ਧਿਆਨ ਰੱਖੋ ਮੁਸਲਮਾਨ ਪੀਰ ਨੇ। ਜਿਨ੍ਹਾਂ ਨੇ ਸੱਚ ਬੋਲਿਆ। ਹਿੰਦੂ ਦਾ ਜ਼ਿਕਰ ਨਹੀਂ ਆਇਆ, ਜਾਂ ਤਾਂ ਉਨ੍ਹਾਂ ਨੂੰ ਪਤਾ ਨਹੀਂ ਸੀ, ਜਾਂ ਪਹੁੰਚ ਹੀ ਨਹੀਂ ਸੀ ਐਨੀ ਵੱਡੀ। ਉਨ੍ਹਾਂ ਦੀ ਪਹੁੰਚ ਵੱਡੀ ਸੀ। ਇਹ ਗੱਲ ਮੰਨਣੀ ਪੈਣੀ ਹੈ। ਐਵੇਂ ਨਹੀਂ ਅਸੀਂ ਕਹਿ ਦੇਈਏ ਸੂਫੀ ਪੀਰ ਸੀ, ਬਾਬਾ ਫਰੀਦ ਗੁਰੂ ਗ੍ਰੰਥ ਸਾਹਿਬ ਵਿਚ ਨਾ ਆਉਂਦੇ ਜੇ ਉਚੇ ਨਾ ਹੁੰਦੇ। ਸੋ ਉਹ ਆ ਕੇ ਜਦੋਂ ਪਾਲਕੀ 'ਚੋਂ ਉਤਰਿਆ, ਉਤਰ ਕੇ ਸਿਜਦਾ ਕੀਤਾ। ਉਹ ਕਹਿੰਦਾ ਵਲੀ ਅੱਲਾ। ਸੁਬਾਨ ਅੱਲਾਹ-ਸੁਬਾਨ ਅੱਲਾ। ਮੁਰੀਦਾ ਨੇ ਪੁਛਿਆ ਕਿ ਪੀਰ ਜੀ! ਤੁਸੀਂ ਤਾਂ ਸਭ ਤੋਂ ਵੱਡੇ ਓਂ। ਤੁਹਾਡੇ ਸਮਾਨ ਇਸ ਵਕਤ ਭਾਰਤ ਵਰਸ਼ ਵਿਚ ਕੋਈ ਪੀਰ ਨਹੀਂ ਹੈ। ਤੁਸੀਂ ਇਹ ਕੀ ਕੀਤਾ ਕਿ ਇਸ ਬੱਚੇ ਨੂੰ ਸਲਾਮ ਕਰੀ ਹੈ। ਪੀਰ ਨੇ ਕਿਹਾ ਕਿ ਮੈਂ ਹੈਰਾਨ ਹਾਂ ਅੱਲਾਹ ਦੀ ਕੁਦਰਤ ਤੋਂ। ਜਦੋਂ ਮੈਂ ਮੁਰੱਕਬੇ 'ਚ ਜਾਂਦਾ ਹਾਂ, ਸਮਾਧੀ 'ਚ ਤੇ ਉਥੇ ਅੱਲਾਹ ਦੇ ਦਰ ਤੇ ਜਦੋਂ ਪਹੁੰਚਦਾ ਹਾਂ, ਉਥੇ ਮੈਂ ਕੀ ਦੇਖਦਾ ਹਾਂ ਕਿ ਉਥੇ ਬੇਅੰਤ ਪੀਰ, ਪੈਗੰਬਰ, ਔਲੀਏ ਖੜ੍ਹੇ ਨੇ ਸਾਰੇ। ਅੱਲਾਹ ਦੇ ਦਰ ਤੇ ਨਹੀਂ ਪਹੁੰਚਦੇ। ਬਾਹਰ ਖੜ੍ਹੇ ਨੇ।

*ਜਿਤੁ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ਼*

ਸਭ ਨੇ ਉਥੇ, ਲੇਕਿਨ ਕੋਈ ਖੁਦਾ ਦੇ ਕੋਲ ਨਹੀਂ ਪਹੁੰਚਦਾ, ਮੈਂ ਹੈਰਾਨ ਹਾਂ। ਜਿੰਨੀਆਂ ਅਰਜ਼ੀਆਂ, ਜਿੰਨੀ ਮਿੰਨਤਾਂ ਕਰਦੇ ਨੇ, ਸਾਰੀਆਂ ਅਰਜ਼ੀਆਂ ਇਸ ਬੱਚੇ ਦੇ ਹੱਥ ਵਿਚ ਹੁੰਦੀਆਂ ਨੇ, ਇਹ ਅੱਲਾਹ ਤਾਲਾ ਦੇ ਅੰਦਰ ਜਾਂਦਾ ਹੈ -

*ਸਚ ਖੰਡਿ ਵਸੈ ਨਿਰੰਕਾਰੁ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥ ਅੰਗ - 8*

ਤੇ ਉਧਰੋਂ ਸਨੇਹੇ ਲਿਆ ਕੇ ਦਿੰਦਾ ਹੈ। ਮੈਨੂੰ ਇਸ ਦੇ ਇਸ ਧਰਤੀ ਦੇ ਅੰਦਰ, ਇਸ ਰੂਪ ਵਿਚ ਦਰਸ਼ਨ ਹੋ ਗਏ। ਸੋ ਮੈਂ ਤਾਂ ਸਲਾਮਾਂ ਕਰੀਆਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ। ਅੱਜ ਆਪ ਖੇਲ੍ਹਦੇ-ਖੇਲ੍ਹਦੇ ਆਉਂਦੇ ਨੇ। ਨੌਂ ਸਾਲ ਦੀ ਆਪ ਦੀ ਉਮਰ ਹੋ ਗਈ। ਉਸ ਵੇਲੇ ਕੀ ਦੇਖਦੇ ਨੇ ਆਪ, ਬਹੁਤ ਸਾਰੇ ਬੰਦੇ ਬੈਠੇ ਨੇ ਅੰਦਰ, ਵੱਡੇ-ਵੱਡੇ ਤਿਲਕ ਲੱਗੇ ਹੋਏ ਨੇ, ਵੱਡੇ ਸੋਹਣੇ ਵਸਤਰ ਪਹਿਨੇ ਹੋਏ ਨੇ, ਦੇਖਣ ਤੋਂ ਪਤਾ ਲਗਦਾ ਹੈ ਕੋਈ ਵੱਡੇ ਵਿਦਵਾਨ ਪੁਰਸ਼ ਆਏ ਨੇ, ਲੇਕਿਨ ਉਦਾਸੀ ਤੋਂ ਇਹ ਪਤਾ ਲਗਦਾ ਹੈ ਕਿ ਇਨ੍ਹਾਂ ਜਿੰਨਾਂ ਸ਼ਾਇਦ ਹੀ ਕੋਈ ਸੰਸਾਰ ਤੇ ਦੁਖੀ ਹੋਵੇ ਤੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਆਪ ਨੇ ਸਾਰੀ ਅਰਜ਼ ਸੁਣੀ ਉਨ੍ਹਾਂ ਦੀ। ਆਪ ਗੰਭੀਰ ਹੋਏ ਬੈਠੇ ਨੇ, ਉਸ ਵੇਲੇ ਅਚਾਨਕ ਖੇਲ੍ਹਦੇ-ਖੇਲ੍ਹਦੇ ਆ ਕੇ ਇਸ ਚੁੱਪ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਨੇ ਆ ਕੇ ਪਿਛਲੇ ਪਾਸੇ ਦੀ ਆ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਗਲ ਵਿਚ ਦੋਵੇਂ ਬਾਹਾਂ ਪਾ ਲਈਆਂ। ਜਦ ਸਾਵਧਾਨ ਹੋਏ ਦੇਖਿਆ, ਮਾਮੂਲੀ ਪੁੱਤਰ ਨਹੀਂ ਸੀ, ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ ਜਦੋਂ ਜਨਮ ਲਿਆ ਉਨ੍ਹਾਂ ਨੇ ਉਸ ਵੇਲੇ ਆਤਮ ਦਾਸ ਇਕ ਵੱਡਾ ਸੰਤ ਗੁਰੂ ਮਹਾਰਾਜ ਕੋਲ ਆਸਾਮ ਵਿਚ ਸੀਗਾ। ਦੁਬੜੀ ਘਾਟ ਕੋਲ ਸੀਗਾ। ਉਥੇ ਜਦੋਂ ਖੁਸ਼ੀਆਂ ਮਨਾਈਆਂ ਗਈਆਂ, ਉਹ ਕਹਿਣ ਲੱਗੇ ਮਹਾਰਾਜ ਅੱਜ ਤਾਂ ਤੁਸੀਂ ਐਨੀ ਖੁਸ਼ੀ ਮਨਾ ਰਹੇ ਓਂ, ਰਾਜੇ ਖੁਸ਼ੀ ਮਨਾ ਰਹੇ ਨੇ। ਕਾਰਨ ਕੀ ਹੈ? ਉਹ ਕਹਿਣ ਲੱਗੇ ਕਿ ਸੰਤ ਜੀ! ਅੱਜ ਸਾਡੇ ਗ੍ਰਹਿ ਵਿਚ, ਗੁਰੂ ਅਵਤਾਰ ਪ੍ਰਗਟ ਹੋਏ ਨੇ, ਧੁਰ ਤੋਂ ਨਿਵਾਜੇ ਹੋਏ, ਉਨ੍ਹਾਂ ਨੂੰ ਕਿਸੇ ਤਪ ਕਰਨੇ ਦੀ ਲੋੜ ਨਹੀਂ ਪੈਣੀ, ਸਾਧਨ ਕਰਨ ਦੀ ਲੋੜ ਨਹੀਂ ਪੈਣੀ। ਧੁਰ ਤੋਂ ਹੀ ਪੂਰੇ ਆਏ ਨੇ ਤੇ ਜੇ ਮੈਂ ਐਉਂ ਕਹਿ ਦੇਵਾਂ ਕਿ ਆਪ ਹੀ ਅਕਾਲ ਪੁਰਖ ਆਪ ਹੀ ਸਾਕਾਰ ਰੂਪ ਧਾਰ ਕੇ ਮਨੁੱਖ ਦੇ ਜਾਮੇ 'ਚ ਆਏ ਨੇ ਇਹ ਵੀ ਗੱਲ ਠੀਕ ਹੈ। ਉਸ ਵੇਲੇ ਉਸ ਨੇ ਬੇਨਤੀ ਕੀਤੀ ਕਿ ਫੇਰ ਪਾਤਸ਼ਾਹ! ਮੈਨੂੰ ਦਰਸ਼ਨ ਕਰਨ ਦੀ ਆਗਿਆ ਦਿਓ। ਕਹਿੰਦੇ ਦਰਸ਼ਨ ਤੈਨੂੰ ਹੋਣਗੇ ਅੱਜ ਤੋਂ 43 ਸਾਲ ਬਾਅਦ। ਉਹ ਦੱਖਣ ਨੂੰ ਜਾਂਦੇ ਹੋਣਗੇ ਤੇ ਉਥੇ ਦਰਸ਼ਨ ਕਰੇਂਗਾ, ਬੁਰਹਾਨਪੁਰ ਦੇ ਅੰਦਰ ਅਤੇ ਨਾਲ ਸੇਵਾ ਕਰੇਂਗਾ। 43 ਸਾਲ ਬਾਅਦ ਦਰਸ਼ਨ ਹੋਏ ਓਸਨੂੰ। ਸੋ ਗੁਰੂ ਮਹਾਰਾਜ ਤਾਂ ਸਭ ਕੁਝ ਜਾਣਦੇ ਸੀ।

ਸੋ ਉਸ ਵੇਲੇ ਆਪ ਨੇ ਕਿਹਾ ਪਿਤਾ ਜੀ! ਐਨੀ ਗੰਭੀਰ ਅਵਸਥਾ ਕਿਉਂ ਹੈ? ਇਹ ਲੋਕ ਕੌਣ ਨੇ। ਕਹਿਣ ਲੱਗੇ, "ਗੋਬਿੰਦ ਰਾਇ! ਇਹ ਬਹੁਤ ਦੁਖੀ ਨੇ, ਜ਼ਬਰਦਸਤੀ ਇਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਇਹ ਵਿਦਵਾਨ ਪੁਰਸ਼ ਨੇ ਤੇ ਇਹ ਆਪਣੇ ਧਰਮ ਦੀ ਰਾਖੀ ਵਾਸਤੇ ਆਏ ਨੇ। ਕਹਿੰਦੇ ਇਨ੍ਹਾਂ ਵਿਚ ਕੋਈ ਨਹੀਂ ਹੈ ਜਿਹੜਾ ਆਪਣੇ ਧਰਮ ਦੀ ਰਾਖੀ ਕਰ ਲਵੇ। ਭਾਰਤ ਵਰਸ਼ ਵਿਚ ਕੋਈ ਬੰਦਾ ਨਹੀਂ ਹੈ ਜਿਹੜਾ ਇਨ੍ਹਾਂ ਦੇ ਧਰਮ ਦੀ ਰਾਖੀ ਕਰ ਦੇਵੇ। ਸੈਂਕੜੇ ਰਾਜੇ ਨੇ ਵੱਡੇ-ਵੱਡੇ। ਵੱਡੇ-ਵੱਡੇ ਸਟੇਟਾਂ ਦੇ ਮਾਲਕ ਨੇ ਤੇ ਕੋਈ ਇਕ ਨਹੀਂ ਵੱਡੇ-ਵੱਡੇ ਇਨ੍ਹਾਂ ਦੇ ਸਾਧੂ ਨੇ। ਕੋਈ ਵੀ ਨਹੀਂ ਕਰ ਸਕਦਾ? ਕਹਿੰਦੇ, ਨਹੀਂ ਸਭ ਪਾਸਿਓਂ ਹਾਰ ਕੇ ਆਏ। ਫੇਰ ਕਹਿੰਦੇ ਇਨ੍ਹਾਂ ਦੇ ਐਨੇ ਦੇਵਤੇ ਨੇ, ਮੰਦਰਾਂ ਦੇ ਵਿਚ ਟੱਲ ਵਜਦੇ ਨੇ, ਵੱਡੇ-ਵੱਡੇ ਮੰਦਰ ਬਣਾਏ ਹੋਏ ਨੇ ਤੇ ਉਨ੍ਹਾਂ ਨੂੰ ਭੋਗ ਲਵਾਉਂਦੇ ਨੇ। ਕਹਿੰਦੇ ਨੇ ਕਿ ਸਾਡੇ ਦੇਵਤੇ ਪ੍ਰਤੱਖ ਨੇ। ਉਨ੍ਹਾਂ ਦੇਵਤਿਆਂ ਦੀ ਆਰਾਧਨਾ ਕਰਕੇ ਆਪਣੀ ਰਾਖੀ ਨਹੀਂ ਕਰਾ ਸਕਦੇ? ਧਰਮ ਨਹੀਂ

ਬਚਾ ਸਕਦੇ? ਕਹਿੰਦੇ ਨਹੀਂ ਕਿਸੇ ਦੇਵਤੇ ਨੇ ਰਾਖੀ ਨਹੀਂ ਕਰੀ। ਸਗੋਂ ਦੇਵ ਮੰਦਰ ਤੋੜ-ਤੋੜ ਕੇ ਪੈਰਾਂ ਦੇ ਵਿਚ ਲਾ ਦਿੱਤੇ ਗਏ ਨੇ, ਨੀਹਾਂ ਵਿਚ ਚਿਣ ਦਿਤੇ ਗਏ ਨੇ। ਕਿਸੇ ਦੇਵਤੇ ਨੇ ਟਸ ਤੋਂ ਮਸ ਨਹੀਂ ਕਰੀ।

ਕਹਿੰਦੇ ਹੁਣ ਪਿਤਾ ਜੀ ਤੁਸੀਂ ਹੁਣ ਕੀ ਸੋਚ ਰਹੇ ਓਂ? ਕਹਿੰਦੇ, ਪੁੱਤਰ! ਐਸ ਵੇਲੇ ਕੋਈ ਪੂਰਨ ਸੰਤ ਹੋਵੇ, ਉਹ ਆਪਣੀ ਕੁਰਬਾਨੀ ਦੇਵੇ ਤਾਂ ਧਰਮ ਠਹਿਰ ਸਕਦਾ ਹੈ ਨਹੀਂ ਅਧਰਮ ਦਾ ਪਹਾੜ ਐਨੇ ਜ਼ੋਰ ਨਾਲ ਰੁੜ੍ਹਿਆ ਆ ਰਿਹਾ ਹੈ ਕਿ ਇਕ ਦਿਨ ਸਾਰਾ ਹਿੰਦੂ ਧਰਮ ਤੋਂ ਹੀਣ ਹੋ ਜਾਏਗਾ। ਸੋ ਅਸੀਂ ਇਸ ਚੀਜ਼ ਦੀ ਵਿਚਾਰ ਕਰ ਰਹੇ ਹਾਂ। ਕਹਿੰਦੇ ਪਿਤਾ ਜੀ! ਕਹਿੰਦੇ ਪੂਰਨ ਸਾਧਾਂ ਦੀ ਅਣਹੋਂਦ ਹੋ ਗਈ ਸੀ, ਗੁਰੂ ਨਾਨਕ ਨੇ ਸਾਧ ਬਣਾਏ ਇਥੇ ਆ ਕੇ, ਸੰਤ ਬਣਾਏ ਤੇ ਤੁਸੀਂ ਗੁਰੂ ਨਾਨਕ ਆਪ ਓਂ, ਤੁਹਾਡੇ ਨਾਲੋਂ ਵੱਡਾ ਤਾਂ ਕੋਈ ਹੋਰ ਹੋ ਨਹੀਂ ਸਕਦਾ। ਤੁਸੀਂ ਜਾਓ ਜਾ ਕੇ ਆਪਣਾ ਬਲੀਦਾਨ ਦਿਓ। ਐਨੇ ਜਦੋਂ ਬਚਨ ਸੁਣੇ ਮਹਾਰਾਜ ਨੇ ਛਾਤੀ ਨਾਲ ਲਾ ਲਏ, ਘੁੱਟ ਕੇ ਪਿਆਰ ਕਰਿਆ, ਕਹਿਣ ਲੱਗੇ ਠੀਕ ਹੈ ਤੇ ਤੂੰ ਅਜੇ ਬੱਚਾ ਹੈਂ? ਕਹਿੰਦੇ, ਪਿਤਾ ਜੀ! ਜਦ ਮੈਂ ਮਾਂ ਦੇ ਪੇਟ ਵਿਚ ਸੀ, ਉਥੇ ਵੀ ਮੇਰੀ ਰਾਖੀ ਹੁੰਦੀ ਸੀ। ਜਦ ਮੈਂ ਬਾਹਰ ਆਇਆ ਤਾਂ ਮੇਰੇ ਦੰਦ ਨਹੀਂ ਸੀ ਆਏ, ਦੁੱਧ ਉਸ ਵੇਲੇ ਪ੍ਰਮੇਸ਼ਰ ਨੇ ਪੈਦਾ ਕਰਿਆ ਤੇ ਹੁਣ ਜਦ ਮੈਂ ਨੌਂ ਸਾਲ ਦਾ ਹੋ ਗਿਆ, ਹੁਣ ਤਾਂ ਉਹ ਆਪ ਹੀ ਮੇਰੇ ਨਾਲ ਨੇ, ਤੁਸੀਂ ਕਾਹਦਾ ਫਿਕਰ ਕਰਦੇ ਓਂ? ਸੋ ਪਿਤਾ ਨੂੰ ਸ਼ਹੀਦੀ ਵਾਸਤੇ ਹੱਸ ਕੇ ਭੇਜ ਦਿੱਤਾ। ਸ਼ਹੀਦੀ ਹੋ ਜਾਂਦੀ ਹੈ।

ਉਸ ਤੋਂ ਬਾਅਦ ਗੁਰੂ ਮਹਾਰਾਜ ਗੱਦੀ ਤੇ ਬੈਠ ਜਾਂਦੇ ਨੇ, ਉਮਰ ਛੋਟੀ ਹੈ। ਮਸੰਦਾਂ ਦੀ ਪੂਜਾ ਦਾ ਧਨ ਖਾ-ਖਾ ਕੇ ਮੱਤ ਮਾਰੀ ਗਈ ਸੀ। ਜੇ ਤਾਂ ਪੂਜਾ ਖਾਣ ਵਾਲਾ ਪੁਰਸ਼ ਭਜਨ ਕਰੇ, ਬੰਦਗੀ ਕਰੇ, ਸੇਵਾ ਕਰੇ, ਤਾਂ ਤਾਂ ਬਚਿਆ ਕਰਦਾ ਹੈ, ਨਹੀਂ ਤਾਂ ਕਹਿੰਦੇ –

***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥***
***ਭਾਈ ਗੁਰਦਾਸ ਜੀ ਦੀ ਵਾਰ 35/12***

ਜਿਵੇਂ ਵਿਹੁ ਦੇ ਕੈਪਸੂਲ ਖਾਂਦਾ ਹੈ, ਐਉਂ ਖਾਂਦਾ ਹੈ। ਉਹ ਹੁਣ ਖਾਣ ਲਗ ਗਏ ਸੀ। ਸੰਗਤਾਂ ਨੇ ਦੇਣਾ ਗੁਰੂ ਵਾਸਤੇ ਦੇਣਾ, ਰਾਹ ਵਾਸਤੇ ਆਪਣੇ ਪਾਸ ਰੱਖ ਲੈਣਾ। ਆਪਣੀ ਐਸ਼ ਇਸ਼ਰਤ ਵਧ ਗਈ। ਵੱਡੇ-ਵੱਡੇ ਕਪੜੇ ਰੇਸ਼ਮੀ, ਵੱਡੇ-ਵੱਡੇ ਗਹਿਣੇ ਕੀਮਤੀ, ਹੀਰੇ ਜਵਾਹਰਾਤ ਪਹਿਨਣੇ ਸ਼ੁਰੂ ਕਰ ਦਿੱਤੇ, ਕਲਗੀਆ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਘਰ ਉਪਰ ਪੂਰਨ ਤੌਰ ਤੇ ਨਿਹਚਾ ਡੋਲ੍ਹ ਗਿਆ ਤੇ ਜਿਹੜਾ ਧਰਮਸਾਲਾ ਦੀਆਂ ਰੋਟੀਆਂ ਕਰਿਆ ਕਰਦੀਆਂ ਨੇ।

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।***
***ਹੱਡ ਗਾਲਣ, ਮਤ ਮਾਰਨ, ਭਜਨ ਕਰਨ ਨ ਦੇਨਿ।***

ਪੂਰੀ ਤਰ੍ਹਾਂ ਨਾਲ ਮਸੰਦਾਂ ਦੇ ਉਤੇ ਉਹ ਅਸਰ ਛਾ ਗਿਆ। ਮਾਇਆ ਫੈਲ ਗਈ ਉਨ੍ਹਾਂ ਦੇ ਉਤੇ। ਉਨ੍ਹਾਂ ਦੇ ਮਨ ਵਿਚ ਇਹ ਨਿਹਚਾ ਹੋ ਗਿਆ ਕਿ ਗੁਰੂ ਬਣਾਉਣਾ ਤਾਂ ਸਾਡੇ ਹੱਥ ਹੈ, ਅਸੀਂ ਇਲਾਕੇ ਦੇ ਮਸੰਦ ਹਾਂ, ਸਾਰੀ ਸੰਗਤ ਸਾਡੇ ਹੱਥ ਵਿਚ ਹੁੰਦੀ ਹੈ, ਜਿਹਨੂੰ ਜੀਅ ਕਰੇ ਗੁਰੂ ਬਣਾ ਲਵਾਂਗੇ। ਗੁਰੂ ਕੋਈ ਖਾਸ ਚੀਜ਼ ਤਾਂ ਨਹੀਂ। ਜੇ ਗੁਰੂ ਵਿਚ ਸ਼ਕਤੀ ਹੁੰਦੀ ਤਾਂ ਔਰੰਗਜ਼ੇਬ ਦੀ ਤਲਵਾਰ ਉਨ੍ਹਾਂ ਦਾ ਸੀਸ ਕਿਵੇਂ ਕੱਟ ਦਿੰਦੀ। ਐਹੋ ਜਿਹੀਆਂ ਤਰਕਾਂ ਸੀ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਸੀ ਕਿ ਪਿਆਰਿਓ–

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕੋ ਆਵਤ ਲਾਜਾ।***

ਉਹ ਤਾਂ ਸਮਰੱਥ ਸੀ ਇਕ ਬਚਨ ਕਰਕੇ ਹੀ ਸਭ ਕੁਛ ਕਰ ਦਿੰਦੇ। ਲੇਕਿਨ ਨਾਟਕ ਚੇਟਕ ਸਤਿਪੁਰਸ਼ ਦਿਖਾਇਆ ਨਹੀਂ ਕਰਦੇ।

ਮਸੰਦਾਂ ਨੂੰ ਨਿਹਚਾ ਨਹੀਂ ਸੀ ਆ ਰਿਹਾ ਗੁਰੂ ਮਹਾਰਾਜ ਤੇ। ਕਿੰਨੇ ਕੌਤਕ ਮਹਾਰਾਜ ਨੇ ਦਿਖਾਏ ਤੇ ਅੱਜ ਦੀਵਾਨ ਲੱਗਿਆ ਹੋਇਆ ਹੈ, ਉਹਦੇ ਵਿਚ ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਕਰ ਰਹੇ ਨੇ। ਕੁਛ ਥੋੜ੍ਹੇ-ਥੋੜ੍ਹੇ ਹਾਸੇ ਦੇ ਵੀ ਬਚਨ ਚੱਲਣ ਲਗ ਗਏ। ਹਲਕਾ-ਹਲਕਾ ਹਾਸਾ ਉਪਦੇਸ਼ ਦੇਣ ਦੇ ਵਾਸਤੇ। ਸਤਿਪੁਰਸ਼ ਜਦ ਹਸਦੇ ਨੇ ਉਪਦੇਸ਼ ਦਿੰਦੇ ਨੇ।

ਛੋਟੇ ਮਹਾਰਾਜ ਜੀ ਨਾਲੇ ਹੱਸੀ ਜਾਣਾ ਨਾਲ ਉਪਦੇਸ਼ ਦੇਈ ਜਾਣਾ। ਬੜੀ ਡੂੰਘੀ ਤੋਂ ਡੂੰਘੀ ਗੱਲ ਹੱਸ ਕੇ ਕਹਿ ਦੇਣੀ।

ਸੋ ਐਸਾ ਮਾਹੌਲ ਦੇਖ ਕੇ ਉਥੇ ਇਕ ਮਦਾਰੀ ਆ ਗਿਆ ਰਿੱਛ ਵਾਲਾ। ਬੜਾ ਵੱਡਾ ਰਿੱਛ ਸੀ ਉਹਦੇ ਕੋਲ ਤੇ ਆ ਕੇ ਤਮਾਸ਼ਾ ਦਿਖਾਉਣ ਲਗ ਗਿਆ। ਗੁਰੂ ਮਹਾਰਾਜ ਜੀ ਦੀ ਉਮਰ ਉਸ ਵਕਤ ਗਿਆਰ੍ਹਾਂ ਸਾਲਾਂ ਦੀ ਸੀ। 1734 ਸੰਮਤ ਸੀ ਉਸ ਵੇਲੇ ਤੇ ਉਹ ਕੁਸ਼ਤੀਆਂ ਦਿਖਾ ਰਿਹਾ ਹੈ। ਕਦੇ ਥੱਲੇ ਆ ਜਾਂਦਾ ਹੈ ਮਦਾਰੀ, ਕਦੇ ਰਿੱਛ ਆ ਜਾਂਦਾ ਹੈ। ਬੜੀ ਦੇਰ ਕਰਦੇ ਦੋਵੇਂ ਗਰਮੀ-ਗਰਮੀ ਹੋ ਗਏ। ਉਹ ਵੀ ਪੂਰਾ ਤਾਣ ਲਾ ਰਿਹੈ ਅਤੇ ਉਹ ਵੀ ਤਕੜਾ ਸੀ ਪੂਰਾ ਤਾਣ ਲਾ ਰਿਹਾ ਹੈ। ਸਾਰੇ ਦੇਖ-ਦੇਖ ਕੇ ਹੱਸ ਰਹੇ ਨੇ ਉਨ੍ਹਾਂ ਨੂੰ। ਐਨੇ ਨੂੰ ਜਿਹੜਾ ਚੋਰ ਬਰਦਾਰ ਸੀ ਭਾਈ ਕੀਰਤੀਆ। ਉਹ ਵੀ ਹੱਸਦਾ ਸੀ। ਮਹਾਰਾਜ ਨੇ ਉਪਰ ਨੂੰ ਦੇਖਿਆ ਤਾਂ ਕਿਹਾ ਕੀਰਤੀਆ! ਪਛਾਣਦੈਂ ਕਿ ਐਵੇਂ ਹੱਸੀ ਜਾਨੈਂ? ਕਹਿੰਦਾ, ਮਹਾਰਾਜ! ਮੈਨੂੰ ਤਾਂ ਪਛਾਣ ਨਹੀਂ ਹੈ। ਕਹਿੰਦੇ, ਤੂੰ ਨਾ ਹੱਸ, ਬਾਕੀਆਂ ਨੂੰ ਹੱਸ ਲੈਣ ਦੇ। ਕਹਿੰਦਾ ਮਹਾਰਾਜ ਮੈਂ ਕਿਉਂ ਨਾ ਹੱਸਾਂ? ਇਹ ਵੀ ਮੈਨੂੰ ਸਮਝਾ ਦਿਓ ਕੋਈ ਭੇਤ ਦੀ ਗੱਲ ਹੈ? ਕਹਿੰਦੇ ਹਾਂ। ਕਹਿਣ

ਲੱਗੇ ਤੇਰਾ ਬਾਪੂ ਹੈ ਇਹ, ਤੇਰਾ ਪਿਉ ਹੈ। ਕਹਿੰਦਾ ਮੇਰਾ ਪਿਤਾ! ਮੇਰਾ ਪਿਤਾ ਤਾਂ ਸੱਚੇ ਪਾਤਸ਼ਾਹ ਗੁਰੂ ਨੌਂਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ। ਸੇਵਾ ਕਰਦਾ ਸੀ। ਜੇ ਮੇਰਾ ਪਿਤਾ ਚੌਰ ਬਰਦਾਰ ਹੋ ਕੇ ਰਿੱਛ ਬਣਦਾ ਹੈ ਤਾਂ ਫੇਰ ਮੈਂ ਤੁਹਾਡੀ ਸੇਵਾ ਕਰਦਾ ਹਾਂ, ਮੈਂ ਫੇਰ ਬਾਂਦਰ ਬਣ ਜਾਵਾਂਗਾ। ਫੇਰ ਗੁਰੂਆਂ ਦੀ ਸੇਵਾ ਕਰਨ ਦਾ ਕੀ ਫਲ ਹੋਇਆ?

ਮਹਾਰਾਜ ਕਹਿੰਦੇ, "ਭਾਈ ਕੀਰਤੀਆ! ਗੁਰੂ ਨਾਨਕ ਸਾਹਿਬ ਨੇ ਤਾਂ ਸਾਰਾ ਕੁਛ ਖੋਲ੍ਹ ਕੇ ਦੱਸਿਆ ਹੋਇਆ ਹੈ।" ਕਿ ਜੇ ਸੇਵਾ ਸੇਵਾ ਦੇ ਤੌਰ ਤੇ ਕੀਤੀ ਜਾਵੇ ਤਾਂ ਇਥੇ ਵੀ ਮਾਣ ਮਿਲਦਾ ਹੈ ਅਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਅੰਗ - 26*

ਸੇਵਾ ਕਰਨ 'ਚ ਫਰਕ ਹੈ ਜੇ ਤਾਂ ਬੱਧਾ-ਚੱਟੀ 'ਚ ਕਰਦਾ ਹੈ, ਉਹ ਤਾਂ ਸੇਵਾ ਹੋਰ ਚੀਜ਼ ਹੈ। ਇਕ ਆਪੇ ਹੀ ਜਾਂਦਾ ਹੈ ਸੇਵਾ ਕਰਨ।

*ਵਿਚਿ ਹਉਮੈ ਸੇਵਾ ਥਾਇ ਨਾ ਪਏ॥* *ਅੰਗ - 1071*

ਸੇਵਾ ਉਹਦੀ ਸਫਲ ਹੈ -

*ਸਤਿਗੁਰਿ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥*
*ਅੰਗ - 552*

ਜਿਹੜਾ ਚਿੱਤ ਲਾ ਕੇ ਕਰਦਾ ਹੈ, ਨਿਮਾਣਾ ਹੋ ਕੇ ਕਰਦਾ ਹੈ। ਸ਼ੁਕਰ 'ਚ ਰਹਿੰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਤੂੰ ਮੈਨੂੰ ਸੇਵਾ ਕਰਨ ਦਾ ਬਲ ਬਖਸ਼ ਦਿੱਤਾ, ਮਨੁੱਖ ਜਾਮੇ 'ਚ। ਬਣ ਕੇ ਨਹੀਂ ਕਰਦਾ। ਜਿਹੜਾ ਬਣ ਕੇ ਕਰਦਾ ਹੈ ਮਹਾਰਾਜ ਕਹਿੰਦੇ ਉਹ ਤਾਂ ਨਹੀਂ ਸੇਵਕ ਹੈਗਾ। ਮਹਾਰਾਜ ਕਹਿੰਦੇ ਗੱਲਾਂ ਵਾਲੀ ਦੁਨੀਆਂ ਬਹੁਤ ਹੈ ਲੇਕਿਨ ਸੱਚੇ ਦਾ ਦਿਲ ਦਾ ਚਾਕਰ ਹੋਣਾ ਬਹੁਤ ਮੁਸ਼ਕਿਲ ਹੈ। ਸੇਵਾਦਾਰ ਹੋਣਾ ਬਹੁਤ ਮੁਸ਼ਕਲ ਹੈ।

ਜਿਹੜਾ ਸਿਰ ਦੀ ਵੀ ਪਰਵਾਹ ਨਾ ਕਰੇ। ਗੁਰੂ ਦਾ ਤਾਂ ਦਰਬਾਰ ਹੋਰ ਤਰ੍ਹਾਂ ਦਾ ਹੈ ਉਹ ਤਾਂ ਕਹਿੰਦਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਸੋ ਮਹਾਰਾਜ ਕਹਿੰਦੇ ਕਿ ਭਾਈ ਕੀਰਤੀਆ! ਸੇਵਾ, ਸੇਵਾ ਵਿਚ ਫਰਕ ਹੈ, ਤੇਰਾ ਪਿਉ ਸੇਵਾ ਤਾਂ ਕਰਦਾ ਸੀ, ਚੌਰ ਬਰਦਾਰ ਸੀ ਹਰ ਵਕਤ ਗੁਰੂ ਦੇ ਕੋਲ ਰਹਿੰਦਾ ਸੀ, ਪਰ ਉਹਦੇ ਮਨ ਵਿਚ ਅਭਿਮਾਨ ਬੜਾ ਸੀ ਕਿ ਮੈਂ ਗੁਰੂ ਦਾ ਚੌਰੀ ਹਾਂ। ਕਹਿਣ ਲੱਗੇ ਮਹਾਰਾਜ ਆਪ ਖੋਲ੍ਹ ਕੇ ਦੱਸੋ?

ਮਹਾਰਾਜ ਕਹਿਣ ਲੱਗੇ, ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਦੀਵਾਨ ਦਾ ਭੋਗ ਪਿਆ ਤੇ ਮਹਾਰਾਜ ਅਜੇ ਬੈਠੇ ਨੇ। ਤੇਰਾ ਪਿਤਾ ਪ੍ਰਸ਼ਾਦ ਵੰਡਣ ਲਗ ਗਿਆ। ਪ੍ਰਸ਼ਾਦ ਵੰਡਦੇ-ਵੰਡਦੇ ਉਥੇ ਇਕ ਕਿਸਾਨ ਦਸਵੰਧ ਲਈ ਆਉਂਦਾ ਸੀ। ਉਸ ਨੇ ਅੱਗੇ ਜਾਣਾ ਸੀ, ਉਸ ਨੇ ਰਾਹ ਵਿਚ ਗੱਡਾ ਰੋਕ ਲਿਆ ਤੇ ਮਨ ਵਿਚ ਆਇਆ ਕਿ ਭੋਗ ਲੱਗਿਆ ਹੋਇਆ ਹੈ ਗੁਰੂ ਦਾ, ਜਦੋਂ ਭੋਗ ਲੱਗ ਗਿਆ, ਸੀਤ ਪ੍ਰਸ਼ਾਦ ਜਿਹੜਾ ਗੁਰੂ ਦਾ ਕਾ ਲਏਗਾ ਉਹਦਾ ਤਾਂ ਤਨ ਮਨ ਸਭ ਨਿਰਮਲ ਹੋ ਜਾਣਾ ਹੈ। ਗੁਰੂ ਦਾ ਸ਼ੀਤ ਪ੍ਰਸ਼ਾਦ ਕਿਤੇ ਮਿਲਦਾ ਹੈ। ਹੋਵੇ ਨਾ ਤਾਂ ਮੈਂ ਭਾਗਾਂ ਵਾਲਾ ਬਣਾਂ ਤੇ ਪ੍ਰਸ਼ਾਦ ਲੈ ਆਵਾਂ। ਏਸ ਆਸ਼ੇ ਨਾਲ ਉਹ ਆਇਆ, ਤੇਰੇ ਪਿਤਾ ਦੇ ਸਾਮ੍ਹਣੇ ਆ ਗਿਆ, ਗੱਡੇ ਦੀ ਧੂੜ ਨਾਲ ਲੱਥ-ਪੱਥ ਹੋਇਆ, ਕੱਪੜਿਆਂ ਤੇ ਧੂੜ ਹੀ ਧੂੜ ਪਈ ਸੀ। ਚਿਹਰਾ ਧੂੜ ਨਾਲ ਲੱਥ-ਪੱਥ ਹੋਇਆ ਹੋਇਆ ਸੀ। ਜਦੋਂ ਤੇਰੇ ਪਿਤਾ ਕੋਲ ਆਇਆ ਤਾਂ ਉਹ ਕਹਿਣ ਲੱਗਿਆ ਕਿ ਓਏ! ਪਰ੍ਹੇ ਹੋ ਕੇ ਬੈਠ। ਫਿੱਕਾ ਬੋਲਿਆ। ਉਹਦਾ ਗੱਡਾ ਤੁਰ ਪਿਆ। ਉਹਨੇ ਦੇਖ ਲਿਆ ਕਿ ਗੱਡਾ ਤੁਰਿਆ ਜਾਂਦਾ ਹੈ। ਦੂਸਰੀ ਵਾਰ ਉਹਨੇ ਫੇਰ ਕਿਹਾ ਕਿ ਸ਼ਾਇਦ ਮੈਨੂੰ ਹੁਣ ਪ੍ਰਸ਼ਾਦ ਦੇ ਦੇਵੇ ਕਿਤੇ ਗੱਡਾ ਪਾਸ ਨਾ ਮਾਰ ਜਾਵੇ, ਬਲਦ ਤੁਰ ਪਏ। ਜਦੋਂ ਤੇਰੇ ਪਿਤਾ ਦੇ ਸਾਮ੍ਹਣੇ ਜਦੋਂ ਦੂਜੀ ਵਾਰੀ ਆਇਆ, ਉਸ ਵੇਲੇ ਪਤਾ ਹੈ ਕੀ ਹੋਇਆ? ਤੇਰੇ ਪਿਤਾ ਨੇ ਕਿਹਾ ਕਿ ਤੈਨੂੰ ਕਿਹਾ ਸੀ ਉਥੇ ਬੈਠ ਰਿੱਛ ਜਿਹਾ ਟੱਪ ਕੇ ਫੇਰ ਸਾਮ੍ਹਣੇ ਆ ਗਿਆ। ਕਹਿੰਦੇ, ਫਿੱਕਾ ਬੋਲਿਆ ਨਾ, ਕੁਰਹਿਤ ਕਰ ਦਿਤੀ ਫਿੱਕਾ ਬੋਲਣ ਨਾਲ।

ਰਹਿਤਾਂ ਕੇਵਲ ਇਹੀ ਨਹੀਂ ਕਿ ਕਿਰਪਾਨ ਪਹਿਨ ਲਓ, ਕਛਹਿਰਾ ਪਹਿਨ ਲਓ। ਇਹ ਤਾਂ ਸਰੀਰ ਦੀਆਂ ਰਹਿਤਾਂ ਨੇ। ਜਿਹੜੀਆਂ ਅੰਦਰਲੀਆਂ ਰਹਿਤਾਂ ਖਰਾਬ ਕਰਦੀਆਂ ਨੇ ਨਾ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
*ਅੰਗ - 755*

ਕਿਵੇਂ ਸਿੱਖ ਕਹਾ ਲਊ ਆਪਣੇ ਆਪ ਨੂੰ ਨਿੰਦਾ ਕਰਨ ਵਾਲਾ। ਉਹ ਤਾਂ ਮਨਮੁਖ ਤੇ ਮੂਰਖ ਹੈ, ਮੁਗਧ ਹੈ। ਚੁਗਲੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ। ਬੇਈਮਾਨੀ, ਠੱਗੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ ਤੇ ਜਦੋਂ ਰਹਿਤਾਂ ਦੀ ਉਲੰਘਣਾ ਕਰੇਗਾ ਫੇਰ ਸਜ਼ਾ ਪਾਵੇਗਾ ਤੇ ਰਹਿਤ ਇਸ ਤਰ੍ਹਾਂ ਕਹਿੰਦੀ ਹੈ -

*ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹਿ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*
*ਅੰਗ - 473*

ਕਹਿੰਦੇ ਕੁਰਹਿਤ ਕਰ ਦਿਤੀ ਨਾ ਉਹਨੇ। ਪਹਿਲਾਂ ਤਨ ਮਨ ਫਿੱਕਾ ਹੋਇਆ ਹੋਇਆ ਰਿੱਛ ਕਹਿ ਕੇ। ਫੇਰ ਉਹਨੇ ਜਦ ਦਰਗਾਹ 'ਚ ਪਹੁੰਚਿਆ ਤਾਂ ਜਾਣਾ ਤਾਂ ਉਹਨੇ ਸੱਚਖੰਡ ਨੂੰ ਸੀ। ਲੇਕਿਨ ਫਿੱਕਾ ਕਹਿਣ ਦੇ ਨਾਲ ਧੱਕਿਆ ਗਿਆ ਦਰਗਾਹ 'ਚੋਂ। ਦਰਗਾਹ 'ਚੋਂ ਸੁੱਟ ਦਿੰਦੇ ਨੇ। ਫਿੱਕੇ ਦਾ ਥਾਂ ਨਹੀਂ ਦਰਗਾਹ ਹੈ।

ਗੱਡਾ ਉਸ ਦਾ ਕਾਫੀ ਦੂਰ ਚਲਿਆ ਗਿਆ ਉਸਦਾ। ਸਿੱਖ ਪਤਾ ਹੈ ਕੌਣ ਸੀ ਉਹ? ਅਭੇਦ ਅਵਸਥਾ ਦਾ ਸਿੱਖ ਸੀ ਉਹ। ਜਿਹੜਾ ਅਭੇਦ ਅਵਸਥਾ ਦਾ ਸਿੱਖ ਹੁੰਦਾ ਹੈ ਉਹਦੀ ਅਵਸਥਾ ਬਹੁਤ ਉਚੀ ਹੁੰਦੀ ਹੈ।

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਕਹਿੰਦੇ ਕੀਰਤੀਆ! ਉਹ ਜਿਹੜਾ ਸਿੱਖ ਸੀ ਉਹ ਗੁਰੂ ਦਾ ਰੂਪ ਹੋਇਆ ਹੋਇਆ ਸੀ। ਉਹ ਅਭੇਦ ਅਵਸਥਾ ਦਾ ਸਿੱਖ ਸੀ। ਹਰ ਵਕਤ ਗੁਰੂ ਦੇ ਪਿਆਰ ਵਿਚ ਰਹਿੰਦਾ ਸੀ। ਤੇਰੇ ਪਿਉ ਨੇ ਸੁਣੀਆਂ ਹੋਈਆਂ ਸੀ ਸਾਖੀਆਂ ਕਿ ਭਾਈ ਲੱਖੂ ਨੇ ਕਹਿ ਦਿੱਤਾ ਸੀ ਕਿ ਆਵੇ ਕੱਚੇ-ਆਵੇ ਕੱਚੇ। ਲੇਕਿਨ ਅੰਦਰੋਂ ਨਹੀਂ ਸੀ ਮੰਨਦਾ ਕਿ ਸਿੱਖ ਗੁਰੂ ਦਾ ਰੂਪ ਹੁੰਦਾ ਹੈ।

ਸੋ ਐਨਾ ਫਿੱਕਾ ਬੋਲਿਆ, ਉਸ ਸਿੱਖ ਨੇ ਬਚਨ ਸੁਣੇ, ਨੇਤਰਾਂ 'ਚ ਜਲ ਆ ਗਿਆ ਉਹਦੇ, ਕਿ ਗੁਰੂ ਦੀ ਹਜ਼ੂਰੀ 'ਚ ਗੁਰੂ ਦਾ ਪ੍ਰਸ਼ਾਦ ਲੈਣਾ ਵੀ ਮੈਨੂੰ ਪ੍ਰਵਾਨ ਨਹੀਂ ਹੋਇਆ। ਇਕ ਕਿਣਕਾ ਗਿਰਿਆ ਪਿਆ ਸੀ, ਉਹ ਚੁੱਕ ਕੇ ਮੁਖ 'ਚ ਪਾ ਲਿਆ, ਕਹਿੰਦਾ ਸਿੱਖਾ! ਰਿੱਛ ਤਾਂ ਤੂੰ ਹੀ ਬਣਨਾ ਹੈ। ਐਨੀ ਗੱਲ ਕਹਿ ਦਿੱਤੀ। ਇਹਦੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ -

*ਸੁਖ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*
*ਅੰਗ - 316*

ਤੇਰਾ ਪਿਉ ਖਹਿਆ ਉਹਦੇ ਨਾਲ, ਅਭੇਦ ਅਵਸਥਾ ਦਾ, ਬ੍ਰਹਮਗਿਆਨੀ ਅਵਸਥਾ ਦਾ ਗੁਰਸਿੱਖ ਲੁਕਿਆ ਹੋਇਆ ਸੀ, ਛੁਪਿਆ ਹੋਇਆ, ਤੇਰੇ ਪਿਤਾ ਨੇ ਭੇਦ ਨਾ ਜਾਣਿਆ। ਸੋ ਪਿਆਰਿਆ! ਉਹਦੇ ਮੁਖ 'ਚ ਨਿਕਲ ਗਿਆ। ਸੰਤ ਕੁਛ ਵੀ ਬੋਲਦਾ ਹੈ, ਜਿਹੜਾ ਕੁਛ ਬੋਲਦਾ ਹੈ ਉਹਦੇ ਬਾਰੇ ਮਹਾਰਾਜ ਐਸ ਤਰ੍ਹਾਂ ਫੁਰਮਾਨ ਕਰਦੇ ਹਨ-

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥*
*ਅੰਗ - 306*

ਮੁਨੀਆਂ ਦੀ, ਜਨਾਂ ਦੀ, ਰਿਸ਼ੀਆਂ ਦੀ, ਚਾਰੇ ਵੇਦਾਂ ਦੀ ਗੱਲ ਤੁਹਾਨੂੰ ਦਸਦੇ ਹਾਂ। ਜਿਹੜਾ ਕੁਛ ਕਹਿ ਦਿੱਤਾ ਉਹ ਬਚਨ ਹੋ ਗਿਆ।

*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥*
*ਸੁਖੁ ਨ ਪਾਈਨਿ ਮੁਗਧ ਨਰ ਸੰਤ ਨਾਲਿ ਖਹੰਦੇ॥*
*ਅੰਗ - 306*

ਸੋ ਬਚਨ ਹੋ ਗਿਆ ਭਾਈ ਕੀਰਤੀਆ। ਉਹਦੇ ਮਨ ਵਿਚ ਆਇਆ ਕਿ ਮੈਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਚੋਰ ਬਰਦਾਰੀਆ ਹਾਂ। ਇਹਨੇ ਕੀ ਗੱਲ ਕਹਿ ਦਿਤੀ। ਇਹ ਨਹੀਂ ਹੈ ਕਿ ਉਸ ਤੋਂ ਮਾਫੀ ਮੰਗਦਾ, ਖਿਮਾ ਮੰਗਦਾ। ਨਾ ਆਪਣੇ ਅਭਿਮਾਨ ਵਿਚ ਰਿਹਾ ਕਿ ਗੁਰੂ ਮਹਾਰਾਜ ਜਿਨ੍ਹਾਂ ਦੀ ਮੈਂ ਸੇਵਾ ਕਰਦਾ ਹਾਂ ਕੀ ਇਹ ਆਪੇ ਦਰਗਾਹ ਵਿਚ ਮੇਰੀ ਸਹਾਇਤਾ ਨਹੀਂ ਕਰਨਗੇ? ਦੂਜੇ ਪਾਸੇ ਗੁਰੂ ਮਹਾਰਾਜ ਐਸ ਤਰ੍ਹਾਂ ਵੀ ਕਹਿੰਦੇ ਨੇ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ - 263*

ਭਾਈ ਕੀਰਤੀਆ! ਉਹ ਆਪ ਨਹੀਂ ਸੀ ਬੋਲਿਆ, ਗੁਰੂ ਤੇਗ ਬਹਾਦਰ ਸਾਹਿਬ ਉਹਦੀ ਜ਼ੁਬਾਨ ਤੇ ਆ ਕੇ ਬੋਲੇ ਸੀ, ਸੋ ਬੋਲ ਕਿਵੇਂ ਟਲ ਜਾਵੇ। ਸੇਵਾ ਕੀਤੀ ਠੀਕ ਹੈ ਕਰੀ। ਉਹ ਸੇਵਾ ਦਾ ਹੀ ਫਲ ਕਿ ਇਹ ਫੇਰ ਸਾਡੇ ਸਾਮ੍ਹਣੇ ਆ ਗਿਆ। ਚਰਨ ਫੜ ਲਏ ਭਾਈ ਕੀਰਤੀਏ ਨੇ, ਆਕੜ ਨਿਕਲ ਗਈ, ਗੁਮਾਨ ਨਿਕਲ ਗਿਆ ਅੰਦਰੋਂ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਚੋਰ ਬਰਦਾਰ ਹਾਂ। ਸੋ ਕਹਿਣ ਲੱਗਿਆ, ਕਿ ਮਹਾਰਾਜ! ਜਿਵੇਂ ਕਿਵੇਂ ਕਰੋ ਰੱਖੋ ਇਹਦੀ ਗੱਲ।

ਮਹਾਰਾਜ ਨੇ ਰਿੱਛ ਵਾਲੇ ਨੂੰ ਕਿਹਾ ਕਿ ਕਿੰਨੇ ਪੈਸੇ ਲੈਣੇ ਨੇ?

ਕਹਿੰਦਾ ਦੋ ਸੌ ਰੁਪਿਆ।

ਮਹਾਰਾਜ ਕਹਿੰਦੇ, ਦਿਓ ਦੋ ਸੌ ਰੁਪਿਆ।

ਰਿੱਛ ਵਾਲੇ ਨੇ ਸੋਚਿਆ ਕਿ ਮੈਨੂੰ ਪੈਸੇ ਜ਼ਿਆਦਾ ਮੰਗਣੇ ਚਾਹੀਦੇ ਸੀ, ਮੈਂ ਅੜ੍ਹਾਂ ਥੋੜ੍ਹਾ ਜਿਹਾ। ਸੋ ਉਸ ਵੇਲੇ ਕਹਿੰਦਾ ਮੈਂ ਨਹੀਂ ਰਿੱਛ ਵੇਚਣਾ। ਮਹਾਰਾਜ ਕਹਿੰਦੇ ਦੇਖ, ਸਾਰਿਆਂ ਦੇ ਸਾਮ੍ਹਣੇ ਤੂੰ ਜ਼ੁਬਾਨ ਕਰੀ ਹੈ ਤੇ ਹੁਣ ਕਿਵੇਂ ਮੁਕਰਦਾ ਹੈਂ? ਜਾਓ ਕਹਿੰਦੇ ਖੋਹ ਲਓ, ਇਹ ਸਾਡੇ ਸਿੱਖ ਨੂੰ ਲਈ ਫਿਰਦਾ ਹੈ? ਲੈ ਲਿਆ, ਦੋ ਸੌ ਰੁਪਏ ਦਾ। ਪ੍ਰਸ਼ਾਦ ਲਿਆਓ, ਪ੍ਰਸ਼ਾਦ ਲਿਆਂਦਾ ਅਤੇ ਮਹਾਰਾਜ ਜੀ ਨੇ ਆਪ ਅਰਦਾਸ ਕਰੀ ਗੁਰੂ ਨਾਨਕ ਦੇ ਦਰ ਤੇ। ਸੀਗੇ ਤਾਂ ਆਪ ਹੀ ਪਰ ਸਾਨੂੰ ਸਿਖਾਉਂਦੇ ਸੀ ਕਿ ਐਉਂ ਕਰੀਦਾ ਹੁੰਦਾ ਹੈ। ਪ੍ਰਸ਼ਾਦ ਪਾਇਆ ਦੜੰਮ ਦੇ ਕੇ ਰਿੱਛ ਮਰ ਗਿਆ। ਸ਼ੀਤ ਪ੍ਰਸ਼ਾਦ ਦਿੱਤਾ ਉਸੇ ਵੇਲੇ ਰਿੱਛ ਦੀ ਜੂਨੀ ਛੁਟ ਗਈ। ਕੀ ਦੇਖਦੇ ਨੇ ਸਾਮ੍ਹਣੇ ਭਾਈ ਕੀਰਤੀਏ ਦਾ ਪਿਉ ਖੜ੍ਹਾ ਹੈ। ਨਮਸ਼ਕਾਰਾਂ ਕਰ ਰਿਹਾ ਹੈ, ਪਾਤਸ਼ਾਹ ਭੁੱਲ ਹੋ ਗਈ ਸੀ। ਫੇਰ ਵੀ ਤੁਸੀਂ ਬਿਰਧ ਬਾਣੇ ਦੀ ਲਾਜ ਰੱਖਦੇ ਓਂ। ਭਗਤ ਵਛਲ ਓਂ, ਤੁਸੀਂ ਮੈਨੂੰ ਫੇਰ ਰੱਖ ਲਿਆ। ਸੋ ਇਸ ਤਰ੍ਹਾਂ

ਦੇ ਨਾਲ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੇ ਅਨੇਕ ਕੌਤਕ ਨੇ।

ਸੋ ਅੱਜ ਆਪ ਉਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਓਂ। ਉਨ੍ਹਾਂ ਨੇ ਜੋ ਬਚਿੱਤਰ ਚੀਜ਼ ਲਿਆਂਦੀ ਹੈ ਉਹ ਹੈ ਅੰਮ੍ਰਿਤ। ਅੰਮ੍ਰਿਤ ਹਰੇਕ ਦੇ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - 293***

ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ ਜਿੰਨੀ ਦੇਰ ਤੱਕ ਪੰਜ ਪਿਆਰਿਆਂ ਤੋਂ ਬਾਹਰੋਂ ਅੰਮ੍ਰਿਤ ਦੀ ਦਾਤ ਲੈ ਕੇ ਨਾਮ ਦੀ ਕਮਾਈ ਨਾ ਕਰੇ। ਬਾਹਰੋਂ ਨਾਮ ਲਓ ਪੰਜ ਪਿਆਰਿਆਂ ਤੋਂ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਟਰੱਸਟੀ ਹਨ, ਉਹ ਪੰਜ ਪਿਆਰੇ ਨੇ। ਉਨ੍ਹਾਂ ਪੰਜਾਂ ਨੇ ਇਕੱਠੇ ਹੋ ਕੇ ਨਾਮ ਦੇਣਾ ਹੈ। ਉਹ ਨਾਮ ਲਓ ਫੇਰ ਸੰਤਾਂ ਦੀ ਸੰਗਤ ਕਰਕੇ, ਸੇਵਾ ਕਰਕੇ, ਬਾਣੀ ਦੀ ਵਿਚਾਰ ਕਰਕੇ, ਬਾਣੀ ਪੜ੍ਹ ਕੇ ਜਿਉਂ-ਜਿਉਂ ਅਸੀਂ ਰੂਹਾਨੀ ਕਦਮ ਅੱਗੇ ਪੁੱਟਦੇ ਜਾਵਾਂਗੇ, ਤਿਉਂ-ਤਿਉਂ ਸਾਨੂੰ ਅਵਸਰ ਮਿਲਦਾ ਜਾਏਗਾ ਕਿ ਅਸੀਂ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਸਕੀਏ। ਸੋ ਅੰਮ੍ਰਿਤ ਦਾ ਕੁੰਡ ਹੈ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥***
***ਅੰਗ - 538***

ਸੋ ਅੰਮ੍ਰਿਤ ਵਾਸਤੇ ਤਾਕੀਦ ਕਰੀ ਹੈ।

***ਹਰਿ ਸਚੇ ਤਖਤਿ ਰਚਾਇਆ, ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ, ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ, ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰ ਦਾਸ ਜੀ ਦੂਜੇ ਦੀ ਵਾਰ***

ਗੁਰੂ ਧਾਰਨ ਕਰਕੇ ਜਿਨ੍ਹਾਂ ਨੇ ਲੰਘਣਾ ਹੈ ਕਲਜੁਗ ਦੇ ਵਿਚ, ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ, ਸੇਵਾ ਕਰੋ, ਸਿਮਰਨ ਕਰੋ, ਸਤਿਸੰਗ ਕਰੋ ਅਤੇ ਇਹਦੇ ਨਾਲ ਜਨਮ ਸੁਹੇਲਾ ਹੋ ਜਾਏਗਾ।

(ਪੰਨਾ 20 ਦੀ ਬਾਕੀ)

ਪਤਾ ਲੱਗਿਆ –

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ***
***ਅਬ ਕਛੁ ਮਰਮੁ ਜਨਾਇਆ॥ ਅੰਗ - 658***

ਕਹਿੰਦੇ ਪਤਾ ਹੀ ਨਹੀਂ ਸੀ ਲੱਗਿਆ। ਸਾਰੀ ਰਾਤ ਡਰਦੇ ਰਹੇ, ਜਦੋਂ ਚਾਨਣਾ ਹੋ ਗਿਆ ਤਾਂ ਪਤਾ ਲਗਿਆ ਕਿ ਇਹ ਤਾਂ ਰੱਸੀ ਹੈ ਰੱਸੀ ਵਿਚ ਤਾਂ ਸੱਪ ਕਦੇ ਹੋ ਹੀ ਨਹੀਂ ਸਕਦਾ, ਰੱਸੀ ਤਾਂ ਰੱਸੀ ਹੈ ਉਹ ਅਣਹੋਈ ਚੀਜ਼ ਹੋ ਗਈ।

ਰੜ੍ਹੇ ਮੈਦਾਨ ਦੇ ਅੰਦਰ ਦਰਿਆ ਚਲਦਾ ਲਗਦਾ ਹੈ। ਜਦੋਂ ਕੋਲ ਜਾ ਕੇ ਦੇਖਦਾ ਹੈ ਤਾਂ ਅੱਗੇ, ਫੇਰ ਇਵੇਂ ਹੀ ਲਗਦਾ ਹੈ। ਮ੍ਰਿਗ (ਹਿਰਨ) ਜਿਹੜਾ ਹੈ ਉਹ ਨੱਠ ਨੱਠ ਕੇ ਮਰ ਜਾਂਦਾ ਹੈ ਉਹ ਪਾਣੀ ਨਹੀਂ ਹੁੰਦਾ। ਸੋ ਅਣਹੋਈ ਚੀਜ਼ ਨਜ਼ਰ ਆਉਂਦੀ ਹੈ ਕਿਉਂਕਿ ਦੋਸ਼ ਪੈ ਗਿਆ। ਅੱਖ ਦੇ ਕੋਏ ਵਿਚ ਉਂਗਲੀ ਦੇ ਕੇ ਚੰਦਰਮਾ ਵੱਲ ਝਾਕੋ ਦੋ ਚੰਦਰਮਾ ਲੱਗਣਗੇ। ਜੇ ਫਰਕ ਪੈ ਜਾਵੇ ਪੱਕਾ ਉਹ ਕਹੇਗਾ ਕਿ ਦੋ ਚੰਦ ਨੇ, ਅਸੀਂ ਕਹਾਂਗੇ ਇਕ ਹੈ, ਫਰਕ ਕਿਥੇ ਪੈ ਗਿਆ ਨਿਗ੍ਹਾ 'ਚ ਪੈ ਗਿਆ।

ਸੋ ਮਹਾਰਾਜ ਕਹਿੰਦੇ ਇਸੇ ਤਰ੍ਹਾਂ ਨਾਲ ਹਉਮੈ ਤੱਤ ਨੇ ਇਸ ਨੂੰ ਪਰਮੇਸ਼ਰ ਦੇ ਨਾਲੋਂ ਤੋੜ ਕੇ ਜੀਵ ਬਣਾ ਦਿੱਤਾ। ਜੀਵ ਵੀ ਬਣਿਆ ਰਹੇ ਫੇਰ ਵੀ ਚੰਗਾ ਹੈ, ਇਹ ਸਰੀਰ ਬਣ ਗਿਆ। ਜਦੋਂ ਸਰੀਰ ਬਣਿਆ ਤਾਂ ਸਰੀਰ ਦੇ ਕੰਮਾਂ ਨੂੰ ਇਹ ਐਨਾ ਗੁਆਚ ਗਿਆ ਕਿ ਹੁਣ ਇਸ ਲਹਿਰ ਵਿਚੋਂ ਨਿਕਲ ਨਹੀਂ ਸਕਦਾ, ਕੋਈ ਤਰੀਕਾ ਨਹੀਂ ਹੈ। ਸੋ ਮਹਾਰਾਜ ਕਹਿੰਦੇ –

***ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥***
***ਅੰਗ - 613***

ਹੇ ਵਾਹਿਗੁਰੂ ਜੀ! ਐਨਾ ਫਸ ਗਏ ਹਾਂ ਅਸੀਂ ਅੰਧਕਾਰ ਦੇ ਅੰਦਰ, ਅੱਗ ਦੇ ਸਮੁੰਦਰ ਦੇ ਅੰਦਰ ਜਿਸ ਦੀਆਂ ਲਹਿਰਾਂ ਦਾ ਹੀ ਨਹੀਂ ਪਤਾ, ਲੰਘਣ ਨਹੀਂ ਦਿੰਦੀਆਂ। ਤੇਰੀ ਕਿਰਪਾ ਤੋਂ ਬਗੈਰ ਅਸੀਂ ਨਹੀਂ ਲੰਘ ਸਕਦੇ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

# ਸਦਾ ਸੁਹਾਗ
# (ਵਸ਼ਿਸ਼ਟ ਯੋਗ ਵਿਚੋਂ ਉਲਥਾ)

***ਅਨੁਵਾਦਕ - ਸ੍ਰੀ ਮਾਨ ਧਰਮ ਅਨੰਤ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ - ਪੰਨਾ 55)*

ਫਿਰ ਆਦਰ ਸਨਮਾਨ ਨਾਲ ਬਿਠਾ ਕੇ ਪੁੱਛਣ ਲੱਗਾ ਕਿ ਹੇ ਦੇਵ ਪੁੱਤਰ! ਅੱਜ ਮੇਰੇ ਧੰਨ ਭਾਗ ਹਨ, ਜੋ ਆਪ ਨੇ ਦਰਸ਼ਨ ਦਿਤੇ ਹਨ। ਕ੍ਰਿਪਾ ਕਰਕੇ ਆਪਣੇ ਆਉਣ ਦਾ ਪ੍ਰਯੋਜਨ ਦੱਸੋ? ਦੇਵ ਪੁੱਤਰ ਬੋਲਿਆ, ਹੇ ਰਾਜਨ! ਅਸਾਂ ਬੜੇ ਬੜੇ ਪਰਬਤ ਵੇਖੇ ਹਨ, ਸਾਨੂੰ ਅਨੇਕਾਂ ਤੀਰਥਾਂ ਪੁਰ, ਅਨਗਿਣਤ ਜਤੀ, ਸਤੀ ਤੇ ਤਪਸਵੀ ਮਿਲੇ ਹਨ, ਪਰ ਜੈਸੀ ਭਾਵਨਾ ਤੇਰੀ ਵੇਖੀ ਹੈ, ਐਸੀ ਹੋਰ ਕਿਸੇ ਦੀ ਨਹੀਂ ਦੇਖੀ। ਤੂੰ ਬੜਾ ਤਪ ਕੀਤਾ ਹੈ, ਅਰ ਇੰਦਰੀ ਜਿੱਤ ਪ੍ਰਤੀਤ ਹੁੰਦਾ ਹੈਂ। ਮੈਂ ਜਾਣਦਾ ਹਾਂ ਕਿ ਤੇਰਾ ਤਪ ਤਲਵਾਰ ਦੀ ਧਾਰ ਵਾਂਗ ਤੇਜ਼ ਹੈ, ਤੈਨੂੰ ਨਮਸ਼ਕਾਰ ਹੈ। ਪਰ ਹੇ ਰਾਜਨ! ਆਤਮ ਯੋਗ ਦੇ ਨਮਿੱਤ ਵੀ ਕੁਝ ਤਪ ਕੀਤਾ ਹਈ ਕਿ ਨਹੀਂ? ਸੋ ਦੱਸ। ਤਾਂ ਰਾਜੇ, ਫੁਲਾਂ ਦਾ ਸੇਹਰਾ ਜੋ ਦੇਵ ਪੂਜਾ ਲਈ ਰੱਖਿਆ ਹੋਇਆ ਸੀ, ਦੇਵ ਪੁੱਤਰ ਦੇ ਗਲੇ ਪਾ ਦਿਤਾ, ਅਰ ਹੱਥ ਜੋੜ ਕੇ ਆਖਣ ਲੱਗਾ ਕਿ ਆਪ ਵਰਗਿਆਂ ਦਾ ਦਰਸ਼ਨ ਦੁਰਲੱਭ ਹੈ, ਅਰ ਅਤਿਥੀ ਦੀ ਪੂਜਾ, ਮਹਾਤਮਾ ਦੇਵ ਪੂਜਾ ਤੋਂ ਵਧੀਕ ਹੈ। ਹੇ ਦੇਵ ਪੁੱਤਰ! ਆਪ ਦੇ ਅੰਗ ਡਾਢੇ ਸੋਹਣੇ ਲਗਦੇ ਹਨ। ਐਸੇ ਹੀ ਸੁੰਦਰ ਅੰਗ ਮੇਰੀ ਇਸਤਰੀ ਦੇ ਸਨ। ਅੱਡੀ ਤੋਂ ਚੋਟੀ ਤਕ ਤੁਸੀਂ ਉਸੇ ਵਾਂਗ ਨਜ਼ਰ ਆਉਂਦੇ ਹੋ। ਪਰ ਆਪ ਤਪੱਸਵੀ ਹੋ, ਸ਼ਾਂਤੀ ਮੂਰਤੀ ਹੋ। ਮੈਂ ਕਿਵੇਂ ਆਖਾਂ, ਕਿ ਤੁਸੀਂ ਉਹੋ ਹੀ ਹੋ। ਹੇ ਦੇਵ ਪੁੱਤਰ! ਆਪ ਕਿਸ ਦੇ ਪੁੱਤਰ ਹੋ? ਇਥੇ ਕਿਸ ਨਮਿਤ ਆਏ ਹੋ? ਅਰ ਅੱਗੇ ਕਿਥੇ ਜਾਓਗੇ? ਮੇਰਾ ਸੰਸਾ ਨਵਿਰਤ ਕਰੋ। ਦੇਵ ਪੁੱਤਰ ਨੇ ਕਿਹਾ ਕਿ ਮੇਰਾ ਨਾਮ ਕੁੰਭਜ ਹੈ। ਮੈਂ ਨਾਰਦ ਜੀ ਦਾ ਪੁੱਤਰ ਤੇ ਬ੍ਰਹਮਾ ਜੀ ਦਾ ਪੋਤਰਾ ਹਾਂ। ਸਰਸਵਤੀ ਮੇਰੀ ਮਾਤਾ ਤੇ ਗਾਇਤ੍ਰੀ ਮੇਰੀ ਮਾਸੀ ਹੈ। ਮੈਨੂੰ ਸਰਬ ਦਾ ਗਿਆਨ ਹੈ। ਰਾਜਾ ਬੋਲਿਆ, ਮਹਾਰਾਜ! ਮੈਂ ਧੰਨ ਹਾਂ, ਜੇ ਆਪ ਨੇ ਦਰਸ਼ਨ ਦਿਤੇ ਹਨ। ਮੈਂ ਨਿਹਾਲ ਹੋਇਆ ਹਾਂ। ਦੇਵ ਪੁੱਤਰ ਨੇ ਕਿਹਾ, ਕਿ ਜੋ ਤੂੰ ਪੁਛਿਆ ਸੀ ਸੋ ਮੈਂ ਦੱਸ ਦਿਤਾ ਹੈ। ਹੁਣ ਤੂੰ ਦੱਸ, ਜੋ ਤੂੰ ਕੌਣ ਹੈਂ? ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਂ ਰਾਜਾ ਹਾਂ, ਸ਼ਿਖਰ ਧਵਜ ਮੇਰਾ ਨਾਮ ਹੈ। ਮੈਨੂੰ ਸੰਸਾਰ ਦੁਖਾਂ ਦੀ ਖਾਣ ਦਿਸਿਆ। ਇਸ ਲਈ ਜਨਮ ਮਰਨ ਦੇ ਗੇੜਾਂ ਤੋਂ ਛੁਟਕਾਰਾ ਪਾਉਣ ਲਈ ਮੈਂ ਰਾਜ ਭਾਗ ਤਿਆਗ ਕੇ, ਤਪੱਸਵੀ ਹੋਇਆ ਹਾਂ। ਆਪ ਜਾਣੀ ਜਾਣ ਹੋ। ਤ੍ਰਿਕਾਲਦਰਸ਼ੀ ਹੋ, ਤਾਂ ਬੇਨਤੀਪੂਰਵਕ ਦਸਦਾ ਹਾਂ ਕਿ ਮੈਂ ਹਰ ਸੰਧਿਆ ਆਦਿਕ ਨਿਤਨੇਮ, ਬਿਨਾਂ ਨਾਗਾ ਕਰਦਾ ਹਾਂ, ਅਰ ਜਪ ਭੀ ਕਰਦਾ ਹਾਂ, ਪਰ ਚਿੱਤ ਬਿਲਕੁਲ ਨਹੀਂ ਟਿਕਦਾ। ਇਸ ਵਿਚ ਅਨੇਕ ਪ੍ਰਕਾਰ ਦੇ ਤਰੰਗ ਹਰ ਵਕਤ ਲਗਾਤਾਰ ਉਠਦੇ ਰਹਿੰਦੇ ਹਨ, ਅਰ ਸ਼ਾਂਤੀ ਨਹੀਂ ਆਉਂਦੀ। ਤਾਂ ਤੇ ਉਹ ਉਪਾਵ ਦੱਸੋ, ਜਿਸ ਤੋਂ ਮੇਰੇ ਦੁਖ ਨਵਿਰਤ ਹੋਵਨ। ਹੇ ਦੇਵ ਪੁੱਤਰ! ਮੈਂ ਅਨੇਕ ਵੇਰ ਅਠਸਠ ਤੀਰਥਾਂ ਦੇ ਇਸ਼ਨਾਨ ਕੀਤੇ ਹਨ, ਦਾਨ ਵੀ ਇਤਨਾ ਕੀਤਾ ਹੈ ਕਿ ਕੋਈ ਓੜਕ ਨਹੀਂ। ਹੁਣ ਅੱਠਾਂ ਵਰ੍ਹਿਆਂ ਤੋਂ ਇਕੱਲਾ ਇਸ ਮਹਾਂ ਭਿਆਨਕ ਬਨ ਵਿਚ ਬੈਠਾ ਹਾਂ। ਜਪ ਕਰ ਕਰ ਕੇ ਸੰਘ ਸੁੱਕ ਜਾਂਦਾ ਹੈ। ਮਨ ਕਰਕੇ ਵੀ ਧਿਆਨ ਕਰਦਾ ਹਾਂ, ਪਰ ਹਨ੍ਹੇਰਾ ਦਿਸਦਾ ਹੈ, ਇਸ ਵਿਚ ਲੱਭਦਾ ਕੱਖ ਨਹੀਂ।

ਦੇਵ ਪੁੱਤਰ ਬੋਲਿਆ, ਹੇ ਰਾਜ ਰਿਸ਼ੀ! ਤੂੰ ਰਾਜ ਦਾ ਤਿਆਗ ਕਰਕੇ, ਤਪ ਰੂਪੀ ਟੋਏ ਵਿਚ ਡਿੱਗ ਪਿਉਂ। ਇਹ ਤੂੰ ਕਿਉਂ ਕੀਤਾ? ਜਿਸ ਪ੍ਰਕਾਰ ਧਰਤੀ ਤੋਂ ਪੈਰ ਚੁੱਕ ਕੇ, ਫਿਰ ਧਤੀ ਪੁਰ ਹੀ ਰੱਖ ਦੇਈਦਾ ਹੈ, ਇਸੇ ਪ੍ਰਕਾਰ ਤੂੰ ਇਕ ਟੋਏ ਵਿਚੋਂ ਨਿਕਲ ਕੇ ਦੂਜੇ ਟੋਏ ਵਿਚ ਜਾ ਪਿਆ ਹੈਂ। ਤੂੰ ਸਤ ਨੂੰ ਜਾਨਣ ਲਈ ਘਰੋਂ ਨਿਕਲਿਆ ਸੀ, ਉਸਨੂੰ ਨਹੀਂ ਜਾਣਿਆ। ਇਥੇ ਆ ਕੇ ਤੂੰ ਇਕ ਝੁੱਗੀ ਬਣਾ ਲਈ ਹੈ, ਅਰ ਇਸ ਵਿਚ ਇਕ ਚਿੱਪੀ ਤੇ ਮਿਰਗਸ਼ਾਲਾ ਰੱਖ ਲੀਤੀ ਹੈ, ਸੋ ਇਸ ਨਾਲ ਤਾਂ ਸ਼ਾਂਤੀ ਨਹੀਂ ਹੋਣੀ। ਤੂੰ ਆਪਣੇ ਸਵਰੂਪ ਵਿਚ ਜਾਗੇਂਗਾ ਤਾਂ ਤੇਰੇ ਸਾਰੇ ਦੁੱਖ ਦੂਰ ਹੋ ਜਾਣਗੇ। ਮੈਂ ਇਕ ਵੇਰ ਬ੍ਰਹਮਾ ਜੀ ਤੋਂ ਪੁੱਛਿਆ ਸੀ ਕਿ ਦਾਦਾ ਜੀ, ਕਰਮ ਉਤਮ ਹੈ ਕਿ ਗਿਆਨ? ਤਾਂ ਉਨ੍ਹਾਂ ਦੱਸਿਆ ਸੀ ਕਿ ਗਿਆਨ ਦੀ ਪ੍ਰਾਪਤੀ ਬਿਨਾਂ ਜਨਮ ਮਰਨ ਦਾ ਗੇੜ ਖਤਮ ਨਹੀਂ ਹੁੰਦਾ, ਇਸ ਲਈ ਗਿਆਨ ਹੀ ਪਰਮ ਸਰੇਸ਼ਟ ਪਦਾਰਥ ਹੈ, ਪਰ ਜਦ ਤੱਕ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਤਦ ਤਕ ਸ੍ਰੇਸ਼ਠ ਨਿਸ਼ਕਾਮ ਕਰਮ, ਅਰਥਾਤ ਸਾਧ ਸੇਵਾ, ਅਨਾਥ, ਦਰਿਦਰੀ ਤੇ ਦੁਖੀ ਦੀ ਸਹਾਇਤਾ ਅਰ ਪਰਉਪਕਾਰ ਦੇ ਕੰਮ ਕਰਨੇ ਹੀ ਉਤਮ ਹਨ। ਰਾਜਨ, ਤੂੰ ਇਸ ਟੋਏ ਵਿਚੋਂ ਨਿਕਲ। ਜਦ ਤੱਕ ਤੈਨੂੰ ਕਰਮ ਦਾ ਅਭਿਮਾਨ ਹੈ, ਤਦ ਤੱਕ ਦੁਖ ਦੀ ਨਵਿਰਤੀ ਨਹੀਂ ਹੋਣੀ। ਤੂੰ ਵਾਸ਼ਨਾ ਰਹਿਤ ਹੋ ਕੇ ਆਪਣੇ ਸਵਰੂਪ ਵਿਚ ਜਾਗ। ਵਾਸ਼ਨਾ ਰਹਿਤ ਹੋਣ ਦਾ ਨਾਮ ਹੀ ਮੁਕਤ ਹੋਣਾ ਹੈ। ਜਿਸ ਤਰ੍ਹਾਂ ਪਵਨ ਤੋਂ ਬਿਨਾਂ ਬ੍ਰਿਛ ਸ਼ਾਂਤ ਰਹਿੰਦਾ ਹੈ, ਪਰ ਪਵਨ ਲਗਦਿਆਂ ਹੀ ਹਿੱਲਣ ਜੁੱਲਣ ਲਗ ਪੈਂਦਾ ਹੈ, ਇਸੇ ਪ੍ਰਕਾਰ ਵਾਸ਼ਨਾ ਦੇ ਨਵਿਰਤ ਹੁੰਦਿਆਂ ਹੀ ਚਿੱਤ ਟਿਕ ਜਾਂਦਾ ਹੈ, ਅਰ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ, ਪਰ ਹੇ ਰਾਜਾ, ਤੂੰ ਕੋਈ ਗੁਰੂ ਵੀ ਧਾਰਿਆ ਹੈ ਕਿ ਨਹੀਂ? ਰਾਜਾ ਬੋਲਿਆ, ਹੇ ਦੇਵ ਪੁੱਤਰ, ਤੁਸੀਂ ਹੀ ਮੇਰੇ ਪਿਤਾ ਹੋ, ਤੁਸੀਂ ਹੀ ਮੇਰੇ ਗੁਰੂ ਹੋ, ਤੁਸੀਂ ਹੀ ਮੈਨੂੰ ਕ੍ਰਿਤਾਰਥ ਕਰੋ। ਮੈਂ ਵਾਸ਼ਨਾ ਦੇ ਅਧੀਨ ਹੋ ਕੇ ਬੜਾ ਦੁਖ ਪਾਇਆ ਹੈ।

ਇਹ ਸੁਣ ਕੇ ਕੁੰਭਜ ਬੋਲਿਆ ਕਿ ਰਾਜਨ, ਜਿਸ ਪੁਰਸ਼ ਨੇ ਵੈਰਾਗ ਅਰ ਵਿਵੇਕ, (ਬਬੇਕ) ਰੂਪੀ ਦੰਦਾਂ ਨਾਲ, ਆਸਾ ਰੂਪੀ ਜੰਜੀਰ ਨੂੰ ਨਹੀਂ ਕੱਟਿਆ, ਉਸ ਨੂੰ ਸੁਖ ਪ੍ਰਾਪਤ ਨਹੀਂ ਹੋ ਸਕਦਾ। ਅਸਤਿ ਪਦਾਰਥ ਦੀ ਇਛਿਆ ਨਾ ਕਰਨੀ, ਇਹੋ ਵੈਰਾਗ ਹੈ। ਸੱਤ ਅਰ ਅਸੱਤ ਦੇ ਗਿਆਨ ਦਾ ਨਾਮ ਵਿਵੇਕ ਹੈ। ਜੋ ਦੇਸ਼, ਕਾਲ ਅਰ ਬਦਲਣਹਾਰ ਹਾਲਤਾਂ ਤੇ ਵਸਤਾਂ ਦੇ ਅਧੀਨ ਹੈ, ਉਹ ਅਸੱਤ ਹੈ। ਜੋ ਇਨ੍ਹਾਂ ਦੇ ਅਧੀਨ ਨਹੀਂ, ਉਹ ਸੱਤ ਹੈ। ਸੋ ਤੂੰ ਵਿਵੇਕ ਤੇ ਵੈਰਾਗ ਨਾਲ ਆਸਾਂ ਦੀ ਬੇੜੀ ਕੱਟ ਦੇ, ਤੇਰੇ ਦੁਖ ਦੂਰ ਹੋ ਜਾਣਗੇ। ਹੇ ਰਾਜਾ, ਤੇਰੀ ਇਸਤਰੀ ਚੁੜਾਲਾ, ਬ੍ਰਹਮਵੇਤਾ ਹੈ। ਉਹ ਗਿਆਨੀਆਂ ਵਿਚ ਸਰਬ ਸ੍ਰੇਸ਼ਠ ਤੇ ਸੱਤ ਵਕਤਾ ਹੈ। ਤੈਨੂੰ ਉਸ ਨੇ ਜੋ ਉਪਦੇਸ਼ ਕੀਤਾ ਸੀ, ਤੈਂ ਉਹ ਕਿਉਂ ਨਾ ਮੰਨਿਆ? ਦੇਖ, ਮੈਂ ਤ੍ਰਿਕਾਲ ਦਰਸ਼ੀ ਹਾਂ, ਤੇ ਸਭ ਕੁਝ ਜਾਣਦਾ ਹਾਂ। ਤੂੰ ਇਕ ਤਾਂ ਉਸ ਤੱਤਵਦਰਸ਼ੀ ਦਾ ਉਪਦੇਸ਼ ਗ੍ਰਹਿਣ ਨਾ ਕੀਤਾ, ਅਰ ਫਿਰ ਇਹ ਗਲਤੀ ਕੀਤੀ ਕਿ ਬਿਨਾਂ ਸਰਬ ਦਾ ਤਿਆਗ ਕੀਤੇ, ਤਪੱਸਵੀ ਬਣ ਬੈਠ। ਦੱਸ, ਇਨ੍ਹਾਂ ਗੱਲਾਂ ਦਾ ਕੀ ਉਤਰ ਦੇਵੇਂਗਾ? ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਂ ਤਾਂ ਇਸਤਰੀ, ਪ੍ਰਿਥਵੀ, ਮੰਦਰ, ਹਾਥੀ ਆਦਿਕ ਐਸ਼ਵਰਜ ਦਾ ਪੂਰਨ ਤਿਆਗ ਕੀਤਾ ਹੈ, ਆਪ ਕਿਸ ਤਰ੍ਹਾਂ ਆਖਦੇ ਹੋ ਕਿ ਮੈਂ ਸਰਬ ਦਾ ਤਿਆਗ ਨਹੀਂ ਕੀਤਾ? ਦੇਵ ਪੁੱਤਰ ਨੇ ਕਿਹਾ, ਹੇ ਰਾਜਨ! ਤੂੰ ਕੁਝ ਵੀ ਨਹੀਂ ਤਿਆਗਿਆ। ਦੇਖ, ਰਾਜ ਵਿਚ ਤੇਰਾ ਕੀ ਸੀ? ਜੈਸਾ ਉਹ ਪਹਿਲਾਂ ਸੀ, ਵੈਸਾ ਹੀ ਹੁਣ ਹੈ। ਇਸਤਰੀ ਭੀ ਜਿਸ ਤਰ੍ਹਾਂ ਪਹਿਲਾਂ ਸੀ, ਉਸੇ ਤਰ੍ਹਾਂ ਹੁਣ ਹੈ। ਹੋਰ ਪ੍ਰਿਥਵੀ, ਹਾਥੀ, ਮੰਦਰ ਆਦਿ ਜਿਸ ਤਰ੍ਹਾਂ ਪਹਿਲਾਂ ਸੀ, ਉਸੇ ਤਰ੍ਹਾਂ ਹੁਣ ਵੀ ਹਨ, ਉਨ੍ਹਾਂ ਵਿਚ ਤੇਰਾ ਕੀ ਸੀ, ਜੋ ਤੂੰ ਤਿਆਗਿਆ ਹੈ? ਤੇਰੇ ਜੰਮਣ ਤੋਂ ਪਹਿਲਾਂ ਵੀ ਨਗਰ, ਹਾਥੀ, ਘੋੜੇ, ਮੌਜੂਦ ਸਨ, ਤੇਰੇ ਮਰਨ ਮਗਰੋਂ ਵੀ ਮੌਜੂਦ ਰਹਿਣਗੇ। ਇਨ੍ਹਾਂ ਵਿਚ ਤੇਰਾ ਕੁਝ ਨਹੀਂ। ਹੇ ਰਾਜਨ! ਸਰਬ ਦਾ ਤਿਆਗ ਤਾਂ ਤੂੰ ਅਜੇ ਵੀ ਨਹੀਂ ਕੀਤਾ, ਹਾਲਾਂਕਿ ਇਥੇ ਮਲੰਗ ਹੋਇਆ ਬੈਠਾ ਹੈਂ। ਜੋ ਤੇਰਾ ਹੈ, ਸੋ ਤਿਆਗ ਕੇ ਨਿਰਦੋਖ ਪਦ ਨੂੰ ਪ੍ਰਾਪਤ ਹੋ। ਹੇ ਰਾਮ ਜੀ, ਜਦ ਕੁੰਭਜ ਇਸ ਤਰ੍ਹਾਂ ਬੋਲਿਆ, ਤਾਂ ਰਾਜਾ ਨੇ, ਜੋ ਸੂਰਬੀਰ ਅਰ ਇੰਦਰੇ ਜਿਤ ਸੀ, ਮਨ ਵਿਚ ਵਿਚਾਰਿਆ ਕਿ ਇਹ ਬਨ ਮੇਰਾ ਹੈ ਅਰ ਬ੍ਰਿਛ, ਫੂਲ, ਫਲ ਭੀ ਸਭ ਮੇਰੇ ਹਨ, ਮੈਂ ਇਨ੍ਹਾਂ ਦਾ ਤਿਆਗ ਕਰਾਂ। ਇਹ ਵਿਚਾਰ ਕੇ ਬੋਲਿਆ, ਕਿ ਹੇ ਦੇਵ ਪੁੱਤਰ! ਮੈਂ ਬਨ, ਫੁੱਲ ਫਲ ਆਦਿਕ ਦਾ ਵੀ ਤਿਆਗ ਕਰਦਾ ਹੈ। ਕੀ ਹੁਣ ਮੈਂ ਸਰਬ ਤਿਆਗੀ ਹੋਇਆ ਹਾਂ? ਦੇਵ ਪੁੱਤਰ ਬੋਲਿਆ, ਇਹ ਸਭ ਤੈਥੋਂ ਸੁਤੰਤਰ ਹਨ ਇਨ੍ਹਾਂ ਵਿਚ ਤੇਰਾ ਕੁਝ ਨਹੀਂ। ਜੋ ਤੇਰਾ ਹੈ, ਤਿਆਗ ਕੇ ਸੁਖੀ ਹੋ। ਤਾਂ ਰਾਜਾ ਮਿਰਗ ਛਾਲਾ, ਕੁਟੀਆ, ਕਮੰਡਲ, ਮਾਲਾ, ਸੋਟੀ ਤੇ ਆਸਣ ਦਾ ਵੀ ਤਿਆਗ ਕਰ ਕੇ ਆਖਣ ਲੱਗਾ ਕਿ ਲਉ ਹੁਣ ਤਾਂ ਮੈਂ ਸਰਬ-ਤਿਆਗੀ ਹੋ ਗਿਆ ਹਾਂ। ਪਰ ਦੇਵ ਪੁੱਤਰ ਬੋਲਿਆ, ਰਾਜਨ, ਇਨ੍ਹਾਂ ਵਿਚ ਵੀ ਤੇਰਾ ਕੁਝ ਨਹੀਂ। ਕੁਟੀਆ ਮਿਟੀ ਦੀ ਹੈ, ਕਮੰਡਲ, ਮਾਲਾ ਤੇ ਸੋਟੀ ਕਾਠ ਦੀਆਂ ਹਨ, ਆਸਣ ਭੇਡ ਦੀ ਉਨ ਦਾ ਹੈ। ਜੋ ਤੇਰਾ ਹੈ ਸੋ ਤਿਆਗ ਕੇ ਅਭੈ ਪਦ ਵਿਚ ਇਸਥਿਤ ਹੋ। ਪਦ ਵਿਚ ਇਸਥਿਤ ਹੋ। ਰਾਜਾ ਬੋਲਿਆ, ਹੇ ਭਗਵਾਨ, ਹੁਣ ਤਾਂ ਮੇਰੇ ਪਾਸ ਹੋਰ ਕੁਝ ਨਹੀਂ, ਨੰਗ ਮਲੰਗ ਤੁਹਾਡੇ ਸਾਮ੍ਹਣੇ ਖੜ੍ਹਾਂ ਹਾਂ। ਕੇਵਲ ਲਹੂ ਮਾਸ ਦੀ ਦੇਹ ਹੀ ਬਾਕੀ ਹੈ। ਜੇ ਆਖੋ ਤਾਂ ਇਸ ਨੂੰ ਵੀ ਅੱਗ ਵਿਚ ਸਾੜ ਕੇ ਸਵਾਹ ਕਰ ਦਿਆਂ। ਦੱਸੋਂ ਹੁਣ ਮੇਰਾ ਕੀ ਰਹਿ ਗਿਆ ਹੈ, ਜੋ ਤਿਆਗਾਂ? ਇਹ ਆਖ ਕੇ ਅਗਨ ਵਲ ਦੌੜਿਆ, ਪਰ ਕੁੰਭਜ ਨੇ ਰੋਕ ਲਿਆ ਅਰ ਕਿਹਾ ਕਿ ਸਰੀਰ ਤਿਆਗਣ ਨਾਲ ਕੁਝ ਨਹੀਂ ਸੰਵਰਨਾ, ਜੋ ਸਰਬ ਦੁੱਖਾਂ ਦਾ ਕਾਰਨ ਹੈ, ਉਸ ਦਾ ਤਿਆਗ ਕਰ। ਰਾਜਾ ਬੋਲਿਆ, ਹੇ ਪਰਸ਼ੋਤਮ, ਉਹ ਕਿਹੜੀ ਸ਼ੈ ਹੈ, ਜਿਸ ਦੇ ਤਿਆਗਣ ਨਾਲ, ਬਿਰਧ ਅਵਸਥਾ ਤੇ ਮੌਤ ਦਾ ਡਰ ਨਵਿਰਤ ਹੋ ਜਾਂਦਾ ਹੈ ਅਰ ਨਿਰਵਾਨ ਪਦ ਦੀ ਪ੍ਰਾਪਤੀ ਹੁੰਦੀ ਹੈ? ਕੁੰਭਜ ਨੇ ਕਿਹਾ, ਰਾਜਨ, ਤੂੰ ਚਿੱਤ ਦਾ ਤਿਆਗ ਕਰ। ਇਸ ਦੇ ਤਿਆਗਣ ਨਾਲ, ਤੇਰਾ ਸਰਬ ਤਿਆਗ ਸਿੱਧ ਹੋਵੇਗਾ ਅਰ ਤੂੰ ਤਿਆਗ ਰੂਪੀ ਅੰਮ੍ਰਿਤ ਦਵਾਰਾ ਅਮਰ ਹੋ ਜਾਏਂਗਾ, ਪਰ ਜਦ ਤੱਕ ਚਿੱਤ ਦਾ ਤਿਆਗ ਨਾ ਕਰੇਂਗਾ, ਤਦ ਤਦ ਜਨਮ ਮਰਨ ਦੇ ਗੇੜਾਂ ਵਿਚ ਭੰਬਲ ਭੂਸੇ ਖਾਂਦਾ ਫਿਰੇਂਗਾ। ਚਿੱਤ ਦਾ ਤਿਆਗ ਕਰਨ ਨਾਲ ਰਾਗ ਦ੍ਵੈਸ਼ ਮਿਟ ਜਾਂਦੇ ਹਨ। ਚਿੱਤ, ਮਨ, ਜੀਵ, ਅਹੰਕਾਰ, ਮਾਇਆ ਆਦਿਕ ਚਿੱਤ ਦੇ ਹੀ ਨਾਮ ਹਨ। ਅਰ ਇਸ ਦਾ ਤਿਆਗਣਾ ਇਹੋ ਹੈ ਕਿ ਇਸ ਨੂੰ ਵਸ ਕੀਤਾ ਜਾਏ। ਹੇ ਰਾਜਾ! ਆਪਣੇ ਐਸ਼ਵਰਜ ਨੂੰ ਤਿਆਗਣ, ਅਰ ਭਿਛਿਆ ਮੰਗਣ ਨਾਲ ਚਿੱਤ ਵਸ ਵਿਚ ਨਹੀਂ ਹੁੰਦਾ। **ਚਿੱਤ ਤਦ ਹੀ ਵਸ ਹੁੰਦਾ ਹੈ, ਜਦ ਪੁਰਸ਼ ਵਾਸ਼ਨਾ ਰਹਿਤ ਹੋ ਜਾਏ। ਜਦ ਤਦ ਚਿੱਤ ਵਿਚ ਫੁਰਨਾ ਹੈ, ਤਦ ਤਕ ਸਰਬ ਤਿਆਗ ਸਿੱਧ ਨਹੀਂ ਹੁੰਦਾ। ਜਦ ਫੁਰਨਾ ਨਵਿਤਰ ਹੋ ਜਾਂਦਾ ਹੈ, ਤਦ ਚਿੱਤ ਦਾ ਤਿਆਗ ਹੁੰਦਾ ਹੈ। ਕਿਉਂ ਜੋ ਤਿਆਗ ਦਾ ਅਭਿਮਾਨ ਤਦ ਹੀ ਮਿਟਦਾ ਹੈ**, ਜਦ ਚਿੱਤ ਫੁਰਨਾ ਰਹਿਤ ਹੋ ਜਾਏ। ਹੇ ਰਾਜਨ, ਜਦ ਤੂੰ ਵਾਸ਼ਨਾ ਰਹਿਤ ਹੋ ਜਾਏਂਗਾ, ਤਦ ਆਪਣੇ ਸਰੂਪ ਵਿਚ ਅਸਥਿਤ ਹੋਵੇਂਗਾ। ਤਦ ਜਾਣੇਂਗਾ ਕਿ ਸਭ ਦਾ ਆਤਮਾ ਮੈਂ ਹੀ ਹਾਂ, ਜਿਸ ਨੇ ਸਰਬ ਨੂੰ ਧਾਰਨ ਕੀਤਾ ਹੋਇਆ ਹੈ। ਅਰ ਭੂਤ, ਭਵਿਸ਼, ਵਰਤਮਾਨ ਵੀ ਮੇਰੇ ਹੀ ਆਸਰੇ ਹਨ। ਰਾਜਨ! ਜਿਸ ਤਰ੍ਹਾਂ ਬੀਜ ਦੇ ਸੜਨ ਨਾਲ, ਬ੍ਰਿਛ ਦਾ ਵੀ ਅਭਾਵ ਹੋ ਜਾਂਦਾ ਹੈ, ਇਕੁਰ ਹੀ ਵਾਸ਼ਨਾ ਦੇ ਅਭਾਵ ਨਾਲ ਸੰਸਾਰ ਦਾ ਵੀ ਅਭਾਵ ਹੋ ਜਾਂਦਾ ਹੈ।

ਵਸ਼ਿਸ਼ਟ ਜੀ ਬੋਲੇ, ਹੇ ਰਾਮ ਜੀ! ਜਦ ਕੁੰਭਜ ਨੇ ਰਾਜਾ ਸ਼ਿਖਰਧ੍ਵਜ ਨੂੰ ਦੱਸਿਆ ਕਿ ਚਿੱਤ ਦਾ ਤਿਆਗਣਾ ਹੀ ਸਰਬ ਦਾ ਤਿਆਗ ਕਰਨਾ ਹੈ, ਤਾਂ ਰਾਜੇ ਨੇ ਪੁਛਿਆ ਕਿ ਹੇ ਤ੍ਰਿਕਾਲ-ਦਰਸ਼ੀ, ਮੈਂ ਚਿੱਤ ਨੂੰ ਕਿਸ ਤਰ੍ਹਾਂ ਸਥਿਰ ਕਰਾਂ? ਮੈਂ ਤਾਂ ਹਰ ਪ੍ਰਕਾਰ ਦੇ ਯਤਨ ਕਰ ਚੁੱਕਾ ਹਾਂ, ਪਰ

(ਬਾਕੀ ਪੰਨਾ 54 ਤੇ)

## ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਦਾ ਵੇਰਵਾ

*(ਲੜੀ ਜੋੜਨ ਲਈ ਵੇਖੋ ਨਵੰਬਰ ਅੰਕ, ਪੰਨਾ – )*

**ਪ੍ਰਸ਼ਨ - ਬਾਬਾ ਜੀ! ਇਹ ਵੀ ਦੱਸਣ ਦੀ ਕ੍ਰਿਪਾਲਤਾ ਕਰਨੀ, ਅੱਜਕੱਲ੍ਹ ਸੰਤ ਸ਼ਬਦ ਲੱਗਣ ਤੋਂ ਬਿਨਾਂ ਕਈ ਵਾਰੀ 108, 1008 ਵੀ ਲਗਾਇਆ ਹੁੰਦਾ ਹੈ, ਇਸ ਦਾ ਕੀ ਭਾਵ ਹੁੰਦਾ ਹੈ?**

**ਉਤਰ** - ਉਹ ਅਦਬ ਵਾਸਤੇ ਹੁੰਦਾ ਹੈ, ਜਿਵੇਂ ਆਪਾਂ ਲਿਖਦੇ ਹਾਂ ਵਾਰ-ਵਾਰ, ਵਾਰ ਲਿਖ ਕੇ 2 ਹਿੰਸਾ ਪਾ ਦਿਤਾ। ਜੇ ਦੱਸ ਵਾਰ ਲਿਖਣਾ ਹੋਵੇ ਤਾਂ 10 ਹਿੰਸਾ ਪਾ ਦੇਵਾਂਗੇ। ਸੋ 108 ਨੂੰ ਸੰਪੂਰਨ ਸਮਝਿਆ ਜਾਂਦਾ ਹੈ। ਕਿਉਂਕਿ ਮਾਇਆ ਦੇ ਮਣਕੇ 108 ਹੁੰਦੇ ਨੇ। ਸੋ ਉਹ ਜਦੋਂ ਸ੍ਰੀ ਕਹਿੰਦੇ ਨੇ, ਤਾਂ ਸ੍ਰੀ ਸ੍ਰੀ ਸ੍ਰੀ ਸ੍ਰੀ, 108 ਵਾਰ ਕਹਿਣ ਦੀ ਬਿਜਾਏ। ਸ੍ਰੀ 108 ਪਾ ਦਿੰਦੇ ਨੇ। ਇਹ ਕੋਈ ਐਸਾ ਅੱਖਰ ਨਹੀਂ ਹੈ, ਇਹ ਕੇਵਲ ਆਪਣੀ ਸ਼ਰਧਾ ਦਾ ਪ੍ਰਤੀਕ ਹੋਣ ਕਰਕੇ ਕਿਸੇ ਨੇ ਲਿਖਿਆ ਹੋਣਾ ਹੈ। ਹੁਣ ਇਹ ਰਿਵਾਜ ਬਣ ਗਿਆ। ਕਈ ਵਾਰੀ ਲਿਖਣ ਵਾਲੇ ਨੂੰ ਵੀ ਨਹੀਂ ਪਤਾ ਹੁੰਦਾ ਕਿ ਇਹਦਾ ਮਤਲਬ ਕੀ ਹੈ। ਸੋ ਕੋਈ 1008 ਲਿਖਦੇ ਹੈ, ਕੋਈ ਇਕ ਹਜ਼ਾਰ 11 ਲਿਖਦਾ ਹੈ। ਕੋਈ ਹੋਰ ਆ ਜਾਏਗਾ ਉਹਨੇ ਇਕ ਲੱਖ ਲਿਖ ਦੇਣਾ ਹੈ। ਇਹਦੇ ਵਿਚ ਸ੍ਰੀ ਨੂੰ ਗੁਣਾ ਕੀਤਾ ਗਿਆ ਹੈ।

**ਪ੍ਰਸ਼ਨ - ਬਾਬਾ ਜੀ ਗੁਰਮਤਿ ਪ੍ਰਚਾਰ ਦੇ ਨਾਲ ਆਪ ਜੀ ਅੰਮ੍ਰਿਤ ਸੰਚਾਰ ਵੀ ਕਰਦੇ ਹੋ, ਹੁਣ ਤੱਕ ਕਿੰਨੇ ਕੁ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਚੁੱਕੇ ਹੋ।**

**ਉਤਰ** - ਜਦੋਂ ਤੋਂ ਮੈਂ ਪੰਜਾਬ ਵਿਚ ਆਇਆ ਹਾਂ, ਆਪਣਾ ਫਾਰਮ ਵੇਚ ਕੇ, ਉਸ ਵੇਲੇ ਤੋਂ ਮੈਂ ਇਥੇ ਆ ਕੇ ਅੰਮ੍ਰਿਤ ਪ੍ਰਚਾਰ ਸ਼ੁਰੂ ਕੀਤਾ ਹੈ। 1978 ਵਿਚ ਆਪਣਾ ਫਾਰਮ ਵੇਚਿਆ ਸੀ। 1980 ਤੱਕ ਮੈਂ ਪੂਰੀ ਤਰ੍ਹਾਂ ਨਾਲ ਲਗ ਗਿਆ ਸੀ ਪਿੰਡ-ਪਿੰਡ ਜਾਣ। 1980 ਤੋਂ ਲੈ ਹੁਣ ਤੱਕ ਤਿੰਨ ਲੱਖ 90 ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਹੈ। ਪਹਿਲਾਂ ਅਸੀਂ ਰਜਿਸਟਰ ਵਿਚ ਹਰ ਇਕ ਦਾ ਪਤਾ, ਪੇਸ਼ਾ ਆਦਿ ਸਭ ਲਿਖਦੇ ਸੀ। ਪਰ 1984 ਵਿਚ ਜਦੋਂ ਦਮਨ ਚੱਕਰ ਚੱਲਿਆ ਤਾਂ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਹੁੰਦਾ, ਉਨ੍ਹਾਂ ਨੂੰ ਪਹਿਲਾਂ ਟੋਲ੍ਹਦੇ ਸੀ। ਉਸ ਵੇਲੇ ਇਹ ਸੀ ਕਿ ਜੇ ਸਾਡਾ ਕਿਤੇ ਰਜਿਸਟਰ ਮਿਲ ਜਾਂਦਾ, ਤਾਂ ਪਤਾ ਨਹੀਂ ਵਿਚਾਰਿਆਂ ਤੇ ਖਾਹਮਖਾਹ ਕਿੰਨਾ ਕੁ ਸੰਤਾਪ ਆ ਜਾਂਦਾ। ਉਸ ਵੇਲੇ ਤੋਂ ਅਸੀਂ ਲਿਖਣਾ ਬੰਦ ਕਰ ਦਿਤਾ। ਗਿਣਤੀ ਲਿਖਣੀ ਸ਼ੁਰੂ ਕਰ ਦਿਤੀ। ਉਹਦੇ ਵਿਚ ਅਸੀਂ ਨਿਰੰਤਰ ਧਿਆਨ ਰਖਦੇ ਸਾਂ ਕਿ ਪ੍ਰਾਣੀ ਗਿਰ ਨਾ ਜਾਵੇ। ਨਿੱਜੀ

ਸੰਪਰਕ ਨਿਰੰਤਰ ਧਿਆਨ ਰਖਦੇ ਹਾਂ। ਅਸੀਂ ਫੇਰ ਵੀ ਅਸੀਂ ਬੁਲਾਉਂਦੇ ਹਾਂ। ਉਹ ਸਾਡੇ ਨਿੱਜੀ ਸੰਪਰਕ ਹੀ ਨੇ ਜਿਹਦੇ ਕਰਕੇ ਐਡੇ ਵੱਡੇ-ਵੱਡੇ ਇਕੱਠ ਹੁੰਦੇ ਨੇ। ਅਸੀਂ ਉਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕਰਦੇ। ਉਸ ਪਿੰਡ ਵਿਚ ਫੇਰ ਜਾਂਦੇ ਹਾਂ, ਫੇਰ ਜਾਂਦੇ ਹਾਂ, ਫੇਰ ਜਾਂਦੇ ਹਾਂ। ਸੋ ਇਸ ਕਰਕੇ ਅਸੀਂ ਗੁਰੂ ਵਾਲੇ ਬਣਾਉਂਦੇ ਹਾਂ ਸਾਰਿਆਂ ਨੂੰ ਕਿ ਗੁਰੂ ਵਾਲੇ ਬਣ ਕੇ ਆਪਣੇ ਜੀਵਨ ਨੂੰ ਸਫਲ ਕਰਨ।

ਪ੍ਰਸ਼ਨ – ਜਿਸ ਤਰ੍ਹਾਂ ਅੱਜਕਲ੍ਹ ਪੇਪਰ ਦੇ ਵਿਚ ਅਕਾਲ ਤਖਤ ਦੇ ਜਥੇਦਾਰ ਜੀ ਨੇ ਦਿਤਾ ਹੈ ਕਿ 1999 ਤੱਕ ਸਾਰੇ ਖਾਲਸਾ ਪੰਥ ਨੂੰ ਅੰਮ੍ਰਿਤ ਧਾਰੀ ਸਜਾਉਣਾ ਹੈ, ਜਿੰਨੇ ਵੀ ਮਹਾਂਪੁਰਸ਼ ਵਿਦੇਸ਼ਾਂ ਦੇ ਵਿਚ ਆਉਂਦੇ ਹਨ, ਜਿਸ ਤਰ੍ਹਾਂ ਤੁਸੀਂ ਵੀ ਦੱਸਿਆ ਹੈ ਕਿ ਤਿੰਨ ਲੱਖ ਨੱਬੇ ਹਜ਼ਾਰ ਨੂੰ ਅੱਜ ਤੱਕ ਅੰਮ੍ਰਿਤ ਛਕਾਇਆ ਹੈ। ਘੱਟੋ-ਘੱਟ ਹਜ਼ਾਰ ਕੁ ਮਹਾਤਮਾ ਜਿਨ੍ਹਾਂ ਦਾ ਜ਼ਿਕਰ ਇਸ ਵੇਲੇ ਹੋ ਰਿਹਾ ਹੈ ਪੰਜਾਬ ਦੇ ਵਿਚ, ਹੈ ਨੇ। ਜੇ ਉਨ੍ਹਾਂ ਨੂੰ ਵੀ ਗਿਣਤੀ ਪੁਛੀਏ, ਉਹ ਵੀ ਲੱਖਾਂ ਦੇ ਹਿਸਾਬ ਨਾਲ ਦੱਸਦੇ ਹਨ, ਲੇਕਿਨ ਜੇ ਪੰਜਾਬ ਦੇ ਵਿਚ, ਦੇਸ਼ਾਂ ਦੇ ਵਿਚ ਨਜ਼ਰ ਮਾਰੀਏ ਤਾਂ ਸਾਨੂੰ ਬਹੁਤ ਘੱਟ ਗਿਣਤੀ ਦੇ ਵਿਚ ਅੰਮ੍ਰਿਤਧਾਰੀ ਨਜ਼ਰ ਆਉਂਦੇ ਹਨ। ਐਸਾ ਕਿਉਂ ਹੈ?

ਉਤਰ – ਇਹਦੇ ਬਾਰੇ ਮੈਂ ਕੁਛ ਕਹਿਣਾ ਨਹੀਂ ਚਾਹੁੰਦਾ। ਜਾਣਦਾ ਮੈਂ ਸਭ ਕੁਛ ਹਾਂ ਪਰ ਕਹਿ ਨਹੀਂ ਸਕਦਾ। ਪਰ ਜਿਸ ਰਸਤੇ ਉਤੇ ਅਸੀਂ ਚੱਲ ਰਹੇ ਹਾਂ, ਉਹ ਜਿਵੇਂ ਤੁਸੀਂ ਸੁਣ ਰਹੇ ਹੋ, ਉਵੇਂ ਅਸੀਂ ਸੁਣ ਰਹੇ ਹਾਂ। ਕਿਉਂਕਿ ਜੇ ਮੈਂ ਗੱਲ ਕਹੀ ਇਹ ਸੱਚੀ ਗੱਲ ਹੋ ਜਾਣੀ ਹੈ। ਫੇਰ ਐਵੇਂ ਮੈਂ ਕੋਈ ਖਾਹਮਖਾਹ ਕੋਈ ਨਵਾਂ ਪੁਆੜਾ ਖੜ੍ਹਾ ਕਰ ਲਵਾਂਗਾ।

**ਪ੍ਰਸ਼ਨ - ਅਨੰਦਪੁਰ ਸਾਹਿਬ ਤੋਂ ਰਤਵਾੜਾ ਸਾਹਿਬ ਕਿੰਨੀ ਕੁ ਦੂਰ ਹੈ?**

**ਉਤਰ** - 65 ਕਿਲੋਮੀਟਰ ਹੈ।

**ਪ੍ਰਸ਼ਨ - ਜਦੋਂ ਤੁਸੀਂ ਅੰਮ੍ਰਿਤ ਸੰਚਾਰ ਕਰਦੇ ਹੋਂ, ਰਤਵਾੜਾ ਸਾਹਿਬ ਕਰਦੇ ਹੋਂ ਕਿ ਅਨੰਦਪੁਰ ਸਾਹਿਬ ਕਰਦੇ ਹੋ?**

**ਉਤਰ** - ਅਸੀਂ ਅੰਮ੍ਰਿਤ ਸੰਚਾਰ ਉਥੇ ਕਰਦੇ ਹਾਂ ਜਿਥੇ ਦੀਵਾਨ ਲਾਉਂਦੇ ਹਾਂ। ਜਿਵੇਂ ਕਿ ਸਾਡੇ ਦੀਵਾਨ ਮਾਝੇ ਵਿਚ ਲੱਗੇ, ਭੱਟੀ 'ਚ ਲਾਏ, ਨਾਗੋ ਕੇ ਲਾਏ, ਖਡੂਰ ਸਾਹਿਬ ਲਾਏ, ਹਰ ਪੰਜਵੇਂ ਦਿਨ ਦੇ ਦੀਵਾਨ ਤੋਂ ਬਾਅਦ ਅਸੀਂ ਅੰਮ੍ਰਿਤ ਸੰਚਾਰ ਕਰਦੇ ਹਾਂ। ਰਤਵਾੜਾ ਸਾਹਿਬ ਪੂਰਨਮਾਸ਼ੀ ਵਾਲੇ ਦਿਨ ਜਿਹੜੇ ਲੋਕ ਰਹਿ ਜਾਂਦੇ ਨੇ, ਨਹੀਂ ਆ ਸਕਦੇ, ਉਹ ਫੇਰ ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤ ਛਕ ਲੈਂਦੇ ਹਨ।

**ਪ੍ਰਸ਼ਨ - ਜਿਵੇਂ ਕਿ ਅਖਬਾਰਾਂ ਦੇ ਵਿਚ ਆਮ ਸਿੱਖਾਂ ਵਿਚ ਵੀ ਇਹ ਗੱਲ ਪ੍ਰਚਲਤ ਹੋਈ ਹੈ ਕਿ ਇਹ ਅੰਮ੍ਰਿਤ ਏਸ ਜਥੇ ਦਾ, ਇਹ ਫਲਾਣੇ ਜਥੇ ਦਾ, ਇਸ ਤਰ੍ਹਾਂ ਕਿਉਂ ਨਹੀਂ ਕੋਈ ਕਹਿੰਦਾ ਕਿ ਇਹ ਅੰਮ੍ਰਿਤ ਗੁਰੂ ਸਾਹਿਬ ਦਾ?**

**ਉਤਰ** - ਸਾਡਾ ਤਾਂ ਇਸ ਤਰ੍ਹਾਂ ਦਾ ਖਿਆਲ ਹੀ ਨਹੀਂ ਕੋਈ। ਸਾਡਾ ਤਾਂ ਇਕੋ ਹੀ ਮੰਤਵ ਹੈ ਕਿ ਗੁਰੂ ਧਾਰਨ ਕਰਨਾ ਹੈ ਜੋ ਗੁਰਸਿੱਖੀ ਵਿਚ ਮਰਿਆਦਾ ਹੈ, ਉਹ ਇਹੀ ਹੈ ਕਿ ਜਦੋਂ ਤੱਕ ਅਸੀਂ ਪੰਜ ਪਿਆਰਿਆਂ ਤੋਂ ਮੰਤਰ ਨਹੀਂ ਲੈਂਦੇ ਤੇ ਅੰਮ੍ਰਿਤਧਾਰੀ ਨਹੀਂ ਹੁੰਦੇ ਓਨਾਂ ਚਿਰ ਸਾਡਾ ਗੁਰੂ ਗ੍ਰੰਥ ਸਾਹਿਬ ਨਾਲ ਸਬੰਧ ਨਹੀਂ ਪੈਂਦਾ। ਭਾਵੇਂ ਮੱਥੇ ਟੇਕੀ ਜਾਓ, ਪੂਜਾ ਕਰੀ ਜਾਓ, ਜਦ ਤੱਕ ਮੰਤਰ ਨਹੀਂ ਲਿਆ, ਓਨੀ ਦੇਰ ਤੱਕ ਸਬੰਧ ਨਹੀਂ ਜੁੜ ਸਕਦਾ। ਸਾਨੂੰ ਇਹ ਕੋਈ ਪਤਾ ਨਹੀਂ ਕਿ ਕਿਹੜਾ ਅੰਮ੍ਰਿਤ ਹੈ। ਜੋ ਅੰਮ੍ਰਿਤ ਦੀ ਮਰਿਆਦਾ ਲਿਖੀ ਹੋਈ ਹੈ, ਜੋ ਮਹਾਂਪੁਰਸ਼ਾਂ ਤੋਂ, ਭਾਈ ਦਇਆ ਸਿੰਘ ਜੀ ਤੋਂ ਚਲਦੀ ਆਈ ਹੈ ਤੇ ਸੀਨੇ-ਬ-ਸੀਨੇ ਸਾਡੇ ਤੱਕ ਪਹੁੰਚੀ ਹੈ। ਅਸੀਂ ਉਸ ਤਰ੍ਹਾਂ ਨਾਲ ਅੰਮ੍ਰਿਤ ਛਕਾਉਂਦੇ ਹਾਂ। ਸਾਨੂੰ ਕੋਈ ਪਤਾ ਨਹੀਂ ਕਿ ਕਿਹੜਾ ਕਿਹਦਾ ਅੰਮ੍ਰਿਤ ਹੈ, ਕਿਹੜਾ ਕਿਹਦਾ। ਨਾ ਕਦੇ ਸੁਣਿਆ ਹੈ ਨਾ ਕਦੇ ਧਿਆਨ ਦਿਤਾ ਹੈ।

**ਪ੍ਰਸ਼ਨ - ਆਪ ਜੀ ਦੇ ਬਾਲ ਬੱਚੇ ਕਿਥੇ ਹਨ ਅਤੇ ਕੀ ਕਰ ਰਹੇ ਹਨ?**

**ਉਤਰ** - ਬਚਪਨ ਤੋਂ ਹੀ ਮੈਂ ਪਰਿਵਾਰ ਵਲੋਂ ਥੋੜ੍ਹਾ ਜਿਹਾ ਗਾਫਲ ਰਿਹਾ ਹਾਂ। ਬੱਚੇ ਆਪੇ ਹੀ ਪੜ੍ਹੇ ਨੇ, ਵੱਡਾ ਲੜਕਾ ਜਿਹੜਾ ਹੈ ਉਹਨੂੰ ਗੋਲਡ ਮੈਡਲ ਮਿਲਿਆ ਹੈ, ਉਹਨੇ ਐਮ.ਏ. ਇੰਜਨੀਰਿੰਗ ਦੀ ਕੀਤੀ ਹੈ। ਅਮਰੀਕਾ ਦੇ ਵਿਚ ਆਪਣਾ ਕੰਮ ਕਰ ਰਿਹਾ ਹੈ। ਦੂਜਾ ਜਿਹੜਾ ਹੈ ਉਹ ਕਿਸੇ ਵੱਡੀ ਅਮਰੀਕਨ ਇੰਡਸਟਰੀ ਦੇ ਵਿਚ ਮੈਨੇਜਰ ਲੱਗਿਆ ਹੋਇਆਂ ਹੈ। ਤੀਸਰੀ ਜਿਹੜੀ ਲੜਕੀ ਹੈ ਉਹਦਾ ਹਸਬੈਂਡ ਵੀ ਇੰਜੀਨੀਅਰ ਹੈ, ਉਹਦੇ ਆਪਣੇ ਸਟੋਰ ਨੇ। ਇਕ ਲੜਕੀ ਸਾਡੀ ਇੰਗਲੈਂਡ ਦੇ ਵਿਚ ਹੈ। ਨਾ ਉਹ ਸਾਡੇ ਤੋਂ ਕੁਛ ਮੰਗਦੇ ਨੇ ਨਾ ਅਸੀਂ ਉਨ੍ਹਾਂ ਨੂੰ ਕੁਛ ਦਿੰਦੇ ਹਾਂ। ਸਾਡੇ ਕੋਲ ਆਪਣੀ ਆਮਦਨ ਹੈ, ਫਾਰਮ ਅਸੀਂ ਵੇਚਿਆ ਹੈ। ਮੇਰਾ ਤਾਂ ਕਈ ਵਾਰੀ ਖਿਆਲ ਆਉਂਦਾ ਹੈ ਕਿ ਮੈਂ ਸਾਰੀ ਜਾਇਦਾਦ ਟਰੱਸਟ ਨੂੰ ਦੇ ਦੇਵਾਂ। ਫੇਰ ਆ ਜਾਂਦਾ ਹੈ ਕਿ ਮੈਂ ਇਕ ਬਾਪ ਵੀ ਹਾਂ, ਮੇਰੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਮੈਂ ਐਸਾ ਕਦਮ ਨਾ ਚੁਕਾਂ। ਪਿਤਾ ਦੀ ਜਿਹੜੀ ਡਿਊਟੀ ਹੈ ਉਹਦੇ ਮੁਤਾਬਿਕ ਮੈਂ ਬੱਚਿਆਂ ਦੀ ਜਾਇਦਾਦ, ਬੱਚਿਆਂ ਦੀ ਰਹਿਣ ਦੇਵਾਂ।

ਟਰੱਸਟ ਦੀ ਆਪਣੀ ਅਲੱਗ ਚਲ ਰਹੀ ਹੈ, ਉਹਦੇ ਬੱਚੇ ਮੇਰੇ ਬੇਅੰਤ ਨੇ ਜਿਹੜੇ ਮੇਰਾ ਸਾਥ ਦਿੰਦੇ ਨੇ।

**ਪ੍ਰਸ਼ਨ - ਬਾਬਾ ਜੀ, ਜਿਵੇਂ ਅੱਜਕਲ੍ਹ ਪੰਜਾਬ ਦੇ ਵਿਚ ਜਿਥੇ ਵੀ ਆਪਾਂ ਧਾਰਮਿਕ ਅਸਥਾਨ ਤੇ ਜਾਂਦੇ ਹਾਂ ਉਥੇ ਗੁਰੂ ਕੇ ਲੰਗਰ ਦੀ ਜੋ ਮਰਿਆਦਾ ਹੈ ਉਹ ਥੱਲੇ ਪੰਗਤ ਦੇ ਵਿਚ ਬੈਠ ਕੇ ਹੀ ਹੈ ਲੇਕਿਨ ਵਿਦੇਸ਼ਾਂ ਦੇ ਵਿਚ ਇਹ ਮਸਲਾ ਬੜਾ ਗੁੰਝਲਦਾਰ ਬਣਿਆ ਹੋਇਆ ਹੈ। ਇਥੇ ਗੁਰਦੁਆਰਾ ਸਾਹਿਬਾਨਾਂ ਦੇ ਅੰਦਰ ਲੰਗਰ ਜਿਹੜਾ ਹੈ ਉਹ ਕੁਰਸੀਆਂ ਤੇ ਬੈਠ ਕੇ ਛਕਿਆ ਜਾਂਦਾ ਹੈ। ਇਹਦੇ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ।**

**ਉਤਰ** - ਇਹਦੇ ਬਾਰੇ ਮੈਂ ਕਦੇ ਸੋਚਿਆ ਹੀ ਨਹੀਂ। ਜਿਹੜੀਆਂ ਰਸਮਾਂ ਨੇ, ਧਾਰਮਿਕ ਕਰਮ ਨੇ ਜਿਥੇ ਖਤਮ ਹੁੰਦੇ ਨੇ ਉਸ ਤੋਂ ਅੱਗੇ ਅਸੀਂ ਸ਼ੁਰੂ ਕਰਦੇ ਹਾਂ। ਉਹਦੇ ਬਾਰੇ ਨਾ ਅਸੀਂ ਕੁਝ ਸੋਚਦੇ ਹਾਂ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦੀ ਸਹੂਲਤ ਹੈ। ਬੜੇ ਬੰਦੇ ਨੇ ਇਸ ਬਾਰੇ ਸੋਚਣ ਵਾਲੇ, ਬੜੇ ਬੰਦੇ ਨੇ ਗੱਲਾਂ ਕਰਨ ਵਾਲੇ, ਅਸੀਂ ਕਾਹਨੂੰ ਇਨ੍ਹਾਂ ਗੱਲਾਂ ਵਿਚ ਆਪਣਾ ਸਮਾਂ ਬਰਬਾਦ ਕਰੀਏ। ਸਾਡਾ ਜੋ ਵਰਤ ਵਿਹਾਰ ਹੈ ਉਹ ਇਹ ਹੈ ਜੋ ਹੇਠਲੀਆਂ ਗੱਲਾਂ ਨੇ ਉਹ ਅਸੀਂ ਸੋਚਦੇ ਹੀ ਨਹੀਂ। ਇਹ ਗੱਲ ਤਾਂ ਨਾ ਕਿਸੇ ਇਤਿਹਾਸ ਵਿਚ ਲਿਖੀ ਹੈ ਨਾ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੈ। ਇਹ ਵਿਹਾਰ ਦੀਆਂ ਗੱਲਾਂ ਨੇ ਜਿਵੇਂ ਕਿਸੇ ਨੂੰ ਚੰਗੀਆਂ ਲੱਗੀਆਂ ਉਵੇਂ ਚਲਾ ਦਿਤੀਆਂ। ਅਸੀਂ ਇਸ ਵਿਚ ਕੋਈ ਦਖਲ ਦੇਈਏ, ਬਿਆਨਬਾਜ਼ੀ ਕਰੀਏ, ਠੀਕ ਨਹੀਂ ਲਗਦਾ। ਮੈਨੂੰ ਤਾਂ ਕਦੇ ਇਨ੍ਹਾਂ ਗੱਲਾਂ ਦਾ ਖਿਆਲ ਹੀ ਨਹੀਂ ਆਇਆ। ਮੈਂ ਤਾਂ ਇਹੀ ਦੇਖਦਾ ਹਾਂ ਕਿ ਇਹ ਸੋਹਣੀਆਂ ਪੈਂਟਾਂ ਵਾਲੇ ਲੋਕ ਇਥੇ ਰਹਿੰਦੇ ਨੇ ਇਸ ਕਰਕੇ ਇਹ ਉਤੇ ਬੈਠ ਕੇ ਰੋਟੀ ਖਾ ਲੈਂਦੇ ਨੇ।

**ਪ੍ਰਸ਼ਨ - ਬਾਬਾ ਜੀ! ਜੇ ਇਹੀ ਬੰਦੇ ਕੱਲ੍ਹ ਨੂੰ ਕਹਿਣ ਲਗ ਜਾਣ ਕਿ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਵਿਚ ਅਸੀਂ ਕੁਰਸੀਆਂ ਤੇ ਬੈਠਣਾ ਹੈ ਫੇਰ?**

**ਉਤਰ** - ਇਹ ਗੱਲ ਆਪਣੀ ਸ਼ਰਧਾ ਦੀ ਪ੍ਰਤੀਕ ਹੈ। ਜਦੋਂ ਅਸੀਂ ਆਪਣਾ ਸਤਿਗੁਰੂ ਸਮਝਦੇ ਹਾਂ, ਸ਼ਰਧਾ ਦੇ ਨਾਲ ਉਸ ਨੂੰ ਸੁਪਰੀਮ ਸਮਝਦੇ ਹਾਂ। ਉਸ ਵੇਲੇ ਸਾਡੀ ਜਿਹੜੀ ਹੱਦ ਤੋਂ ਜ਼ਿਆਦਾ ਨਿਮਰਤਾ ਹੈ, ਝੁਕਣਾ ਹੈ, ਸਤਿਕਾਰ ਕਰਨਾ ਹੈ, ਉਹ ਸਾਡਾ ਫਰਜ਼ ਬਣ ਜਾਂਦਾ ਹੈ। ਹੁਣ ਮੈਂ ਕੁਰਸੀ ਤੇ ਬੈਠਾ ਹਾਂ ਤੁਸੀਂ ਸਾਰੇ ਥੱਲੇ ਬੈਠੇ ਹੋਂ। ਮੈਂ ਬੈਠਾ ਹਾਂ ਇਸ ਕਰਕੇ ਕਿ ਜੇ ਮੈਂ ਸਾਰਾ ਦਿਨ ਬੈਠਾਂ ਮੈਂ ਥੱਕ ਜਾਂਦਾ ਹਾਂ। ਮੈਂ ਇਸ ਕਰਕੇ ਨਹੀਂ ਬਹਿੰਦਾ ਕਿ ਮੈਨੂੰ ਕੋਈ ਇਸ ਦਾ ਖਿਆਲ ਹੈ। ਜੇ ਮੈਂ ਬਹਿ ਵੀ ਜਾਂਦਾ ਹਾਂ ਕਿ ਮੇਰੇ ਆਲੇ-ਦੁਆਲੇ ਲੋਕ ਐਨੇ ਇਕੱਠੇ ਹੋ ਜਾਂਦੇ ਨੇ ਉਨ੍ਹਾਂ ਦੇ ਸਾਹ ਮੈਨੂੰ ਆਉਣ ਲਗ ਜਾਂਦੇ ਨੇ ਤੇ ਮੈਂ ਕਈ ਵਾਰੀ ਬਿਮਾਰ ਹੋ ਚੁੱਕਿਆ ਹਾਂ। ਸੋ ਮੈਂ ਇਹ ਕਹਿੰਦਾ ਹਾਂ ਕਿ ਮੈਂ ਤਾਂ ਬੈਠਾ ਹੀ ਹਾਂ। ਜੇ ਹੋਰ ਕੁਰਸੀਆਂ ਡਾਹ ਲਈਏ ਫੇਰ ਬਹੁਤਿਆਂ ਲਈ ਥਾਂ ਨਹੀਂ ਰਹਿਣਾ। ਆਪਾਂ ਰਲ ਮਿਲਕੇ ਗੁਜ਼ਾਰਾ ਕਰ ਲਓ, ਤੁਸੀਂ ਸਾਡੇ ਬੱਚੇ ਹੋ, ਫੇਰ ਵੀ ਅਸੀਂ ਵੱਡੇ ਹਾਂ, ਚਲੋ ਥੱਲੇ ਬਹਿ ਗਏ ਤਾਂ ਕੀ ਫਰਕ ਪੈ ਗਿਆ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਦੀ ਜੋ ਸ਼ਰਧਾ, ਸਤਿਕਾਰ ਬਣਦਾ ਹੈ, ਉਹ ਇਹ ਬਣਦਾ ਹੈ ਕਿ ਅਸੀਂ ਕਦੇ ਵੀ ਉਨ੍ਹਾਂ ਦੇ ਨਾਲ ਉਚਾ ਨਹੀਂ ਬੈਠਣਾ ਅਸੀਂ ਨੀਵਾਂ ਬੈਠਣਾ ਹੈ। ਭਾਵੇਂ ਈਸਾਈ ਲੋਕ ਇਸ ਤਰ੍ਹਾਂ ਹੀ ਕਰਦੇ ਨੇ। ਉਨ੍ਹਾਂ ਦੀ ਰਹੁ-ਰੀਤ ਹੀ ਐਸੀ ਸੀ ਮੁੱਢ ਤੋਂ। ਸਾਡੀ ਰਹੁ-ਰੀਤ ਵਿਚ ਇਹ ਸੀ ਕਿ ਨਿਮਰਤਾ ਹੱਦ ਤੋਂ ਜ਼ਿਆਦਾ ਹੋਵੇ, ਅਸੀਂ ਭੁੰਝੇ ਨਹੀਂ ਬਹਿੰਦੇ, ਕਪੜੇ ਤੇ ਵੀ ਨਹੀਂ ਬਹਿੰਦੇ ਉਹ ਵੀ ਛੱਡ ਦਿੰਦੇ ਹਾਂ ਕਿ ਹੋਰ ਜਿਥੇ ਥਾਉਂ ਹੈ ਉਥੇ ਬੈਠੀਏ। ਇਹ ਰਿਸ਼ਤਾ ਗੁਰੂ ਦੇ ਨਾਲ ਸ਼ਰਧਾ ਵਾਲਾ ਹੈ। ਕੁਰਸੀਆਂ ਦੀ ਗੱਲ ਜਿਸ ਵਕਤ ਆ ਜਾਏਗੀ ਉਸ ਵਕਤ ਸਿੱਖੀ ਜਿਹੜੀ ਹੈ ਉਪਰਲੀ-ਉਪਰਲੀ ਰਹਿ ਜਾਏਗੀ। ਸ਼ਰਧਾ ਇਹਦੇ ਵਿਚੋਂ ਉਡ ਜਾਵੇਗੀ। ਸੋ ਸ਼ਰਧਾ ਵਾਸਤੇ ਸਾਨੂੰ ਪੂਰਾ ਸਤਿਕਾਰ ਦੇਣਾ ਪੈਣਾ ਹੈ ਤੇ ਉਨ੍ਹਾਂ ਨੂੰ ਉਚੇ ਥਾਉਂ ਰੱਖਣਾ ਹੈ।

**ਪ੍ਰਸ਼ਨ - ਬਾਬਾ ਜੀ! ਵੱਧ ਘੱਟ ਪੁੱਛੇ ਗਏ ਸਵਾਲਾਂ ਦੇ ਲਈ ਮਾਫੀ ਬਖਸ਼ਣੀ। ਅਗਲਾ ਪ੍ਰਸ਼ਨ ਇਹ ਹੈ ਕਿ ਕੁਝ ਪ੍ਰੇਮੀਆਂ ਤੋਂ ਸੁਣਿਆ ਹੋਇਆ ਹੈ ਕਿ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਕਦੀ-ਕਦੀ ਇਹ ਬਚਨ ਕਰਿਆ ਕਰਦੇ ਸਨ ਕਿ ਖਾਲਸੇ ਦਾ ਰਾਜ ਜਲਦੀ ਹੋਵੇਗਾ, ਪਰੰਤੂ ਪਿਛਲੇ ਦਹਾਕੇ ਵਿਚ ਜੋ ਖੂਨ ਦੀ ਹਾਨੀ ਹੋਈ ਹੈ, ਅਜਿਹਾ ਤਾਂ ਮੁਗਲਾਂ ਜਾਂ ਅੰਗਰੇਜ਼ਾਂ ਦੇ ਸਮੇਂ ਵੀ ਨਹੀਂ ਸੀ ਹੋਇਆ। ਮਹਾਂਪੁਰਸ਼ਾਂ ਦੇ ਬਚਨ ਕਦੋਂ ਸਤਿ ਹੋਣਗੇ? ਆਪ ਜੀ ਕੀ ਅਨੁਭਵ ਕਰ ਰਹੇ ਹੋਂ?**

**ਉਤਰ** - ਇਹਦੇ ਬਾਰੇ ਮੇਰੇ ਤੋਂ ਵੀ ਪੁਛਿਆ ਗਿਆ ਹੈ ਬਹੁਤ ਵੱਡੇ ਲੀਡਰ ਨੇ। ਮੈਂ ਨਾਉਂ ਤਾਂ ਨਹੀਂ ਲੈਣਾ। ਉਹਨੇ ਮੈਨੂੰ ਕਿਹਾ ਕਿ ਤੁਸੀਂ 'ਰਾਜ ਕਰੇਗਾ ਖਾਲਸਾ' ਇਹਦੇ ਬਾਰੇ ਤੁਹਾਡਾ ਕੀ ਵਿਚਾਰ ਹੈ? ਮੈਂ ਕਿਹਾ ਜੇ ਤੁਸੀਂ ਮੇਰੀ ਗੱਲ ਸੁਣਨੀ ਹੈ, ਵਿਚ ਨਾ ਬੋਲਿਓ। 'ਰਾਜ ਕਰੇਗਾ ਖਾਲਸਾ' ਖਾਲਸਾ ਕੌਣ ਹੈ?

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮੋਹਿ ਤਾਸ ਮਹਿ ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

(ਬਾਕੀ ਪੰਨਾ 51 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

ਡਾ. ਸਵਾਮੀ ਰਾਮ ਜੀ

## ਮੈਂ ਕੌਣ ਹਾਂ

**ਮਨੁੱਖ ਦਾ ਜਨਮ ਕੇਵਲ ਇਕ ਹਾਦਸਾ ਨਾ ਹੋ ਕੇ ਇਕ ਘਟਨਾ ਹੈ, ਇਸ ਘਟਨਾ ਦਾ ਇਕ ਮਨੋਰਥ ਹੈ, ਮੰਤਵ ਹੈ। ਮਨੁੱਖ ਦਾ ਜਨਮ ਕੋਈ ਉਦੇਸ਼, ਆਦਰਸ਼ ਪ੍ਰਾਪਤੀ ਹੈ, ਉਦੇਸ਼ ਹੈ, ਵਾਹਿਗੁਰੂ ਨਾਲ ਮੇਲ ਉਸ ਨਾਲ ਇਕ ਹੋ ਕੇ ਪ੍ਰਮਾਤਮਾ ਵਿਚ ਲੀਨ ਹੋ ਕੇ ਜੀਵਨ ਜੀਉਣਾ ਤੇ ਸੰਸਾਰ ਤੋਂ ਉਪਰ ਰਹਿਣਾ, ਸੰਸਾਰ ਵਿਚ ਵਿਚਰਨਾ ਪਰ ਉਪਰ ਰਹਿ ਕੇ ਪਰ੍ਹੇ ਰਹਿ ਕੇ। ਹਰ ਇਕ ਮਨੁੱਖ ਜਦੋਂ ਸੰਸਾਰ ਵਿਚ ਆਉਂਦਾ ਹੈ ਉਸ ਕੋਲ ਉਹ ਸਾਰੇ ਸਾਧਨ, ਸਾਰੇ ਉਪਰਾਲੇ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਮਨੁੱਖ ਨੂੰ ਆਪਣੇ ਸਾਧਨ ਆਪਣੇ ਸ੍ਰੋਤ ਬੜੀ ਸੂਝ, ਬੂਝ ਤੇ ਬੜੀ ਸਮਝਦਾਰੀ ਨਾਲ ਵਰਤਣੇ ਚਾਹੀਦੇ ਹਨ।**

**ਆਧੁਨਿਕ ਸਿਖਿਆ ਸਾਨੂੰ ਸੰਸਾਰ ਵਿਚ ਵਿਚਰਨ ਦੀ, ਸੰਸਾਰ ਵਿਚ ਸਫਲ ਹੋਣ ਵਿਚ ਸਹਾਇਤਾ ਕਰਦੀ ਹੈ। ਅੱਜ ਦੀ ਸਿਖਿਆ ਸਾਨੂੰ ਆਪਣਾ ਆਪ ਜਾਨਣ ਵਿਚ ਸਹਾਈ ਨਹੀਂ ਹੁੰਦੀ। ਜਦੋਂ ਅਸੀਂ ਉਚ ਵਿਦਿਆਲਿਆਂ ਵਿਚੋਂ, ਵਿਸ਼ਵ ਵਿਦਿਆਲਿਆਂ 'ਚੋਂ ਕਾਮਯਾਬ ਹੋ ਕੇ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਹਾਂ, ਬਾਹਰ ਨਿਕਲਦੇ ਹਾਂ ਸਾਨੂੰ ਮਹਿਸੂਸ ਹੁੰਦਾ ਹੈ, ਸਾਡਾ ਅੰਦਰ ਖਾਲੀ ਹੈ, ਕੋਈ ਸੰਤੁਸ਼ਟੀ ਨਹੀਂ। ਜੀਵਨ ਦਾ ਪ੍ਰਸ਼ਨ, ਉਥੇ ਹੀ ਖੜ੍ਹਾ ਰਹਿੰਦਾ ਹੈ, ਉਹ ਪ੍ਰਸ਼ਨ ਹੈ, ਮੈਂ ਕੌਣ ਹਾਂ? ਮੈਂ ਕਿਥੋਂ ਆਇਆ ਹਾਂ? ਜੀਵਨ ਮਨੋਰਥ ਕੀ ਹੈ? ਮੈਂ ਕਿਥੇ ਜਾਵਾਂਗਾ? ਉਹ ਸਿਖਿਆ ਜਿਹੜੀ ਸਾਨੂੰ ਖੁਸ਼ੀਆਂ ਬਖਸ਼ ਸਕਦੀ ਹੈ, ਅਨੰਦ ਦੇ ਸਕਦੀ ਹੈ, ਦੁਖਾਂ ਸੰਤਾਪਾਂ ਤੋਂ ਛੁਟਕਾਰਾ ਦੁਆ ਸਕਦੀ ਹੈ ਉਹ ਤਾਂ ਕਿਤੇ ਹੈ ਹੀ ਨਹੀਂ, ਉਹ ਤਾਂ ਸਾਡੇ ਜੀਵਨ ਦਾ ਹਿੱਸਾ ਹੀ ਨਹੀਂ ਹੈ। ਸਾਨੂੰ ਇਹ ਦੱਸਿਆ ਹੀ ਨਹੀਂ ਜਾਂਦਾ ਕਿ ਅੰਦਰ ਕਿਸ ਤਰ੍ਹਾਂ ਜਾਣਾ ਹੈ, ਆਪਣੇ ਅੰਦਰ ਕਿਵੇਂ ਝਾਤੀ ਮਾਰਨੀ ਹੈ, ਪ੍ਰਮਾਤਮਾ ਨੂੰ ਕਿਵੇਂ ਆਪਣੀ ਆਤਮਾ ਵਿਚ ਦੇਖਣਾ ਹੈ, ਕਿਵੇਂ ਅੰਦਰੋਂ ਪੁਸ਼ਟੀ ਲੈਣੀ ਹੈ, ਸੰਪੂਰਨ ਹੋਣਾ ਹੈ।**

## ਅਧਿਆਇ ਸੋਲਵਾਂ
## ਮੇਰੀ ਆਤਮਾ ਦੀ ਕਾਲੀ ਰਾਤ

ਮੈਂ ਆਪਣੀਆਂ ਅੱਖਾਂ ਉਸ ਘਾਟੀ ਤੋਂ ਪਰ੍ਹੇ ਨਹੀਂ ਕਰ ਸਕਦਾ ਸੀ। ਮਿਲਾਰਪਾ (ਇਕ ਤਿਬਤਨ ਲਾਮਾ ਜੋ ਗਿਆਰ੍ਹਵੀ ਸਦੀ ਵਿਚ ਹੋਇਆ ਹੈ ਉਸ ਨੂੰ ਤਿਬਤਨ ਯੋਗੀ ਵੀ ਕਿਹਾ ਜਾਂਦਾ ਹੈ) ਤੇ ਮੈਂ ਮਿਲ ਕੇ ਮਿਲੇਰੇਪਾ ਦੇ ਗੁਰੂ ਲਈ ਘਰ ਬਣਾ ਰਹੇ ਹਾਂ। ਅਸੀਂ ਆਪਣੀ ਪਿੱਠ ਤੇ ਭਾਰੇ-ਭਾਰੇ ਪੱਥਰ ਢੋਹ ਰਹੇ ਹਾਂ ਤੇ ਇਕ ਇਕ ਕੰਧ ਬਣਾ ਰਹੇ ਹਾਂ। ਪੱਥਰਾਂ ਦੇ ਤਿੱਖੇ ਕੰਢਿਆਂ ਨਾਲ ਮੇਰੇ ਹੱਥ ਵੀ ਜ਼ਖਮੀ ਹੋ ਗਏ ਹਨ, ਧੁੱਪ ਵਿਚ ਮੇਰੀ ਚਮੜੀ ਵੀ ਸੜ ਰਹੀ ਹੈ ਮੈਂ ਇਹ ਮਹਿਸੂਸ ਕਰ ਰਿਹਾ ਹਾਂ। ਫੇਰ ਅਚਾਨਕ ਹੀ ਉਹ ਸਾਰੀਆਂ ਕੰਧਾਂ ਢਾਹ ਰਹੇ ਹਾਂ। ਮੈਨੂੰ ਕੁਝ ਵੀ ਸਮਝ ਨਹੀਂ ਆਉਂਦੀ, ਮੇਰੇ ਮਨ ਵਿਚ ਇਹ ਵੀ ਹੈ ਕਿ ਅਸੀਂ ਇਹ ਦੁਬਾਰਾ ਬਨਾਉਣਾ ਹੈ।

ਮੈਂ ਇਕ ਦਮ ਘਬਰਾ ਕੇ ਉਠਿਆ, "ਹੁਣ ਮੈਨੂੰ ਇਸ ਦੇ ਸੁਪਨੇ ਆ ਰਹੇ ਹਨ। ਮੈਨੂੰ ਆਪਣੇ ਆਪ ਤੇ ਹਾਸਾ ਵੀ

ਆਇਆ, ਸੁਪਨਾ ਬਹੁਤ ਹੀ ਸਪਸ਼ਟ ਤੇ ਪ੍ਰਭਾਵਸ਼ਾਲੀ ਸੀ ਪਰ ਮੈਨੂੰ ਸੁਪਨੇ ਨੇ ਉਦਾਸ ਕਰ ਦਿਤਾ। ਮਹੀਨਿਆਂ ਬੱਧੀ ਮੈਂ ਮਿਲਾਰਪਾ ਦੇ ਬਾਰੇ ਪੜ੍ਹਦਾ ਰਿਹਾ, ਮੈਂ ਥਰੀਸਾ ਨੂੰ ਆਪਣਾ ਸੁਪਨਾ ਦੱਸਿਆ, ਥਰੀਸਾ ਨੇ ਮੈਨੂੰ ਮਿਲਾਰਪਾ ਦੇ ਜੀਵਨ ਬਾਰੇ ਪੁਛਿਆ।

ਮਿਲਾਰਪਾ ਗਿਆਰ੍ਹਵੀਂ ਸਦੀ ਵਿਚ ਹੋਇਆ ਹੈ। ਉਹ ਸਦਾ ਹੀ ਆਪਣੇ ਆਪ ਲਈ ਬਿਪਤਾ ਹੀ ਸਹੇੜਦਾ ਰਿਹਾ ਕਿਉਂਕਿ ਉਹ ਜਾਦੂ ਟੂਣੇ ਕਰਦਾ ਰਹਿੰਦਾ ਸੀ।

ਥਰੀਸਾ ਮੈਨੂੰ ਕਹਿਣ ਲੱਗੀ, "ਪਰ ਤੈਨੂੰ ਕਿਉਂ ਉਸ ਦੇ ਸੁਪਨੇ ਆ ਰਹੇ ਹਨ?"

ਮੈਂ ਕਿਹਾ, "ਹੋ ਸਕਦਾ ਹੈ ਮੈਂ ਵੀ ਉਹ ਹੀ ਚਾਹ ਰਿਹਾ ਹਾਂ ਜੋ ਉਹ ਚਾਹੁੰਦਾ ਸੀ, ਮੁਕਤ ਹੋਣ ਦੇ ਤਰੀਕੇ ਸੁਤੰਤਰ ਹੋਣ ਦੀ ਵਿਧੀ ਮੈਂ ਮੁਸਕਰਾ ਕੇ ਜਵਾਬ ਦਿਤਾ, ਉਹ ਮੇਰੇ ਮਨ ਤੇ ਕਾਫੀ ਦੇਰ ਤੋਂ ਹੈ।"

ਉਹ ਮੈਨੂੰ ਆਪਣੇ ਤਰੀਕੇ ਨਾਲ ਕਹਿਣ ਲੱਗੀ, "ਫੇਰ ਤੂੰ ਉਹਦੇ ਲਈ ਘਰ ਬਣਾ ਰਿਹਾ ਸੀ, ਉਸ ਦੀ ਸਹਾਇਤਾ ਕਿਉਂ ਕਰ ਰਿਹਾ ਸੀ।"

ਅਗਲੇ ਵੀਹ ਮਿੰਟ ਮੈਂ ਥਰੀਸਾ ਨੂੰ ਆਪਣੀ ਲੋਭਮਈ ਇੱਛਾ ਨਾਲ ਇਸ ਯੋਗੀ ਦੇ ਜੀਵਨ ਬਾਰੇ ਦਸਦਾ ਰਿਹਾ, ਉਸ ਦੇ ਜੀਵਨ ਦੇ ਖਾਸ-ਖਾਸ ਹਿੱਸਿਆਂ ਤੇ ਚਾਨਣਾ ਪਾਉਂਦਾ ਰਿਹਾ। ਮਿਲਾਰਪਾ ਆਪਣਾ ਜੀਵਨ ਬਦਲਣਾ ਚਾਹੁੰਦਾ ਸੀ ਤੇ ਆਤਮ ਗਿਆਨ ਦਾ ਮਾਰਗ ਅਪਨਾਣਾ ਚਾਹੁੰਦਾ ਸੀ। ਉਸ ਨੇ ਇਕ ਗੁਰੂ ਵੀ ਲੱਭ ਲਿਆ, ਬਹੁਤ ਵੱਡਾ ਲਾਮਾ ਜਿਹੜਾ ਉਸ ਨੂੰ ਸ਼ਿਸ਼ ਦੇ ਰੂਪ ਵਿਚ ਆਪਣੇ ਕੋਲ ਲੈ ਲਵੇ, ਮਿਲਾਰਪਾ ਨੇ ਉਸਨੂੰ ਵਿਸ਼ਵਾਸ਼ ਦਵਾਇਆ ਕਿ ਉਹ ਆਪਣੇ ਆਪ ਨੂੰ ਅਨੁਸਾਸ਼ਨ ਵਿਚ ਲਿਆਉਣ ਲਈ ਕੁਝ ਵੀ ਕਰੇਗਾ। ਗੁਰੂ ਨੇ ਉਸਨੂੰ ਰੱਖਣਾ ਮੰਨ ਲਿਆ ਸੀ ਜਿਸ ਤਰ੍ਹਾਂ ਉਹ ਹੈ ਉਸ ਤਰ੍ਹਾਂ ਹੀ। ਹਾਂ ਮਿਲਾਰਪਾ ਨੂੰ ਪਹਿਲਾਂ ਆਪਣਾ ਆਪ ਦਿਖਾਣਾ ਪਵੇਗਾ, ਕਸਵੱਟੀ ਸਹਿਣੀ ਪਵੇਗੀ ਕਿ ਉਹ ਸ਼ਿਸ਼ ਬਣਨ ਦੇ ਕਾਬਲ ਹੈ ਆਤਮ ਗਿਆਨ ਦਾ ਅਧਿਕਾਰੀ ਹੈ ਜਾਂ ਨਹੀਂ। ਗੁਰੂ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਇਕ ਨਵੇਂ ਚੰਦਰਮਾ ਦੀ ਸ਼ਕਲ ਦਾ ਘਰ ਬਣਾਵੇ ਇਹ ਘਰ ਗੁਰੂ ਦੇ ਪੁੱਤਰ ਲਈ ਬਣਨਾ ਸੀ। ਜੇ ਘਰ ਠੀਕ ਬਣ ਗਿਆ ਉਸਨੂੰ ਆਤਮ ਗਿਆਨ ਦੀ ਕੁੰਜੀ ਦੇ ਦਿਤੀ ਜਾਵੇਗੀ। ਉਸ ਲਈ ਭਾਰਤ ਦੇ ਪੁਰਾਤਨ ਗਿਆਨ ਦਾ ਭੰਡਾਰ ਖੋਲ੍ਹ ਦਿਤਾ ਜਾਵੇਗਾ ਤੇ ਹੋਰ ਵੀ ਜੋ ਕੁਝ ਚਾਹੀਦਾ ਹੋਵੇਗਾ ਉਹ ਵੀ ਦੇ ਦਿਤਾ ਜਾਵੇਗਾ।

ਬੜੀ ਹੀ ਤਨਮੈਤਾ ਨਾਲ ਮਿਲਾਰਪਾ ਨੇ ਜਦੋਂ ਅੱਧਾ ਘਰ ਬਣਾ ਲਿਆ ਤਾਂ ਗੁਰੂ ਜੀ ਆਏ ਤੇ ਹੁਕਮ ਦਿਤਾ ਬੰਦ ਕਰੋ ਇਹ ਸਭ ਕੁਝ ਇਸਨੂੰ ਢਾਹ ਦਿਓ ਤੇ ਇੱਟਾਂ ਪੱਥਰ ਜਿਥੋਂ ਲਿਆਂਦੇ ਹਨ ਉਥੇ ਵਾਪਸ ਰੱਖੋ। ਗੁਰੂ ਨੇ ਜਦੋਂ ਇਹ ਕਿਹਾ ਉਹ ਥੋੜ੍ਹੇ ਜਿਹੇ ਨਸ਼ਿਆਏ ਹੋਏ ਸੀ, ਪਰ ਹੁਣ ਉਹ ਮਹਿਸੂਸ ਕਰ ਰਹੇ ਸੀ ਕਿ ਬਨਾਣ ਦੇ ਡੀਜ਼ਾਇਨ ਵਿਚ ਸੁਧਾਰ ਕਰਨਾ ਜ਼ਰੂਰੀ ਸੀ। ਮਿਲਾਰਪਾ ਨੂੰ ਇਕ ਤਿਕੋਨ ਭਵਨ ਦਾ ਨਿਰਮਾਣ ਕਰਨਾ ਚਾਹੀਦਾ ਹੈ ਜਿਹੜਾ ਕਿ ਇਕ ਤਾਂਤਰਿਕ ਲਈ ਵਧੇਰੇ ਢੁਕਵਾਂ ਹੈ, ਇਕ ਤਾਂਤਰਿਕ ਦੇ ਰਹਿਣ ਯੋਗ ਹੈ। ਗੁਰੂ ਨੇ ਇਹ ਭਰੋਸਾ ਵੀ ਦਵਾਇਆ ਕਿ ਉਸਨੂੰ ਢਾਹਿਆ ਨਹੀਂ ਜਾਵੇਗਾ।

ਇਕ ਵਾਰੀ ਫੇਰ ਸ਼ਿਸ਼ ਨੇ ਆਪਣਾ ਕੰਮ ਸ਼ੁਰੂ ਕੀਤਾ, ਪੱਥਰ ਢੋਂਣੇ, ਅਜੇ ਉਸ ਨੇ ਤੀਜਾ ਹਿੱਸਾ ਹੀ ਖਤਮ ਕੀਤਾ ਸੀ ਕਿ ਗੁਰੂ ਫੇਰ ਆਏ, ਫੇਰ ਉਨ੍ਹਾਂ ਨੂੰ ਡੀਜ਼ਾਇਨ ਪਸੰਦ ਨਹੀਂ ਆਇਆ ਤੇ ਫੇਰ ਉਨ੍ਹਾਂ ਨੇ ਢਾਹੁੰਣ ਦਾ ਹੁਕਮ ਦੇ ਦਿਤਾ ਤੇ ਨਾਲ ਹੀ ਕਿਹਾ ਕਿ ਸਾਰਾ ਪੱਥਰ ਆਦਿ ਆਪਣੀ ਜਗ੍ਹਾ ਤੇ ਪੁਚਾਇਆ ਜਾਵੇ। ਜੇ ਮਿਲਾਰਪਾ ਨੂੰ ਇਹ ਗੱਲ ਠੀਕ ਨਾ ਲੱਗੇ ਉਹ ਜਾ ਸਕਦਾ ਹੈ, ਆਤਮ ਗਿਆਨ ਪ੍ਰਾਪਤੀ ਤੋਂ ਬਿਨਾਂ।

ਅਤਿ ਦੁਖੀ ਹੋ ਕੇ ਥੱਕਿਆ ਹੋਇਆ ਸੀ। ਅੱਖਾਂ ਵਿਚ ਅੱਥਰੂ ਸੀ ਪਰ ਮਿਲਾਰਪਾ ਨੇ ਉਹ ਸਾਰਾ ਢਾਹ ਮਾਰਿਆ, ਹੁਣ ਤੱਕ ਉਸ ਦੀ ਪਿੱਠ ਐਨੀ ਬੁਰੀ ਤਰ੍ਹਾਂ ਦੁਖ ਰਹੀ ਸੀ ਕਿ ਉਸ ਦਾ ਕੁੱਬ ਵੀ ਨਿਕਲ ਆਇਆ ਸੀ, ਪਿੱਠ ਉਤੇ ਜ਼ਖਮ ਵੀ ਹੋ ਗਏ ਸਨ। ਉਹ ਹਾਲੇ ਵੀ ਇਹ ਸਾਰੇ ਕਸ਼ਟ ਝੱਲਣ ਲਈ ਤਿਆਰ ਸੀ, ਆਤਮ ਗਿਆਨ ਪ੍ਰਾਪਤੀ ਲਈ ਉਹ ਕੁਛ ਵੀ ਕਰ ਸਕਦਾ ਸੀ, ਜੋ ਵਾਇਦਾ ਉਸ ਨਾਲ ਕੀਤਾ ਗਿਆ ਸੀ ਉਹ ਉਸ ਲਈ ਕੁਝ ਵੀ ਕਰਨ ਨੂੰ ਤਿਆਰ ਸੀ ਪਰ ਉਸ ਨੂੰ ਤਾਂ ਮਿਲੇ ਜ਼ਖਮ, ਬੇਹੱਦ ਥਕਾਵਟ ਤੇ ਲਾਹਨਤਾਂ। ਉਹ ਤਾਂ ਪੂਰੀ ਤਰ੍ਹਾਂ ਢਹਿੰਦੀਆਂ ਕਲਾ ਵਿਚ ਹੋ ਗਿਆ ਤੇ ਅੰਦਰੋਂ ਉਸ ਦਾ ਦਿਲ ਕਰ ਰਿਹਾ ਸੀ ਕਿ ਉਹ ਦੌੜ ਜਾਏ।

ਇਹ ਦਰਦਮਈ ਘਟਨਾ ਗੁਰੂ ਸ਼ਿਸ਼ ਦੇ ਵਿਚ ਦੋ ਵਾਰੀ ਹੋਰ ਹੋਈ। ਇਕ ਵਾਰੀ ਚਕੌਰ ਢਾਂਚਾ ਬਣਾਇਆ ਗਿਆ, ਇਕ ਵਾਰੀ ਗੋਲ ਬਣਾਇਆ ਗਿਆ, ਮਿਲਾਰਪਾ ਦਾ ਬੁਰਾ ਹਾਲ ਹੋ ਗਿਆ ਸੀ, ਕਿੰਨਾਂ ਦੁਖ ਹੋ ਰਿਹਾ ਸੀ, ਜੋ ਵੀ ਉਹ ਕਰਦਾ ਸੀ ਉਹ ਨਖੇਦ ਦਿਤਾ ਜਾਂਦਾ ਸੀ।

ਇਕ ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਜੋ ਕੁਝ ਵੀ ਇਹ ਹੁੰਦਾ ਰਿਹਾ ਮਿਲਾਰਪਾ ਦਾ ਭਰੋਸਾ ਗੁਰੂ ਤੇ ਬਣਿਆ ਰਿਹਾ, ਉਹ ਨਹੀਂ ਟੁੱਟਾ, ਇਹ ਇਕ ਬਹੁਤ ਹੀ ਵਚਿੱਤਰ ਘਟਨਾ ਹੈ।

ਆਖਰਕਾਰ ਇਸ ਸਾਰੀ ਕਸਵੱਟੀ ਦਾ ਅੰਤ ਹੋਇਆ। ਗੁਰੂ ਨੇ ਮਿਲਾਰਪਾ ਨੂੰ ਬੁਲਾਇਆ, ਕੋਲ ਬਿਠਾਇਆ ਸਾਰੀਆਂ ਔਕੜਾਂ ਘਟਨਾਵਾਂ ਉਸ ਨੂੰ ਦੱਸੀਆਂ। ਲਾਮਾਂ ਬਣਨ ਦਾ ਸਾਰਾ ਕੋਰਸ ਵਿਸਤਾਰ ਨਾਲ ਦੱਸਿਆ, ਵੱਖ-ਵੱਖ ਤਰ੍ਹਾਂ ਦੀ ਟਰੇਨਿੰਗ ਸਿਖਿਆ ਬਾਰੇ ਉਸ ਨੂੰ ਦੱਸਿਆ ਕਿਸ ਤਰ੍ਹਾਂ ਬੇਪਤੀ ਸਹਿਣੀ, ਕਸ਼ਟ ਸਹਿਣੇ, ਦੁਖ ਸਹਿਣੇ ਪੈਂਦੇ ਹਨ, ਸਭ ਕੁਝ ਸਹਿਣ ਵਿਚ ਬਹੁਤ ਦੁਖ ਹੁੰਦਾ ਹੈ ਬਹੁਤ ਆਪਣੇ ਆਪ ਨੂੰ ਮਾਰਨਾ ਪੈਂਦਾ ਹੈ। ਮਿਲਾਰਪਾ ਨੇ ਜਾਦੂ ਟੂਣੇ ਤਾਂ ਸਿੱਖੇ ਹੋਏ ਸਨ, ਉਸ ਨਾਲ ਜੋ ਦੁਖ ਝੇਲਣੇ ਪੈਂਦੇ ਹਨ ਉਹ ਵੀ ਉਹ ਜਾਣਦਾ ਸੀ, ਲੋਕਾਂ ਨੂੰ ਦੇਖਿਆ ਸੀ। ਉਹ ਜਾਣਦਾ ਸੀ ਹਰ ਇਕ ਜੋਮੈਟਰੀ ਦਾ ਢਾਂਚਾ ਇਕ ਚੱਕਰ ਦਾ ਪ੍ਰਤੀਕ ਹੈ, ਉਹ ਚੱਕਰ ਜਿਹੜੇ ਸਰੀਰ ਦੇ ਅੰਦਰ ਸ਼ਕਤੀ ਕੇਂਦਰ ਹਨ ਜਿਨ੍ਹਾਂ ਰਾਹੀਂ ਕਰਮ ਕੀਤੇ ਜਾਂਦੇ ਹਨ। ਮਿਲਾਰਪਾ ਦੇ ਪਿਛਲੇ ਕਰਮਾਂ ਨੂੰ ਕੱਟਣ ਦੀ ਲੋੜ ਸੀ ਇਨ੍ਹਾਂ ਚੱਕਰਾਂ ਰਾਹੀਂ ਕਰਮ ਕਰਨ ਦੀ ਲੋੜ ਸੀ ਉਸ ਤੋਂ ਪਹਿਲਾਂ ਮਿਲਾਰਪਾ ਨੂੰ ਨਵੀਂ ਸਿਖਿਆ ਨਹੀਂ ਦਿਤੀ ਜਾ ਸਕਦੀ ਸੀ। ਮਿਲਾਰਪਾ ਦਾ ਹੱਠ ਉਸ ਦੇ ਅੰਦਰ ਦੀ ਤੀਬਰਤਾ, ਗੁਰੂ ਤੇ ਵਿਸ਼ਵਾਸ਼ ਇਸ ਸਭ ਕੁਝ ਨੇ ਗੁਰੂ ਨੂੰ ਪ੍ਰਸੰਨ ਕਰ ਲਿਆ। ਪ੍ਰਸੰਨ ਹੋ ਕੇ ਗੁਰੂ ਨੇ ਮਿਲਾਰਪਾ ਨੂੰ ਉਹ ਬਖਸ਼ਿਸ਼ ਕਰ ਦਿਤੀ ਜਿਹੜੀ ਉਹ ਤਾਂਘਦਾ ਸੀ।

ਮੈਂ ਥਰੀਸਾ ਨੂੰ ਇਹ ਸਭ ਕੁਝ ਦੱਸਿਆ, ਇਹ ਵੀ ਦੱਸਿਆ ਕਿ ਇਹ ਹੀ ਉਸ ਦੇ ਆਤਮ ਮਾਰਗ ਦਾ ਤੱਤ ਸੀ। ਮੇਰੇ ਉਤੇ ਇਸ ਦਾ ਅਸਰ ਬਹੁਤ ਦੇਰ ਰਿਹਾ ਕਈ ਮਹੀਨੇ ਮੈਂ ਇਸ ਦੇ ਪ੍ਰਭਾਵ ਥੱਲੇ ਰਿਹਾ। ਜਦੋਂ ਮੈਂ ਇਹ ਸਭ ਕੁਝ ਪੜ੍ਹਿਆ ਸੀ ਮੈਂ ਸੋਚਦਾ ਸੀ ਇਹ ਕਾਫੀ ਬੇਵਕੂਫ ਸੀ ਜੋ ਇਸ ਨੇ ਸਭ ਕੁਝ ਬਰਦਾਸ਼ਤ ਕੀਤਾ ਪਰ ਮੈਂ ਇਸ ਨੂੰ ਬਾਰ-ਬਾਰ ਪੜ੍ਹਿਆ, ਉਦੋਂ ਤੱਕ ਪੜ੍ਹਦਾ ਰਿਹਾ ਜਦੋਂ ਤੱਕ ਮੈਨੂੰ ਇਸ ਦਾ ਤੱਤ ਸਮਝ ਨਹੀਂ ਆਇਆ, ਇਸ ਦਾ ਆਤਮ ਤੱਤ ਸਮਝ ਨਹੀਂ ਆਇਆ। ਮੇਰੀ ਪਤਨੀ ਮੇਰਾ ਇਹ ਸਭ ਕੁਝ ਸੁਣਦੀ ਰਹੀ ਉਹ ਦੇਖ ਰਹੀ ਸੀ ਮੈਂ ਕਿਵੇਂ ਮਿਲਾਰਪਾ ਦਾ ਸਵੈ ਅਨੁਸਾਸ਼ਨ ਦੇਖ ਕੇ ਉਸ ਦੀ ਸਲਾਘਾ ਕਰ ਰਿਹਾ ਹਾਂ। ਮੈਨੂੰ ਮਿਲਾਰਪਾ ਦਾ ਦ੍ਰਿੜ੍ਹ ਵਿਸ਼ਵਾਸ਼ ਬਹੁਤ ਹੀ ਚੰਗਾ ਲੱਗਾ, ਜੋ ਕੁਝ ਵੀ ਗੁਰੂ ਕਹਿੰਦਾ ਰਿਹਾ ਉਹ ਕਰਦਾ ਰਿਹਾ ਭਾਵੇਂ ਅੰਦਰੋਂ ਦੁਖੀ ਸੀ। ਸਾਡੇ ਮਨ ਵਿਚ ਕਈ ਵੇਰਾਂ ਉਸ ਦੀ ਤੁਲਨਾ ਆਈ। ਕਈ ਮੱਧਕਾਲ ਦੇ ਬਹਾਦਰ ਜਾਂ ਹੋਰ ਤਰ੍ਹਾਂ ਨਾਲ ਹਰ ਔਕੜ ਨੂੰ ਫਤਹਿ ਕਰਨਾ, ਹਰ ਤਰ੍ਹਾਂ ਦੀ ਬੇਇਜ਼ਤੀ ਬਰਦਾਸ਼ਤ ਕਰਨੀ, ਕਈ ਵਾਰੀ ਉਨ੍ਹਾਂ ਮੌਤ ਵੀ ਕਬੂਲਣੀ ਪੈਂਦੀ ਸੀ।

ਕਈ ਮਹੀਨੇ ਬਾਅਦ ਦੀ ਗੱਲ ਹੈ ਥਰੀਸਾ ਤੇ ਮੈਂ ਇਕ ਦਿਨ ਰਾਤ ਨੂੰ ਸਵਾਮੀ ਜੀ ਕੋਲ ਗਏ ਤੇ ਅਸੀਂ ਦਸਿਆ ਕਿ ਅਸੀਂ ਸੱਚਮੁੱਚ ਹੀ ਆਤਮ ਸਿੱਧੀ ਚਾਹੁੰਦੇ ਹਾਂ, ਅਸੀਂ ਜੀਵਨ ਤੱਤ ਜਾਨਣਾ ਚਾਹੁੰਦੇ ਹਾਂ, ਅਸੀਂ ਗਿਆਨ ਪ੍ਰਾਪਤੀ ਦੀ ਇੱਛਾ ਰੱਖਦੇ ਹਾਂ, ਅਸੀਂ ਉਹ ਚਾਹੁੰਦੇ ਹਾਂ ਜੋ ਮਹਾਂਪੁਰਖ ਸਾਧੂ ਸੰਤ ਪ੍ਰਾਪਤ ਕਰਦੇ ਹਨ, ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਜੋ ਚਾਹੁੰਣ ਸਾਡੇ ਨਾਲ ਕਰਨ ਪਰ ਸਾਡੇ ਤੇ ਇਹ ਬਖਸ਼ਿਸ਼ ਜ਼ਰੂਰ ਕਰਨ। ਮਿਲਾਰਪਾ ਦੀ ਭਾਂਤੀ ਅਸੀਂ ਵੀ ਆਪਣੇ ਗੁਰੂ ਦੇ ਹੱਥ ਸਭ ਕੁਝ ਸੌਂਪ ਦਿਤਾ, ਉਨ੍ਹਾਂ ਨੇ ਸਾਡੀ ਬੇਨਤੀ ਮੰਨ ਲਈ।

ਅਸੀਂ ਸੋਚਿਆ ਕਿ ਅਸੀਂ ਗਿਆਨ ਪ੍ਰਾਪਤੀ ਲਈ ਕੁਝ ਵੀ ਕਰ ਸਕਦੇ ਹਾਂ। ਜੇ ਸਾਨੂੰ ਕਿਹਾ ਗਿਆ ਕਿ ਤੁਸੀਂ ਇਹ ਬਣਾ ਦਿਓ ਇਹ ਢਾਹ ਦਿਓ ਅਸੀਂ ਜ਼ਰੂਰ ਕਰਾਂਗੇ। ਜੇ ਸਾਨੂੰ ਕੁਝ ਵੀ ਕਰਨ ਨੂੰ ਕਿਹਾ ਗਿਆ ਅਸੀਂ ਕੁਝ ਕਰਾਂਗੇ, ਕੁਝ ਵੀ ਕਿੰਨਾ ਔਖਾ ਕਿਉਂ ਨਾ ਹੋਵੇ ਊਟ ਪਟਾਂਗ ਕਿਉਂ ਨਾ ਹੋਵੇ, ਅਸੀਂ ਕਰਾਂਗੇ। ਜੇ ਸਾਨੂੰ ਕਿਤੇ ਵੀ ਇਸ ਧਰਤੀ ਤੇ ਜਾਣ ਲਈ ਕਹਿਣਗੇ ਅਸੀਂ ਜਾਵਾਂਗੇ। ਉਸ ਦਿਨ ਅਸੀਂ ਸਵਾਮੀ ਜੀ ਨੂੰ ਇਹ ਕਹਿ ਕੇ ਆ ਗਏ, ਅਸੀਂ ਉਨ੍ਹਾਂ ਨੂੰ ਦੱਸ ਆਏ ਕਿ ਅਸੀਂ ਕੁਝ ਵੀ ਕਰਨ ਨੂੰ ਤਿਆਰ ਹਾਂ। ਪਰ ਜਦੋਂ ਵਾਸਤਵ ਵਿਚ ਵੇਲਾ ਆਇਆ ਅਸੀਂ ਪਛਾਣ ਹੀ ਨਾ ਸਕੇ ਅਸੀਂ ਤਿਆਰ ਹੀ ਨਹੀਂ ਸੀ।

ਦੋ ਘਟਨਾਵਾਂ ਹੋਈਆਂ, ਸਵਾਮੀ ਜੀ ਨੇ ਥਰੀਸਾ ਨੂੰ ਆਪਣੇ ਸਾਰੇ ਨਿਜੀ ਕੰਮ ਤੋਂ ਹਟਾ ਦਿਤਾ, ਉਨ੍ਹਾਂ ਨੇ ਉਸ ਨੂੰ ਬਿਲਕੁਲ ਵੱਖ ਕਰਕੇ ਦੂਰ ਕਰ ਦਿਤਾ। ਸਵਾਮੀ ਜੀ ਨੇ ਥਰੀਸਾ ਨੂੰ ਆਦੇਸ਼ ਦਿਤਾ ਕਿ ਉਹ ਉਨ੍ਹਾਂ ਕੋਲ ਬਿਲਕੁਲ ਨਾ ਆਏ। ਉਹ ਤਾਂ ਜੀਉਂਦੀ ਮਰ ਗਈ। ਉਸ ਨੂੰ ਤਾਂ ਸਮਝ ਹੀ ਨਾ ਆਏ ਕਿ ਹੋ ਕੀ ਗਿਆ। ਮੈਨੂੰ ਸਵਾਮੀ ਜੀ ਨੇ ਆਪਣੇ ਦਫਤਰ ਬੁਲਾਇਆ। ਉਨ੍ਹਾਂ ਦੇ ਚਿਹਰੇ ਤੇ ਚਿੰਤਾ ਸੀ ਉਨ੍ਹਾਂ ਨੇ ਮੈਨੂੰ ਉਪਰੋਂ ਥੱਲੇ ਤੱਕ ਦੇਖਿਆ। ਜਿਸ ਤਰ੍ਹਾਂ ਸਵਾਮੀ ਜੀ ਨੇ ਮੈਨੂੰ ਦੇਖਿਆ ਮੈਨੂੰ ਵੀ ਚਿੰਤਾ ਹੋਈ ਉਨ੍ਹਾਂ ਦੀ ਦੇਖਣੀ ਵਿਚ ਚਿੰਤਾ ਸੀ, ਮੈਂ ਤੁਹਾਨੂੰ ਬਹੁਤ ਸਾਰੀਆਂ ਚੀਜ਼ਾਂ ਤੋਂ ਬਚਾਇਆ ਹੈ। ਸਵਾਮੀ ਜੀ ਕਹਿਣ ਲੱਗੇ, "ਪਰ ਕੁਝ ਗੱਲਾਂ ਇਸ ਤਰ੍ਹਾਂ ਦੀਆਂ ਹਨ ਕਿ ਉਹ

ਤੁਹਾਨੂੰ ਝੇਲਣੀਆਂ ਹੀ ਪੈਣਗੀਆਂ, ਤੁਹਾਨੂੰ ਤਸੀਹੇ ਸਹਿਣੇ ਪੈਣਗੇ।

ਥੋੜ੍ਹੀ ਦੇਰ ਬਾਅਦ ਮੈਨੂੰ ਬੁਲਾਇਆ ਗਿਆ, ਮੈਨੂੰ ਸੰਸਥਾ ਦੇ ਅਫਸਰਾਂ ਦੇ ਅੱਗੇ ਪੇਸ਼ ਕੀਤਾ ਗਿਆ। ਜਦੋਂ ਕਿ ਮੈਂ ਵੀ ਉਸ ਬੋਰਡ ਦਾ ਸਦੱਸਿਆ ਸੀ। ਉਨ੍ਹਾਂ ਨੂੰ ਮੇਰੀ ਪੀ.ਐਚ.ਡੀ ਦੀ ਡਿਗਰੀ ਬਾਰੇ ਗਲਤੀ ਲੱਗੀ ਸੀ। ਉਹ ਕਹਿਣ ਲੱਗੇ ਇਹ ਨੈਦਰਲੈਂਡ ਦੀ ਡਿਗਰੀ ਇਥੇ ਨਹੀਂ ਮੰਨੀ ਜਾਂਦੀ। ਜਦੋਂ ਮੈਂ ਉਨ੍ਹਾਂ ਨੂੰ ਪੁਛਿਆ ਕਿ ਇਹ ਸਵਾਲ ਕਿਸ ਤਰ੍ਹਾਂ ਉਠਿਆ, ਉਨ੍ਹਾਂ ਕੋਲ ਕਿਹੜਾ ਐਸਾ ਸਬੂਤ ਹੈ ਜਿਸ ਕਰਕੇ ਉਹ ਕਹਿ ਰਹੇ ਹਨ ਕਿ ਮੇਰੀ ਡਿਗਰੀ ਦੀ ਇਥੇ ਕੋਈ ਮਾਨਤਾ ਨਹੀਂ ਹੈ। ਮੈਂ ਉਨ੍ਹਾਂ ਨੂੰ ਦੱਸਿਆ ਅਮਰੀਕਾ ਵਿਚ ਛੇ ਬੰਦਿਆਂ ਨੇ ਇਸ ਵਿਸ਼ਵਵਿਦਿਆਲਿਆ ਤੋਂ ਡਿਗਰੀ ਪ੍ਰਾਪਤ ਕੀਤੀ ਹੈ ਤੇ ਇਸਨੂੰ ਬਹੁਤ ਪਹਿਲਾਂ ਤੋਂ ਹੀ ਮਾਨਤਾ ਪਰਾਪਤ ਹੈ, ਇਥੋ ਤੱਕ ਕਿ ਡੱਚ ਵਿਸ਼ਵਵਿਦਿਆਲੇ ਤੋਂ ਪ੍ਰੋਫੈਸਰ ਆ ਕੇ ਅਮਰੀਕਾ ਪੜ੍ਹਾ ਵੀ ਰਹੇ ਹਨ। ਏਸ ਤੋਂ ਪਹਿਲਾਂ ਕਿ ਮੈਂ ਇਹ ਸਾਰਾ ਕੁਝ ਕਹਿੰਦਾ, ਆਪਣੇ ਹੱਕ ਵਿਚ ਇਹ ਸਾਰੀਆਂ ਗੱਲਾਂ ਦਸਦਾ, ਮੈਨੂੰ ਹਰ ਚੀਜ਼ ਵਿਚੋਂ ਕੱਢ ਦਿਤਾ। ਗਿਆ ਮੈਂ ਕੁਝ ਵੀ ਨਹੀਂ ਰਿਹਾ ਜਦੋਂ ਕਿ ਮੈਂ ਸਭ ਕੁਝ ਸੀ ਮੈਂ ਆਪਣੀ ਡਿਗਰੀ ਵੀ ਨਹੀਂ ਸੀ ਆਪਣੇ ਨਾਂ ਨਾਲ ਲਿਖ ਸਕਦਾ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਮੇਰੀ ਡਿਗਰੀ ਨਕਲੀ ਸੀ।

ਇਹ ਹਾਲਾਤ ਕਈ ਮਹੀਨੇ ਚਲਦੇ ਰਹੇ, ਅਸੀਂ ਸਭ ਕੁਝ ਤੋਂ ਅਲੱਗ ਥਲੱਗ ਕਰ ਦਿਤੇ ਗਏ, ਹਰ ਹਫਤੇ ਕਦੀ ਮੇਰੇ ਕੋਲੋਂ ਕੁਝ ਖੋਹ ਲੈਂਦੇ ਕਦੀ ਕੁਛ, ਮੈਨੂੰ ਸਕੂਲ ਦੇ ਡਾਇਰੈਕਟਰ ਤੋਂ ਵੀ ਹਟਾ ਦਿਤਾ। ਮੇਰਾ ਨਾਂ ਟੀਚਰਾਂ ਦੇ ਨਾਮ ਵਿਚੋਂ ਵੀ ਹਟਾ ਦਿਤਾ। ਇਕ ਦਿਨ ਸੰਸਥਾ ਦੇ ਬੰਦੇ ਇਕੱਠੇ ਹੋ ਕੇ ਆਏ। ਉਨ੍ਹਾਂ ਨੇ ਮੇਰਾ ਦਰਵਾਜ਼ਾ ਖੜਕਾਇਆ ਤੇ ਮੈਨੂੰ ਕਿਹਾ ਕਿ ਮੈਂ ਸੰਸਥਾ ਵਿਚ ਕਿਸੇ ਵੀ ਕਮਰੇ ਵਿਚ ਨਹੀਂ ਬੈਠ ਸਕਦਾ। ਉਨ੍ਹਾਂ ਨੇ ਮੇਰਾ ਸਾਰਾ ਕਮਰਾ ਪੱਟ ਮਾਰਿਆ ਮੇਰੇ ਕਾਗਜ਼, ਮੇਰਾ ਸਾਰਾ ਕੰਮ ਸਭ ਕੁਝ ਤਹਿਸ ਨਹਿਸ ਕਰ ਦਿਤਾ। ਜਿਥੇ ਕਿੱਥੇ ਮੈਂ ਪੜ੍ਹਾਂਦਾ ਸੀ ਮੈਂ ਜਾ ਕੇ ਲੈਕਚਰ ਕਰਨੇ ਸੀ ਉਥੇ ਲਿਖ ਦਿਤਾ ਗਿਆ ਕਿ ਮੇਰੇ ਲੈਕਚਰ ਨਾ ਕਰਾਏ ਜਾਣ। ਜੋ ਮੈਂ ਕੰਮ ਸੰਸਥਾ ਵਿਚ ਕੀਤਾ ਸੀ ਮੈਨੂੰ ਉਸ ਦਾ ਕੋਈ ਸਰਟੀਫਿਕੇਟ ਨਹੀਂ ਦਿਤਾ ਗਿਆ। ਜੋ ਪੇਪਰ ਮੈਂ ਪੜ੍ਹਾਏ ਸੀ ਉਨ੍ਹਾਂ ਉਤੇ ਮੇਰੇ ਦਸਤਖਤ ਨਹੀਂ ਕਰਾਏ ਗਏ। ਜਿੰਨਾਂ ਕੰਮ ਮੈਂ ਸੰਸਥਾ ਵਿਚ ਕੀਤਾ ਸੀ ਮੈਨੂੰ ਉਸ ਲਈ ਕੁਝ ਵੀ ਨਹੀਂ ਮਿਲਿਆ।

ਗਲਤ ਅਫਵਾਹਾਂ ਫੈਲਾ ਦਿਤੀਆਂ ਗਈਆਂ ਕਿ ਜਸਟਿਨ ਦੀਆਂ ਡਿਗਰੀਆਂ ਜਾਹਲੀ ਹਨ, ਛੇਤੀ ਹੀ ਉਸਨੂੰ ਸੰਸਥਾ ਵਿਚੋਂ ਕੱਢ ਦਿਤਾ ਜਾਵੇਗਾ। ਉਸ ਨੂੰ ਚਾਹੀਦਾ ਹੈ ਕਿ ਉਹ ਅਸਤੀਫਾ ਦੇ ਦੇਵੇ ਤੇ ਮਾਫੀ ਮੰਗ ਲੈਣੀ ਚਾਹੀਦੀ ਹੈ ਕਿ ਉਸ ਨੇ ਸੰਸਥਾ ਨਾਲ ਧੋਖਾ ਕੀਤਾ ਹੈ, ਆਪਣੇ ਗੁਰੂ ਨਾਲ ਝੂਠ ਬੋਲਿਆ ਹੈ, ਕਈਆਂ ਨੇ ਕਿਹਾ ਕਿ ਪੜ੍ਹਾਉਣ ਦੀ ਥਾਂ ਜਸਟਿਨ ਨੂੰ ਸਫਾਈ ਕਰਨ ਦੀ ਡਿਊਟੀ ਦੇ ਦਿਤੀ ਜਾਵੇ। ਲੋਕੀ ਮੇਰੇ ਨਾਲ ਅੱਖ ਨਹੀਂ ਸੀ ਮਿਲਾਉਂਦੇ ਜੇ ਮੈਨੂੰ ਦੇਖਦੇ ਤਾਂ ਮੂੰਹ ਪਰ੍ਹੇ ਕਰ ਲੈਂਦੇ।

ਸਭ ਤੋਂ ਮਾੜੀ ਗੱਲ ਹੋਈ ਜਦੋਂ ਬੋਰਡ ਦੇ ਮੈਂਬਰ ਥਰੀਸਾ ਨੂੰ ਤੰਗ ਕਰਨ ਲੱਗੇ। ਥਰੀਸਾ ਦੀ ਪਿੱਠ ਪਿਛੇ ਹਰ ਤਰ੍ਹਾਂ ਦੀਆਂ ਗੱਲਾਂ ਹੋਣ ਲਗ ਪਈਆਂ, ਕਈ ਵਾਰੀ ਉਸ ਦੇ ਮੂੰਹ ਤੇ ਵੀ ਪੁੱਠੀਆਂ ਸਿੱਧੀਆਂ ਗੱਲਾਂ ਕਹੀਆਂ ਜਾਂਦੀਆਂ। ਜੇ ਮੈਂ ਕਦੀ ਸੰਸਥਾ ਤੋਂ ਬਾਹਰ ਹੁੰਦਾ ਤਾਂ ਉਸ ਨਾਲ ਕੋਈ ਨਾ ਬੈਠਦਾ। ਉਸਨੂੰ ਕਿਹਾ ਗਿਆ ਜਿਹੜੇ ਵੀ ਕਾਗਜ਼ਾਂ ਤੇ ਜਸਟਿਨ ਦਾ ਨਾਮ ਹੈ ਉਨ੍ਹਾਂ ਨੂੰ ਦੁਬਾਰਾ ਟਾਈਪ ਕੀਤਾ ਜਾਵੇ, ਮੇਰੇ ਨਾਮ ਨਾਲ ਮੇਰੀ ਕੋਈ ਵੀ ਡਿਗਰੀ ਨਾ ਲਗਾਈ ਜਾਵੇ। ਉਸ ਨਾਲ ਇਸ ਤਰ੍ਹਾਂ ਦਾ ਵਿਵਹਾਰ ਦੇਖ ਕੇ ਮੈਨੂੰ ਬਹੁਤ ਦੁਖ ਹੁੰਦਾ ਤੇ ਮੈਂ ਸੋਚਦਾ ਇਹ ਤਾਂ ਕੋਈ ਨਿਆਂ ਨਹੀਂ ਹੈ।

ਜਦੋਂ ਥਰੀਸਾ ਨਾਲ ਇਹ ਸਭ ਕੁਝ ਹੋਣਾ ਸ਼ੁਰੂ ਹੋਇਆ ਮੈਂ ਜਾ ਕੇ ਸਵਾਮੀ ਜੀ ਨਾਲ ਗੱਲ ਕਰਨ ਦੀ ਸੋਚ ਰਿਹਾ ਸਾਂ ਜਾਂ ਆਪਣੇ ਵਿਰੋਧੀਆਂ ਨੂੰ ਟਿਕਾਣੇ ਲਾਉਣ ਬਾਰੇ ਸੋਚ ਹੀ ਰਿਹਾ ਸੀ ਕਿ ਮੈਨੂੰ ਸਵਾਮੀ ਜੀ ਨੇ ਬੁਲਾਇਆ ਤੇ ਇਕ ਦਮ ਕਹਿਣ ਲੱਗੇ ਇਹ ਸਭ ਕੁਝ ਤਾਂ ਤੈਨੂੰ ਸਹਿਣਾ ਹੀ ਪੈਣਾ ਹੈ, ਜਸਟਿਨ ਤੂੰ ਆਪਣਾ ਕੋਈ ਸਪਸ਼ਟੀਕਰਨ ਨਹੀਂ ਦੇਵੇਂਗਾ, ਤੂੰ ਕੁਛ ਵੀ ਨਹੀਂ ਕਰੇਗਾ, ਮੈਨੂੰ ਉਨ੍ਹਾਂ ਦੇ ਇਹ ਸ਼ਬਦ ਕਤਈ ਚੰਗੇ ਨਹੀਂ ਲੱਗੇ। ਮੈਂ ਗੁੱਸੇ ਨਾਲ ਲਾਲ ਹੋ ਗਿਆ। ਮੈਂ ਕਮਰੇ ਵਿਚੋਂ ਇਕ ਦਮ ਬਾਹਰ ਆ ਗਿਆ। ਮੈਂ ਸਵਾਮੀ ਜੀ ਨੂੰ ਕੋਈ ਜਵਾਬ ਨਹੀਂ ਦਿਤਾ। ਇਸ ਘਟਨਾ ਤੋਂ ਬਾਅਦ ਸਵਾਮੀ ਜੀ ਸਾਰੀ ਗੱਲ ਤੋਂ ਇਕ ਪਾਸੇ ਹੋ ਗਏ।

ਆਪਣੇ ਆਪ ਨੂੰ ਖਤਮ ਹੁੰਦਾ ਦੇਖਣਾ ਮੈਨੂੰ ਬਿਲਕੁਲ ਹੀ ਚੰਗਾ ਨਹੀਂ ਸੀ ਲਗ ਰਿਹਾ। ਮੇਰੇ ਅੰਦਰ ਮੇਰੇ ਵਿਰੋਧੀਆਂ ਪ੍ਰਤੀ ਬਹੁਤ ਹੀ ਗੁੱਸਾ ਆ ਰਿਹਾ ਸੀ। ਸੰਸਥਾ ਵਿਚ ਮੇਰਾ ਸਾਹ ਘੁਟਣਾ ਮਹਿਸੂਸ ਹੋਣ ਲਗ ਪਿਆ, ਮੇਰਾ ਕੋਈ ਦਫਤਰ ਦਾ ਕਮਰਾ ਤਾਂ ਰਿਹਾ ਹੀ ਨਹੀਂ, ਮੇਰਾ ਸੌਣ

ਵਾਲਾ ਕਮਰਾ ਮੈਨੂੰ ਜੇਲ੍ਹ ਲੱਗਣ ਲਗ ਗਿਆ। ਮੈਂ ਆਪਣੇ ਵਿਰੋਧੀਆਂ ਨੂੰ ਇਕ-ਇਕ ਕਰਕੇ ਚੰਗੀ ਤਰ੍ਹਾਂ ਸਿਝਣਾ ਚਾਹੁੰਦਾ ਸੀ, ਉਨ੍ਹਾਂ ਨੂੰ ਉਨ੍ਹਾਂ ਦੀ ਥਾਂ ਦੱਸ ਦੇਣਾ ਚਾਹੁੰਦਾ ਸੀ। ਜਦੋਂ ਤੱਕ ਮੈਂ ਕਿਸੇ ਕੰਮ ਵਿਚ ਰੁਝਾ ਹੋਵਾਂ ਤਾਂ ਠੀਕ ਹੁੰਦਾ ਉਸ ਤੋਂ ਪਿਛੋਂ ਜੋ ਕੁਝ ਵੀ ਮੇਰੇ ਨਾਲ ਹੋ ਰਿਹਾ ਸੀ ਮੇਰੇ ਸਾਮ੍ਹਣੇ ਆ ਜਾਂਦਾ। ਮੈਨੂੰ ਲਗਦਾ ਕਿ ਮੈਨੂੰ ਇਨ੍ਹਾਂ ਨਾਲ ਸਿੱਝ ਹੀ ਲੈਣਾ ਚਾਹੀਦਾ ਹੈ। ਮੇਰੀ ਸਭ ਤੋਂ ਚੰਗੀ ਆਦਤ ਸੀ ਜਿਹੜਾ ਮੈਂ ਸਵੇਰੇ ਉਠ ਕੇ ਜੌਗਿੰਗ ਕਰਦਾ ਸੀ। ਉਸ ਨਾਲ ਮੇਰਾ ਕਾਫੀ ਤਨਾਉ ਤੇ ਖਿਚਾਓ ਨਿਕਲ ਜਾਂਦਾ ਸੀ ਤੇ ਮੈਂ ਆਪਣਾ ਦਿਨ ਠੀਕ ਬਿਤਾ ਲੈਂਦਾ ਸੀ। ਮੈਨੂੰ ਬੜੀ ਹੀ ਹੈਰਾਨੀ ਹੋਈ ਜਦੋਂ ਮੇਰੇ ਦੌੜਨ ਤੇ ਵੀ ਲਾਂਛਨ ਲੱਗੇ, ਮੈਨੂੰ ਵੰਗਾਰਿਆ ਗਿਆ। ਸੰਸਥਾ ਦੇ ਪਰੈਜ਼ੀਡੈਂਟ ਨੇ ਮੈਨੂੰ ਬੁਲਾਇਆ, ਮੇਰੀ ਕਿਤਾਬ ਜਿਹੜੀ ਮੈਂ ਦੌੜਨ ਤੇ ਲਿਖੀ ਹੋਈ ਸੀ ਬੜੀ ਦੇਰ ਤੋਂ ਉਹਦੇ ਕੋਲ ਪਈ ਸੀ, ਉਹ ਕਿਤਾਬ ਵਿਚ ਕੁਝ ਹੋਰ ਪੰਨੇ ਲਗਾਉਣਾ ਚਾਹੁੰਦਾ ਸੀ, ਆਪਣੇ ਵਲੋਂ ਤੇ ਚੇਅਰਮੈਨ ਵਲੋਂ ਤੇ ਫੇਰ ਆਪਣਾ ਨਾਮ ਵੀ ਕਿਤਾਬ ਉਤੇ ਲਿਖਣਾ ਚਾਹੁੰਦਾ ਸੀ। ਚੇਅਰਮੈਨ ਨੇ ਅੱਜ ਤੱਕ ਕੋਈ ਪੁਸਤਕ ਨਹੀਂ ਸੀ ਲਿਖੀ। ਉਸ ਨੂੰ ਆਪਣੇ ਨਾਂ ਨਾਲ ਲਿਖਣ ਦ ਲੋੜ ਸੀ, biodata ਲਈ ਲੋੜ ਸੀ, ਮੈਂ ਇਹ ਸਭ ਕੁਝ ਜੋ ਕੁਝ ਹੋ ਰਿਹਾ ਸੀ, ਮੈਨੂੰ ਵਿਸ਼ਵਾਸ਼ ਹੀ ਨਹੀਂ ਸੀ ਹੋ ਰਿਹਾ। ਮੈਂ ਪਰੈਜ਼ਡੈਂਟ ਨੂੰ ਕਿਹਾ, "ਮੈਂ ਸੋਚ ਕੇ ਦੱਸਾਂਗਾ।" ਉਸੇ ਸ਼ਾਮ ਨੂੰ ਮੈਂ ਸਵਾਮੀ ਜੀ ਦੇ ਕਮਰੇ ਅੱਗੋਂ ਨਿਕਲ ਰਿਹਾ ਸੀ, ਸਵਾਮੀ ਜੀ ਨੇ ਕਿਹਾ ਰਾਤ ਨੂੰ ਮੇਰੇ ਕਮਰੇ ਵਿਚ ਆਈ। ਪਹਿਲਾਂ ਉਨ੍ਹਾਂ ਨੇ ਬਾਗ ਬਗੀਚੇ ਬਾਰੇ ਕੋਈ ਗੱਲ ਕੀਤੀ, ਫੇਰ ਬੜੀ ਹੀ ਨਮਰਤਾ ਨਾਲ ਕਹਿਣ ਲੱਗੇ, ਤੂੰ ਕਿਤਾਬ ਵਾਲੀ ਗੱਲ ਮੰਨ ਜਾ। ਮੈਂ ਤਾਂ ਗੁੱਸੇ ਨਾਲ ਜਿਵੇਂ ਫਟ ਹੀ ਗਿਆ ਹੋਵਾਂ, ਮੈਂ ਤਾਂ ਸਵਾਮੀ ਜੀ ਨਾਲ ਮੁਕਾਬਲਾ ਕਰਨ ਨੂੰ ਤਿਆਰ ਹੋ ਗਿਆ ਤੇ ਮੈਂ ਬੜੇ ਹੀ ਕਰੜੀ ਤਰ੍ਹਾਂ ਕਿਹਾ, "ਮਰ ਕੇ ਵੀ ਨਹੀਂ ਮੈਂ ਇਸ ਤਰ੍ਹਾਂ ਕਰਾਂਗਾ। ਮੈਂ ਇਥੇ ਉਸ ਦੇ ਨੰਬਰ ਬਨਾਣ ਨਹੀਂ ਆਇਆ, ਮੈਂ ਬਿਲਕੁਲ ਨਿਰਭੈ ਹੋ ਕੇ ਆਪਣੇ ਗੁਰੂ ਅੱਗੇ ਖੜ੍ਹਾ ਸੀ, ਮੈਂ ਬਿਲਕੁਲ ਆਪਣੇ ਆਪ ਵਿਚ ਸੀ ਤੇ ਮੈਂ ਬਿਲਕੁ ਠੀਕ ਮਹਿਸੂਸ ਕਰ ਰਿਹਾ ਸੀ ਮੈਂ ਕੀ ਕਹਿ ਰਿਹਾ ਹਾਂ, ਮੈਨੂੰ ਗੁੱਸਾ ਗੁਰੂ ਦੀ ਸਲਾਹ ਤੇ ਸੀ ਜਿਹੜੀ ਉਨ੍ਹਾਂ ਨੇ ਦਿਤੀ ਸੀ ਗੁਰੂ ਤੇ ਨਹੀਂ।

ਸਵਾਮੀ ਜੀ ਇਕ ਦਮ ਪਿਛੇ ਹਟ ਗਏ ਤੇ ਕਹਿਣ ਲੱਗੇ ਠੀਕ ਹੈ ਤੇਰੀ ਮਰਜ਼ੀ ਹੈ, ਇਹ ਜ਼ਰੂਰੀ ਨਹੀਂ ਕਿ ਤੂੰ ਮੇਰੀ ਗੱਲ ਮੰਨੇ ਜਿਵੇਂ ਤੈਨੂੰ ਠੀਕ ਲੱਗੇ। ਮੈਂ ਉਥੋਂ ਆ ਗਿਆ।

ਬਿਲਕੁਲ ਠੀਕ ਤਾਂ ਹੈ ਮੈਂ ਸੋਚਿਆ। ਜਦੋਂ ਮੈਂ ਜਾ ਰਿਹਾ ਸੀ ਮੈਨੂੰ ਚੰਗਾ ਲੱਗਾ ਕਿ ਜੋ ਮੇਰੇ ਮਨ ਵਿਚ ਸੀ ਮੈਂ ਕਹਿ ਤਾਂ ਦਿਤਾ, ਚਾਹੇ ਉਹ ਮੈਂ ਆਪਣੇ ਗੁਰੂ ਨੂੰ ਕਿਹਾ, ਕਿਹਾ ਤਾਂ ਸਈ। ਥੋੜ੍ਹੀ ਦੇਰ ਬਾਅਦ ਮੈਂ ਸੈਰ ਕਰਨ ਜਾ ਰਿਹਾ ਸੀ, ਅਸਮਾਨ ਤੇ ਤਾਰੇ ਚਮਕ ਰਹੇ ਸੀ। ਇਕ ਦਮ ਮੈਨੂੰ ਧਿਆਨ ਆਇਆ, ਮੈਨੂੰ ਇਕ ਦਮ ਮਿਲਾਰਪਾ ਦੀ ਝਲਕ ਪਈ ਤੇ ਮੈਨੂੰ ਲੱਗਾ ਮੇਰਾ ਸੰਸਾਰ ਰੇਤ ਦਾ ਢੇਰ ਬਣ ਗਿਆ ਹੈ, ਸੰਸਥਾ ਵਾਲਿਆਂ ਨੇ ਮੇਰੇ ਨਾਲ ਬੜੀ ਹੀ ਬੁਰੀ ਕੀਤੀ ਹੈ, ਮੇਰਾ ਕੋਈ ਕਿਤੇ ਨਾਮ ਨਹੀਂ ਰਹਿਣ ਦਿਤਾ, ਕੋਈ ਮੇਰਾ ਅਹੁਦਾ ਨਹੀਂ ਰਹਿਣ ਦਿਤਾ, ਬੋਰਡ ਤੇ ਕਿਤੇ ਮੇਰਾ ਨਾਂ ਹੀ ਨਹੀਂ ਰਹਿਣ ਦਿਤਾ। ਜੋ ਕੁਝ ਵੀ ਮੈਂ ਇਕ-ਇਕ ਕਰਕੇ ਆਪਣੇ ਨਾਲ ਬਣਾਇਆ ਸੀ ਇਕੱਠਾ ਕੀਤਾ ਸੀ, ਸਭ ਕੁਝ ਖਤਮ ਕਰ ਦਿਤਾ, ਮੇਰੀਆਂ ਡਿਗਰੀਆਂ, ਮੇਰਾ ਨਾਂ, ਮੇਰਾ ਅਹੁਦਾ, ਦਫਤਰ ਡਾਇਰੈਕਟਰ, ਮੇਰਾ ਦਫਤਰ ਦਾ ਦਰਜਾ ਸਭ ਕੁਝ, ਮੈਂ ਕਿਸੇ ਨੂੰ ਜਾ ਕੇ ਕਹਿ ਵੀ ਨਹੀਂ ਸਕਦਾ, ਮੈਂ ਤਾਂ ਆਪਣੀ ਪਤਨ ਦੀ ਰੱਖਿਆ ਵੀ ਨਹੀਂ ਕਰ ਸਕਦਾ।

ਜੋ ਕੁਝ ਵੀ ਮੇਰਾ ਸੀ ਤਬਾਹ ਹੋ ਗਿਆ ਸੀ, ਉਸ ਵਿਚੋਂ ਦੋ ਚੀਜ਼ਾਂ ਮੈਨੂੰ ਬਹੁਤ ਹੀ ਪਿਆਰੀਆਂ ਸੀ। ਪਹਿਲਾ ਪੜ੍ਹਾਉਣਾ, ਪੜ੍ਹਾਉਣਾ ਮੈਨੂੰ ਬਹੁਤ ਹੀ ਚੰਗਾ ਲਗਦਾ ਸੀ ਜਿਹੜਾ ਕਿ ਹੁਣ ਮੈਨੂੰ ਨਹੀਂ ਕਰਨ ਦਿਤਾ ਜਾ ਰਿਹਾ ਸੀ। ਦੂਸਰਾ ਮੇਰਾ ਨਿਆਂਪੂਰਵਕ ਸੁਭਾਅ, ਮੈਨੂੰ ਲਗ ਰਿਹਾ ਸੀ ਕਿ ਮੇਰਾ ਗੱਲਾ ਹੀ ਘੁਟਿਆ ਜਾ ਰਿਹਾ ਹੈ, ਮੈਨੂੰ ਪੜ੍ਹਾਉਣਾ ਬਹੁਤ ਚੰਗਾ ਲਗਦਾ ਸੀ, ਮੈਨੂੰ ਮੇਰੀ ਸਵੈਪੂਰਤੀ ਦਾ ਅਹਿਸਾਸ ਹੁੰਦਾ ਸੀ ਜਦੋਂ ਮੈਂ ਪੜ੍ਹਾਉਂਦਾ ਸੀ। ਜਦੋਂ ਕੋਈ ਵੀ ਪੜ੍ਹਾਈ ਲਿਖਾਈ ਦਾ ਕੰਮ ਕਰਦਾ ਸੀ ਮੈਨੂੰ ਬਹੁਤ ਚੰਗਾ ਲਗਦਾ ਸੀ। ਮੈਂ ਉਸ ਵਿਚ ਪੂਰਾ-ਪੂਰਾ ਯੋਗਦਾਨ ਦਿੰਦਾ ਸੀ, ਭਾਵੇਂ ਉਹ ਕਲਾ ਵਿਚ ਹੋਵੇ, ਕਿਸੇ ਵਿਗਿਆਨ ਦੇ ਵਿਸ਼ੇ ਤੇ ਹੋਵੇ ਜਾਂ ਕੁਝ ਵੀ ਹੋਵੇ। ਜਿਥੋਂ ਤੱਕ ਮੈਨੂੰ ਪਤਾ ਹੈ ਮੈਂ ਆਪਣੀ ਪੜ੍ਹਾਈ ਲਿਖਾਈ ਦੀ ਕਦੀ ਵੀ ਦੁਰ ਵਰਤੋਂ ਨਹੀਂ ਸੀ ਕੀਤੀ। ਕਦੀ ਵੀ ਕਿਸੇ ਦਾ ਗਲਤ ਮਾਰਗ ਦਰਸ਼ਨ ਨਹੀਂ ਸੀ ਕੀਤਾ। ਮੈਂ ਆਪਣੇ ਅੰਦਰ ਇਹ ਹੀ ਦੇਖਣ ਦੀ ਕੋਸ਼ਿਸ਼ ਕਰਦਾ, ਮੈਂ ਕੀ ਗਲਤ ਕੀਤਾ ਹੈ, ਮੇਰੀ ਕੀ ਗਲਤੀ ਹੈ?

ਹੋਰ ਚੀਜ਼ ਜਿਹੜੀ ਮੈਨੂੰ ਪਿਆਰੀ ਸੀ ਮੇਰੇ ਦਿਲ ਦੇ ਨੇੜੇ ਸੀ ਉਹ ਸੀ ਨਿਰਪੱਖਤਾ ਨਿਆਏ। ਜੋ ਕੁਝ ਵੀ ਮੈਂ ਜੀਵਨ ਵਿਚ ਪ੍ਰਾਪਤੀਆਂ ਕੀਤੀਆਂ ਮੈਨੂੰ ਮਿਲਿਆ, ਚਾਹੇ ਮੈਂ ਉਸ ਦਾ ਅਧਿਕਾਰੀ ਸੀ ਜਾਂ ਨਹੀਂ ਸੀ ਪਰ ਮੇਰੇ ਮਨ

ਵਿਚ ਡੂੰਘਾ ਅਤਿ ਡੂੰਘਾ ਇਕ ਵਿਸ਼ਵਾਸ਼ ਸਦਾ ਹੀ ਬਣਿਆ ਰਿਹਾ ਕਿ ਵਿਸ਼ਵ ਵਿਚ ਨਿਆਏ ਹੈ, ਦੇਰ ਹੈ ਅੰਧੇਰ ਨਹੀਂ, ਪਰ ਵਾਹਿਗੁਰੂ ਦੇ ਘਰ ਹਰ ਇਕ ਨੂੰ ਨਿਆਂ ਮਿਲਦਾ ਹੈ। ਪਹਿਲੀ ਵਾਰੀ ਮੈਨੂੰ ਜੀਵਨ ਵਿਚ ਲੱਗਾ ਕਿ ਮੇਰੀ ਸੋਚਣੀ ਗਲਤ ਹੈ, ਨਿਰਪੱਖਤਾ ਨਹੀਂ ਹੈ, ਨਿਆ ਨਹੀਂ ਹੈ, ਜੋ ਕੁਝ ਵੀ ਮੈਂ ਜੀਵਨ ਵਿਚ ਸੋਚਦਾ ਰਿਹਾ ਮੈਨੂੰ ਲੱਗਾ ਕਿ ਉਸ ਦਾ ਮੁੱਢ ਹੀ ਗਲਤ ਹੈ।

ਮੈਂ ਆਪਣੇ ਮਨ ਵਿਚ ਸੋਚਿਆ, ਜੋ ਕੁਝ ਵੀ ਮੈਨੂੰ ਦਿਖ ਰਿਹਾ ਸੀ ਉਹ ਕੇਵਲ ਨਿਰਪੱਖ ਜਾਪਦਾ ਸੀ, ਨਿਆਂ ਜਾਪਦਾ ਸੀ, ਜਦੋਂ ਉਸਨੂੰ ਵੰਗਾਰਿਆ ਗਿਆ, ਉਹ ਖਤਮ ਹੋ ਗਿਆ, ਇਸ ਤਰ੍ਹਾਂ ਨਾਲ ਢਹਿ ਪਿਆ ਜਿਵੇਂ ਕਿ ਰੇਤ ਦਾ ਘਰ ਹੋਵੇ, ਮੇਰਾ ਸਾਰਾ ਕੁਝ ਵੀ ਰੇਤ ਦੇ ਘਰ ਦੀ ਤਰ੍ਹਾਂ ਹੀ ਢਹਿ ਢੇਰੀ ਹੋ ਗਿਆ ਸੀ। ਜੋ ਕੁਝ ਵੀ ਮੇਰੇ ਨਾਲ ਪਿਛਲਿਆਂ ਮਹੀਨਿਆਂ ਵਿਚ ਹੁੰਦਾ ਰਿਹਾ ਉਨ੍ਹਾਂ ਹਾਲਾਤਾਂ ਵਿਚ ਇਸ ਤਰ੍ਹਾਂ ਨਾਲ ਸੋਚਣਾ ਕੋਈ ਗਲਤ ਨਹੀਂ ਸੀ।

ਜੇ ਉਹ ਸਿਧਾਂਤ ਗਲਤ ਸੀ ਤਾਂ ਜੀਵਨ ਦਾ ਕੋਈ ਅਰਥ ਹੀ ਨਹੀਂ। ਇਹ ਸੋਚ ਕੇ ਮੈਂ ਕੰਬ ਜਾਂਦਾ, ਸੱਚ ਸਾਫ ਸੀ, ਕੋਈ ਕਾਰਣ ਨਹੀਂ ਸੀ, ਕੋਈ ਵਜ੍ਹਾ ਨਹੀਂ ਸੀ ਕਿ ਮੇਰੇ ਸਾਥੀ ਮੇਰੇ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਦੇ, ਅਸੀਂ ਤਾਂ ਆਸ਼ਰਮ ਵਿਚ ਹਾਂ ਜਿਥੇ ਕਿਸੇ ਕਿਸਮ ਦਾ ਅਹੁਦਾ ਜਾਂ ਕੁਝ ਵੀ ਹੋਰ ਕੋਈ ਮਾਇਨਾ ਹੀ ਨਹੀਂ ਰੱਖਦਾ। ਮੈਂ ਸੋਚਣ ਲਗ ਪਿਆ ਹੋਰ ਗੁੱਸਾ ਦਿਖਾ ਲੈਣ, ਹੋਰ ਵਿਖੇਵਾਂ ਦਿਖਾ ਲੈਣ। ਪਰ ਮੈਂ ਇਹ ਸਭ ਕੁਝ ਝੇਲਦਾ ਆਪਣੇ ਆਪ ਨੂੰ ਬਿਲਕੁਲ ਦੁਰਬਲ ਮਹਿਸੂਸ ਕਰਨ ਲਗ ਪਿਆ ਜਿਵੇਂ ਇਸ ਸਭ ਕੁਝ ਨੇ ਮੇਰੀ ਸਾਰੀ ਸ਼ਕਤੀ ਚੂਸ ਲਈ ਹੋਵੇ ਤੇ ਮੈਨੂੰ ਜੀਉਣ ਦੀ ਕੋਈ ਇੱਛਾ ਹੀ ਨਾ ਰਹੀ ਹੋਵੇ। ਮੇਰੀ ਰੰਗ ਬਰੰਗੀ ਦੁਨੀਆਂ ਜਿਵੇਂ ਧੁੰਦਲੀ ਹੋ ਗਈ ਹੋਵੇ। ਹੁਣ ਮੇਰੇ ਅੰਦਰ ਦੇ ਕੋਠੇ ਦਾ ਕੋਈ ਕੋਨਾ ਬਾਕੀ ਨਹੀਂ ਰਹਿ ਗਿਆ ਸੀ, ਸਭ ਢੱਠ ਚੁੱਕੇ ਸੀ। ਮੈਂ ਸੋਚ ਰਿਹਾ ਸੀ ਸਭ ਕੁਝ ਖਤਮ ਹੈ। ਅੱਗੇ ਚਲੋ, ਮੈਂ ਮਿਲਾਰਪਾ ਨੂੰ ਕਹਿ ਰਿਹਾ ਸੀ, ਮੈਂ ਵੀ ਤੇਰੇ ਨਾਲ ਹਾਂ, ਤੂੰ ਇਕੱਲਾ ਨਹੀਂ।

ਉਨ੍ਹਾਂ ਦਿਨਾਂ ਵਿਚ ਮੈਂ ਇਕ ਹੋਰ ਥੀਸਿਜ਼ ਖਤਮ ਕਰ ਰਿਹਾ ਸੀ ਉਹ ਵੀ ਨੈਦਰਲੈਂਡ ਦੇ ਵਿਸ਼ਵ ਵਿਦਿਆਲਿਆ ਤੋਂ ਹੀ ਸੀ, ਉਹ ਉਥੋਂ ਦੀ ਸਭ ਤੋਂ ਉਚੀ ਡਿਗਰੀ ਸੀ। ਯੂਰਪ ਦੀਆਂ ਰਵਾਇਤਾਂ ਅਮਰੀਕਾਂ ਨਾਲੋਂ ਵੱਖ ਹਨ। ਯੂਰਪ ਦੀ ਡਾਕਟਰ ਦੀ ਡਿਗਰੀ ਇਕ ਡਾਕਟਰੀ ਡਿਗਰੀ ਤੋਂ ਬਾਅਦ ਤੁਹਾਡੀ ਆਪਣੀ ਖੋਜ ਤੇ ਜਿਹੜੀ ਤੁਹਾਡੀ ਆਪਣੀ ਖੋਜ ਹੋਵੇ ਉਸ ਉਤੇ ਦਿਤੀ ਜਾਂਦੀ ਹੈ, ਉਹ ਥੀਸਿਜ਼ ਛਾਪਿਆ ਜਾਂਦਾ ਹੈ। ਉਹ ਥੀਸਿਸ ਸੈਂਕੜਿਆਂ ਦੀ ਗਿਣਤੀ ਵਿਚ ਛਪਦਾ ਹੈ, ਵਿਸ਼ਵ ਵਿਦਿਆਲਿਆ ਦੀਆਂ ਸਾਰੀਆਂ ਲਾਇਬ੍ਰੇਰੀਆਂ ਵਿਚ ਰੱਖਿਆ ਜਾਂਦਾ ਹੈ। ਤੁਹਾਨੂੰ ਥੀਸਿਜ਼ ਦੀ ਪੱਖ-ਪੁਸ਼ਟੀ ਕਰਨੀ ਪੈਂਦੀ ਹੈ, ਸਾਰੇ ਲੋਕ ਸਾਰਾ ਸਟਾਫ ਬੈਠਾ ਹੁੰਦਾ ਹੈ, ਖੋਜੀ ਵਿਦਿਆਰਥੀ ਤੇ ਬਾਹਰ ਦੇ ਲੋਕ ਵੀ ਹੁੰਦੇ ਹਨ, ਉਹ ਜੋ ਚਾਹੁਣ ਪ੍ਰਸ਼ਨ ਪੁੱਛ ਸਕਦੇ ਹਨ, ਕਿਸੇ ਵੀ ਚੀਜ਼ ਨੂੰ ਵੰਗਾਰ ਸਕਦੇ ਹਨ।

ਮੈਂ ਇਸ ਡਿਗਰੀ ਲਈ ਪਿਛਲੇ ਅੱਠ ਸਾਲ ਤੋਂ ਕੰਮ ਕਰ ਰਿਹਾ ਸੀ, ਕੇਵਲ ਆਖਰੀ ਅਧਿਆਇ ਦੀ ਪ੍ਰਵਾਨਗੀ ਦੀ ਲੋੜ ਬਾਕੀ ਸੀ, ਜਦੋਂ ਬਸੰਤ ਖਤਮ ਹੋਣ ਤੇ ਸੀ ਮੈਨੂੰ ਚਿੱਠੀ ਆਈ ਕਿ ਮੇਰਾ ਚੈਪਟਰ ਪ੍ਰਵਾਨ ਹੋ ਗਿਆ ਹੈ ਤੇ ਮੈਨੂੰ ਵਿਸ਼ਵ ਵਿਦਿਆਲਿਆ ਦੇ ਹਾਲ ਵਿਚ ਆਉਣ ਦਾ ਸੱਦਾ ਦਿਤਾ ਗਿਆ ਤੇ ਦੱਸਿਆ ਗਿਆ ਕਿ ਸੋਲ੍ਹਾਂ ਸਟਾਫ ਦੇ ਬੰਦੇ ਤੇ ਬਾਕੀ ਬਾਹਰ ਦੇ ਬੰਦੇ ਵੀ ਹੋਣਗੇ।

ਮੇਰੇ ਯੂਰਪ ਜਾਣ ਤੋਂ ਪਹਿਲੇ ਸੰਸਥਾ ਦਾ ਇਕ ਬੰਦਾ ਆਇਆ, ਦਰਵਾਜ਼ਾ ਖੜਕਾਇਆ, ਅੰਦਰ ਆਇਆ, ਗੱਲਾਂ ਕਰਨ ਲੱਗਾ, ਸਭ ਕੁਝ ਕਿਵੇਂ ਚਲ ਰਿਹਾ ਹੈ, ਮੈਂ ਉਸ ਨੂੰ ਆਪਣੀ ਉਚ ਡਿਗਰੀ ਬਾਰੇ ਦੱਸਿਆ, ਮੈਂ ਉਸ ਤੋਂ ਵਾਅਦਾ ਲਿਆ ਕਿ ਉਹ ਕਿਸੇ ਨੂੰ ਦੱਸੇਗਾ ਨਹੀਂ, ਉਹ ਥੋੜ੍ਹਾ ਹੈਰਾਨ ਹੋਇਆ ਪਰ ਮੈਂ ਅੱਛਾ ਮਹਿਸੂਸ ਕਰ ਰਿਹਾ ਸੀ। ਜਿਵੇਂ ਹੀ ਉਹ ਬਾਹਰ ਜਾ ਰਿਹਾ ਸੀ ਮੈਂ ਉਸਨੂੰ ਕਿਹਾ ਕਿਸੇ ਨੂੰ ਦੱਸੇ ਨਾ ਤੇ ਨਾਲ ਹੀ ਮੈਂ ਉਸ ਦੇ ਆਉਣ ਦਾ ਧੰਨਵਾਦ ਕੀਤਾ। ਉਸ ਨੇ ਵਾਅਦਾ ਕੀਤਾ ਕਿ ਉਹ ਕਿਸੇ ਨਾਲ ਗੱਲ ਨਹੀਂ ਕਰੇਗਾ।

ਅਗਲੇ ਦਿਨ ਸਵੇਰੇ ਜਦੋਂ ਮੈਂ ਖਾਣੇ ਦੇ ਕਮਰੇ ਵਿਚੋਂ ਬਾਹਰ ਨਿਕਲ ਰਿਹਾ ਸੀ, ਸਵਾਮੀ ਜੀ ਮੈਨੂੰ ਡਿਉੜੀ ਵਿਚ ਮਿਲੇ, ਛੇਤੀ ਨਾਲ ਉਨ੍ਹਾਂ ਨੇ ਮੈਨੂੰ ਇਕ ਲਿਫਾਫਾ ਦਿਤਾ, ਮੈਂ ਝੱਟਪੱਟ ਫੜ ਲਿਆ, ਪਰ ਅਸੀਂ ਦੋਨੋਂ ਹੀ ਆਪਣੇ ਆਪਣੇ ਰਸਤੇ ਤੁਰਦੇ ਰਹੇ। ਉਸ ਵਿਚ ਲਿਖਿਆ ਸੀ ਕਿ ਇਕ ਸੰਸਥਾ ਦਾ ਬੰਦਾ ਮੇਰੇ ਕੋਲ ਆਇਆ ਸੀ, ਉਸ ਨੂੰ ਮੈਂ ਦੱਸਿਆ ਕਿ ਮੈਂ ਯੂਰਪ ਇਕ ਉਚ ਡਿਗਰੀ ਦੀ ਪੱਖ-ਪੁਸ਼ਟੀ ਕਰਨ ਜਾ ਰਿਹਾ ਹਾਂ।

ਥੋੜ੍ਹੇ ਹਫਤਿਆਂ ਬਾਅਦ ਤਰੀਸਾ ਤੇ ਮੈਂ ਨੈਦਰਲੈਂਡ ਚਲੇ ਗਏ, ਆਪਣੀ ਪੱਖ-ਪੁਸ਼ਟੀ ਤੋਂ ਇਕ ਰਾਤ ਪਹਿਲਾਂ ਜਦੋਂ ਮੈਂ ਮੈਡੀਟੇਸ਼ਨ ਲਈ ਬੈਠਾ, ਇਕ ਬੜੀ ਹੀ ਅਜੀਬ

ਤਰ੍ਹਾਂ ਦੀ ਸ਼ਾਂਤੀ ਮੇਰੇ ਨਾਲ ਹੀ ਰਹੀ, ਜਦੋਂ ਮੈਂ ਪੱਖ-ਪੁਸ਼ਟੀ ਕਰ ਰਿਹਾ ਸੀ ਉਦੋਂ ਵੀ ਮੇਰੇ ਨਾਲ ਹੀ ਰਹੀ।

ਮੇਰਾ ਇਮਤਿਹਾਨ ਪੂਰਾ ਇਕ ਘੰਟਾ ਹੋਇਆ, ਇਹ ਹੀ ਉਥੇ ਦੀ ਪਰੰਪਰਾ ਹੈ, ਗਾਉਨ ਪਾ ਕੇ ਆਉਂਦੇ ਹਨ, ਮੇਰਾ ਇਮਤਿਹਾਨ ਲੈਣ ਵਾਲੇ ਤੇ ਬਾਕੀ ਦੇ ਅਹੁਦੇਦਾਰ ਵਿਦਵਾਨ ਸਾਰੇ ਹੀ ਆਉਂਦੇ ਹਨ। ਸਾਰੇ ਹਾਲ ਵਿਚ ਬੈਠਦੇ ਹਨ। ਸਮੇਂ ਨੂੰ ਦੱਸਣ ਵਾਲਾ ਫੇਰ ਆਉਂਦਾ ਹੈ, ਉਹ ਘੰਟਾ ਵਜਾਉਂਦਾ ਹੈ ਭਾਵ ਕਿ ਪੱਖ-ਪੁਸ਼ਟੀ ਸ਼ੁਰੂ ਹੁੰਦੀ ਹੈ। ਮੈਂ ਬੋਲਣਾ ਸ਼ੁਰੂ ਕੀਤਾ, ਪ੍ਰਸ਼ਨਾਂ ਦੇ ਉਤਰ ਦੇਣੇ ਸ਼ੁਰੂ ਕੀਤੇ ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਮੈਨੂੰ ਆਪਣੇ ਆਪ ਨੂੰ ਰੋਕਣਾ ਬਹੁਤ ਔਖਾ ਹੋ ਰਿਹਾ ਹੈ। ਵਿਚਾਰਾਂ ਦਾ ਬਹਾਅ ਪੂਰੇ ਜ਼ੋਰ ਨਾਲ ਚਲ ਰਿਹਾ ਸੀ। ਮੈਨੂੰ ਲਗ ਰਿਹਾ ਸੀ ਕਿ ਇਹ ਲੋਕ ਬਹੁਤ ਹੌਲੀ ਹੌਲੀ ਪ੍ਰਸ਼ਨ ਪੁੱਛ ਰਹੇ ਹਨ। ਮੇਰਾ ਇਹ ਕੰਮ ਸਵਾਮੀ ਜੀ ਦੇ ਵਿਗਿਆਨਕ ਅਨੁਭਵ ਵਿਗਿਆਨਕ ਪ੍ਰਯੋਗ ਤੇ ਉਸ ਦਾ ਮਜ਼ਹਬ ਨਾਲ ਕੀ ਤੇ ਕਿਵੇਂ ਸਬੰਧ ਹੈ ਉਸ ਉਤੇ ਸੀ, ਇਸ ਤਰੀਕੇ ਨਾਲ ਕਿਵੇਂ ਨਵੇਂ ਤਰੀਕੇ ਨਾਲ ਮਜ਼ਹਬ ਤੇ ਚੇਤਨਾ ਨੂੰ ਦੇਖਿਆ ਖੋਜਿਆ ਜਾ ਸਕਦਾ ਹੈ। ਜਦੋਂ ਮੈਂ ਇਹ ਸਭ ਕੁਝ ਦੱਸ ਰਿਹਾ ਸੀ ਮੈਂ ਇਧਰ ਉਧਰ ਦੇਖ ਰਿਹਾ ਸੀ, ਮੈਂ ਜਾਣਦਾ ਸੀ ਇਹ ਮੇਰਾ ਹੀ ਦਿਨ ਹੈ। ਇਕ ਘੰਟਾ ਬੜਾ ਛੇਤੀ ਖਤਮ ਹੋ ਗਿਆ, ਘੰਟਾ ਵਜਾਉਣ ਵਾਲਾ ਫੇਰ ਆ ਗਿਆ। ਸਾਰੇ ਉਠ ਕੇ ਖੜ੍ਹੇ ਹੋ ਗਏ ਤੇ ਨਾਲ ਦੇ ਕਮਰੇ ਵਿਚ ਚਲੇ ਗਏ ਤਾਂ ਕਿ ਉਹ ਮੇਰੇ ਥੀਸਿਜ਼ ਤੇ ਨਿਰਨਾ ਲੈ ਸਕਣ। ਵੀਹ ਮਿੰਟਾਂ ਬਾਅਦ ਉਹ ਸਾਰੇ ਫੇਰ ਇਕ ਜਲੂਸ ਦੀ ਸ਼ਕਲ ਵਿਚ ਵਾਪਸ ਆਏ ਮੇਰੇ ਪ੍ਰੋਫੈਸਰ ਨੇ ਦੱਸਿਆ ਕਿ ਮੈਂ ਆਪਣੇ ਕੰਮ ਦੀ ਪੱਖ-ਪੁਸ਼ਟੀ ਨਹੀਂ ਕਰ ਰਿਹਾ ਸੀ, ਮੈਂ ਤਾਂ ਖੜ੍ਹਾ ਰਿਹਾ ਸੀ।

ਥਰੀਸਾ ਤੇ ਮੈਂ ਜਦੋਂ ਘਰ ਪਹੁੰਚੇ, ਸਵਾਮੀ ਜੀ ਨੇ ਸਾਨੂੰ ਜੱਫੀ ਪਾ ਕੇ ਜੀ ਆਇਆ ਆਖਿਆ। ਜਦੋਂ ਮੈਂ ਸਵਾਮੀ ਜੀ ਨੂੰ ਆਪਣੀ ਡਿਗਰੀ ਦਿਖਾਈ, ਸਵਾਮੀ ਜੀ ਨੇ ਹੱਥਾਂ ਵਿਚ ਫੜ ਕੇ ਉਤੇ ਅਸਮਾਨ ਵਲ ਕੀਤੀ, ਆਪਣੇ ਗੁਰੂਦੇਵ ਨੂੰ ਭੇਟ ਕੀਤੀ, ਮੈਂ ਬਹੁਤ ਹੀ ਹੈਰਾਨ ਹੋਇਆ ਜਦੋਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਗੁਰੂਦੇਵ ਨੇ ਹੀ ਇਹ ਸਾਰਾ ਕੰਮ ਕਰਾਇਆ ਹੈ।

ਜਸਟਿਨ ਅਸੀਂ ਤੇਰੇ ਕੰਮ ਤੋਂ ਬਹੁਤ ਹੀ ਖੁਸ਼ ਹਾਂ, ਤੂੰ ਦੂਸਰਿਆਂ ਦੀ ਸੇਵਾ ਕਰਦਾ ਰਹੇਂਗਾ। ਫੇਰ ਮੁਸਕਰਾਉਂਦੇ ਹੋਏ ਬਾਹਰ ਬੂਹੇ ਵਲ ਦੇਖ ਕੇ ਕਹਿਣ ਲੱਗੇ ਹੁਣ ਤੂੰ ਇਥੇ ਵੀ ਆਪਣੀ ਪੱਖ-ਪੁਸ਼ਟੀ ਲਈ ਲਿਖ ਕੇ ਦੇ ਸਕਦਾ ਹੈਂ।

ਥਰੀਸਾ ਤੇ ਮੈਂ ਕਾਗਜ਼ ਲੱਭਣ ਲਗ ਪਏ, ਅਸੀਂ ਕਾਗਜ਼ ਇਕੱਠੇ ਕੀਤੇ ਜਿਨ੍ਹਾਂ ਨਾਲ ਮੇਰੀਆਂ ਨੈਦਰਲੈਂਡ ਦੀਆਂ ਡਿਗਰੀਆਂ ਦਾ ਪੁਸ਼ਟੀਕਰਨ ਹੁੰਦਾ ਸੀ। ਜਦੋਂ ਮੈਂ ਡੱਚ ਵਿਸ਼ਵ ਵਿਦਿਆਲੇ ਦੇ ਉਚ ਅਧਿਕਾਰੀ ਨੂੰ ਚਿੱਠੀ ਲਿਖੀ, ਉਸ ਨੇ ਕਾਫੀ ਗੁੱਸਾ ਕੀਤਾ ਕਿ ਉਹ ਸੋਚ ਵੀ ਨਹੀਂ ਸਕਦਾ ਕਿ ਕੋਈ ਉਸ ਵਿਸ਼ਵ-ਵਿਦਿਆਲਾ ਦੀਆਂ ਡਿਗਰੀਆਂ ਤੇ ਕਿੰਤੂ ਪਰੰਤੂ ਕਰੇਗਾ, ਪਰ ਉਨ੍ਹਾਂ ਨੇ ਯੇਲ ਵਿਸ਼ਵਵਿਦਿਆਲਿਆ ਨੂੰ ਤੇ ਹੋਰ ਵਿਸ਼ਵਵਿਦਿਆਲਿਆ ਨੂੰ ਪੱਤਰ ਲਿਖੇ ਤੇ ਦੱਸਿਆ ਕਿ ਇਸ ਵਿਸ਼ਵਵਿਦਿਆਲੇ ਨੂੰ ਪੂਰਨ ਰੂਪ ਵਿਚ ਮਾਨਤਾ ਪ੍ਰਾਪਤ ਹੈ ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਾ ਸੀ।

ਅਮਰੀਕਨਾਂ ਨੇ ਵੀ ਫੇਰ ਇਸ ਗੱਲ ਨੂੰ ਪੜਚੋਲਿਆ ਕਿ ਕੌਣ ਨਹੀਂ ਮੰਨਦਾ ਕਿ ਇਨ੍ਹਾਂ ਡਿਗਰੀਆਂ ਨੂੰ ਮਾਨਤਾ ਪ੍ਰਾਪਤ ਨਹੀਂ ਹੈ। ਇਸ ਗੱਲ ਨੂੰ ਕਈ ਮਹੀਨੇ ਲਗ ਗਏ ਪਰ ਅਸੀਂ ਕਾਫੀ ਸਾਰੇ ਸਬੂਤ ਇਕੱਠੇ ਕਰ ਲਏ।

ਮੈਂ ਚੇਅਰਮੈਨ ਕੋਲ ਗਿਆ ਤੇ ਪੂਰੀ ਰਿਪੋਰਟ ਉਸ ਦੇ ਮੇਜ਼ ਤੇ ਰੱਖ ਦਿਤੀ। ਉਹ ਦੇਖਦਿਆਂ ਹੀ ਸਮਝ ਗਿਆ ਕਿ ਕੀ ਹੈ, ਉਸ ਨੇ ਬੜੀ ਕਾਹਲੀ ਨਾਲ ਪੁਛਿਆ ਤੂੰ ਹਾਲੇ ਵੀ ਇਹ ਕਰ ਰਿਹਾ ਹੈਂ?

ਬੱਸ ਹੁਣ ਨਹੀਂ, ਮੈਂ ਕਿਹਾ ਹੁਣ ਇਹ ਪੂਰਾ ਹੋ ਗਿਆ ਹੈ ਤੇ ਇਹ ਸਭ ਤੁਹਾਡੇ ਲਈ ਹੀ ਹੈ। ਮੈਂ ਆਪਣੇ ਅੰਦਰ ਬੜਾ ਚੰਗਾ ਮਹਿਸੂਸ ਕਰ ਰਿਹਾ ਸੀ। ਇਹ ਕਹਿ ਕੇ ਮੈਂ ਬਾਹਰ ਆ ਗਿਆ। ਫੇਰ ਮੈਂ ਇਸ ਦੀਆਂ ਕਾਪੀਆਂ ਕਰਾ ਕੇ ਆਪਣੇ ਸਾਰੇ ਵਿਰੋਧੀਆਂ ਨੂੰ ਭੇਜੀਆਂ।

ਮੈਂ ਜੋ ਕਰਨਾ ਸੀ ਕਰ ਬੈਠਾ ਸੀ, ਪਰ ਵਿਰੋਧੀਆਂ ਲਈ ਮੇਰੀ ਨਵੀਂ ਡਿਗਰੀ ਨਾਲ ਹੋਰ ਸਮੱਸਿਆ ਖੜ੍ਹੀ ਹੋ ਗਈ ਹੋਵੇਗੀ। ਪਰ ਪ੍ਰਬੰਧਕਾਂ ਨੂੰ ਪੂਰੇ ਛੇ ਮਹੀਨੇ ਲਗ ਗਏ, ਮੇਰਾ ਨਾਮ ਮੁੜ ਕੇ ਬੋਰਡ ਉਤੇ ਲਿਖਣ ਲਈ, ਫੇਰ ਵੀ ਮੇਰੇ ਨਾਮ ਨਾਲੋਂ ਬਹੁਤ ਸਾਰੀਆਂ ਡਿਗਰੀਆਂ ਕੱਟ ਦਿਤੀਆਂ ਗਈਆਂ ਸੀ। ਜਿਨ੍ਹਾਂ ਚਿੱਠੀਆਂ ਰਾਹੀਂ ਮੇਰੀਆਂ ਡਿਗਰੀਆਂ ਦਾ ਪੁਸ਼ਟੀਕਰਨ ਕੀਤਾ ਗਿਆ ਸੀ ਉਹ ਕਦੀ ਵੀ ਸੰਸਥਾ ਨੂੰ ਨਹੀਂ ਦਿਖਾਇਆ ਗਿਆ। ਮੈਨੂੰ ਮੇਰੀ ਪੁਰਾਣੀ ਜਗ੍ਹਾਂ ਮੁੜ ਕੇ ਨਹੀਂ ਮਿਲੀ, ਜਿਵੇਂ ਜਿਵੇਂ ਸਮਾਂ ਅੱਗੇ ਆਇਆ ਮੈਂ ਦੇਖਿਆ ਜਿਨ੍ਹਾਂ ਨੇ ਮੇਰੀ ਵਿਰੋਧਤਾ ਕੀਤੀ ਸੀ ਉਹ ਹੌਲੀ ਹੌਲੀ ਸੰਸਥਾ ਛੱਡ ਕੇ ਚਲੇ ਗਏ, ਉਹ ਆਪਣੇ ਗੁਰੂ ਨੂੰ ਵੀ ਛੱਡ ਗਏ।

(ਬਾਕੀ ਪੰਨਾ 63 ਤੇ)

(ਪੰਨਾ 43 ਦੀ ਬਾਕੀ)

ਜਿਸ ਨੇ ਆਤਮਾ ਦੇ ਰਸ ਨੂੰ ਜਾਣ ਲਿਆ, ਆਤਮਾ ਸ਼ਾਖਸ਼ਾਤ ਕਰਕੇ ਆਪਣਾ ਆਪਾ ਮਿਟਾ ਦਿਤਾ। ਉਹਨੂੰ ਖਾਲਸਾ ਕਹਿੰਦੇ ਨੇ।

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਇਹ ਨਖਾਲਸ ਦੁਨੀਆਂ ਦੇ ਅੰਦਰ ਉਹ ਖਾਲਸਾ ਹੈ ਜਿਹਦੇ ਅੰਦਰ ਵਾਹਿਗੁਰੂ ਦੀ ਜੋਤ ਜਗ ਪਵੇ। ਉਹ ਜੋਤ ਹੈ ਅਨੁਭਵ ਦੀ। ਕੋਈ ਦੀਵਾ ਨਹੀਂ ਮਚਦਾ। ਅਨੁਭਵ ਦੀ ਜੋਤ ਜਗ ਕੇ ਉਸ ਨੂੰ ਇਹ ਪਤਾ ਲਗ ਜਾਵੇ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ। ਜਿਹਦਾ ਇਹ ਨਿਸ਼ਚਾ ਹੋ ਜਾਵੇ ਉਹ ਖਾਲਸਾ ਹੋਇਆ ਕਰਦਾ ਹੈ। ਆਪਣੇ ਆਪ ਲਿਖਣ ਤੇ ਕੋਈ ਖਾਲਸਾ ਨਹੀਂ ਬਣਦਾ। ਆਪਣੇ ਆਪ ਲਿਖਣ ਤੇ ਕੋਈ ਬ੍ਰਹਮਗਿਆਨੀ ਨਹੀਂ ਬਣਦਾ, ਆਪਣੇ ਆਪ ਲਿਖਣ ਤੇ ਸੰਤ ਨਹੀਂ ਬਣਦਾ। ਗੁਰੂ ਗ੍ਰੰਥ ਸਾਹਿਬ ਜੀ ਨੇ ਇਹਦੀ ਪਰਿਭਾਸ਼ਾ ਜਿਹੜੀ ਹੈ ਉਹਦੇ ਬਾਰੇ ਆਪ ਹੀ ਦਸਿਆ ਹੈ ਕਿ ਜਿਹੜਾ ਅਸੀਂ ਖਾਲਸਾ ਕਹਿੰਦੇ ਹਾਂ ਨਾ ਉਹ ਕੀ ਹੁੰਦਾ ਹੈ? ਉਹ ਹੁੰਦਾ ਹੈ ਜਿਹਦੇ ਅੰਦਰ ਹਰ ਵਕਤ ਨਾਮ ਚਲਦਾ ਹੈ। ਗੁਰੂ ਮਹਾਰਾਜ ਕਹਿੰਦੇ -

***ਜਿਸਨੋ ਬਖਸੇ ਸਿਫਤਿ ਸਾਲਾਹ***
***ਨਾਨਕ ਪਾਤਸਾਹੀ ਪਾਤਸਾਹੁ॥ (ਜਪੁਜੀ ਸਾਹਿਬ)***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮ ਮਨ ਭਿੰਨਾ॥***
***ਅੰਗ - 707***

ਮੈਨੂੰ ਕਹਿਣ ਲੱਗਿਆ ਕਿ ਮੈਂ ਤਾਂ ਖਾਲਸੇ ਦੀ ਗੱਲ ਕਰਦਾ ਹਾਂ। ਮੈਂ ਕਿਹਾ ਮੈਂ ਵੀ ਖਾਲਸੇ ਦੀ ਹੀ ਗੱਲ ਕਰਦਾ ਹਾਂ। ਖਾਲਸੇ ਦਾ ਤਾਂ ਰਾਜ ਕਦੇ ਜਾਂਦਾ ਹੀ ਨਹੀਂ ਹੈ। ਕਬੀਰ ਸਾਹਿਬ ਦਾ ਰਾਜ ਕਿਤੇ ਨਹੀਂ ਗਿਆ, ਸਭ ਦੇ ਦਿਲਾਂ ਤੇ ਛਾਇਆ ਪਿਆ ਹੈ। ਨਾਮਦੇਵ ਦਾ ਰਾਜ ਕਿਤੇ ਨਹੀਂ ਗਿਆ ਸਭ ਦੇ ਦਿਲਾਂ ਤੇ ਛਾਇਆ ਪਿਆ ਹੈ।

ਇਕ ਵਾਰੀ ਰਾਮਾ ਕ੍ਰਿਸ਼ਨਾ ਮਿਸ਼ਨ ਦੀ ਮੀਟਿੰਗ ਹੋ ਰਹੀ ਸੀ, ਮੇਰੇ ਨਾਲ ਇਕ ਲਿਖੀ ਹੋਈ ਕਿਤਾਬ ਵਿਚੋਂ ਐਡਵੋਕੇਟ ਜਰਨਲ ਲੈਕਚਰ ਦੇਣ ਲਗ ਗਿਆ। ਮੈਂ ਸਾਮ੍ਹਣੇ ਬੈਠਾ ਸੀ, ਜਦੋਂ ਗਲਤ ਬੋਲਣ ਲੱਗਿਆ ਮੈਂ ਹੱਥ ਮਾਰ ਕੇ ਰੋਕਿਆ ਤੇ ਕਿਹਾ ਕਿ ਤੂੰ ਠੀਕ ਬੋਲ, ਅਸਲੀ ਗੱਲ ਆਹ ਹੈ। ਉਹ ਬੜਾ ਦਲੇਰ ਨਿਕਲਿਆ। ਉਸਨੇ ਕਿਹਾ ਕਿ ਜੀ ਮੈਂ ਇਹਦੀ ਕਿਤਾਬ ਦੇ ਵਿਚੋਂ ਇਹਦੇ ਸਾਮ੍ਹਣੇ ਬੋਲ ਰਿਹਾ ਹਾਂ। ਇਹਦਾ ਲੇਖ ਪੜ੍ਹਿਆ ਸੀ ਮੈਂ। ਮੇਰੇ ਤੋਂ ਯਾਦ ਚੰਗੀ ਤਰ੍ਹਾਂ ਨਹੀਂ ਹੋ ਸਕਿਆ, ਚੰਗਾ ਇਹ ਹੈ ਤੁਸੀਂ ਇਨ੍ਹਾਂ ਤੋਂ ਹੀ ਸੁਣ ਲਓ। ਐਨਾ ਕਹਿ ਕੇ ਉਹ ਬੈਠ ਗਿਆ।

ਸਵਾਮੀ ਨਿਤਿਆਨੰਦ ਸੀ ਉਸ ਵੇਲੇ। ਉਹ ਕਹਿਣ ਲੱਗੇ ਕਿ ਅੱਛਾ, ਸਰਦਾਰ ਜੀ ਆਪ ਆਓ ਫਿਰ। ਉਹ ਬੋਲ ਰਿਹਾ ਸੀ ਗੁਰੂ ਗੋਬਿੰਦ ਸਿੰਘ ਜੀ ਤੇ। ਜਦੋਂ ਮੇਰਾ ਨਾਉਂ ਲਿਆ ਤਾਂ ਕੋਈ ਵੀ ਆਦਮੀ ਉਸ ਸੁਸਾਇਟੀ ਦੇ ਵਿਚ, ਸਾਰੇ ਵਿਦਵਾਨ ਸਾਰੇ ਉਚ ਪੱਧਰ ਦੇ ਆਫੀਸਰ, ਕਮੀਸ਼ਨਰ, ਯੂਨੀਵਰਸਿਟੀਆਂ ਦੇ ਹੈਡ ਆਫ਼ ਡਿਪਾਰਟਮੈਂਟ ਸਭ ਬੈਠੇ ਸੀ। ਉਹਦੇ ਵਿਚ ਲੋਕੀ ਤਿਆਰ ਹੋ ਕੇ ਬੋਲਦੇ ਸੀ ਕਿ ਕੋਈ ਗਲਤੀ ਨਾ ਹੋ ਜਾਏ। ਉਥੇ ਜਦ ਮੈਂ ਗਿਆ ਤਾਂ ਮੈਂ ਕਿਹਾ ਮੈਨੂੰ ਤਾਂ ਪਤਾ ਨਹੀਂ ਲਗਦਾ ਕਿ ਮੈਂ ਕੀ ਬੋਲਾਂ। ਪਰ ਜਿਹੜਾ ਕੁਛ ਮੇਰੇ ਅੱਗੇ ਆ ਰਿਹਾ ਹੈ ਮੈਂ ਉਹੀ ਬੋਲ ਦੇਣਾ ਹੈ। ਜਵਾਬ ਤਾਂ ਮੈਨੂੰ ਕਿਸੇ ਨੇ ਨਹੀਂ ਸੀ ਦੇਣਾ ਕਿ ਹਾਂ ਤੂੰ ਬੋਲ। ਮੈਂ ਕਿਹਾ, ਮੈਨੂੰ ਆ ਗਿਆ ਕਿ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।' ਸਾਡੇ ਪ੍ਰੋਫੈਸਰ ਜਿਹੜੇ ਸੀ ਪ੍ਰੋ. ਅਤਰ ਸਿੰਘ ਵਰਗੇ, ਕਮਿਸ਼ਨਰ ਵੀ ਸੀਗੇ ਉਹ ਘਬਰਾ ਗਏ। ਇਹ ਤਾਂ ਬੜਾ ਮਾੜਾ ਵਿਸ਼ਾ ਇਸ ਨੇ ਚੁਣ ਲਿਆ। ਜਦੋਂ ਮੈਂ 'ਖਾਲਸੇ' ਦੇ ਬਾਰੇ ਬੋਲਿਆ, ਉਸ ਐਡਵੋਕੇਟ ਦੇ 45 ਮਿੰਟ ਬਚਦੇ ਸੀ। ਤਾਂ ਸਵਾਮੀ ਨਿਤਿਆਨੰਦ ਦੌੜਿਆ ਆਇਆ ਕਹਿਣ ਲੱਗਿਆ ਕਿ ਤੁਸੀਂ ਅੱਧਾ ਘੰਟਾ ਹੋਰ ਬੋਲੋ। ਮੈਨੂੰ ਸਵਾ ਘੰਟਾ ਮਿਲ ਗਿਆ। ਸਵਾ ਘੰਟੇ ਬਾਅਦ ਮੈਂ ਬੰਦ ਕਰਨ ਲੱਗਿਆ ਤਾਂ ਕਹਿਣ ਲੱਗਿਆ ਨਾ ਹੋਰ ਬੋਲੋ-ਖੁਲ੍ਹਾ ਬੋਲੋ। ਜਦੋਂ ਮੈਂ ਬੋਲ ਹਟਿਆ ਖਾਲਸੇ ਦੇ ਰਾਜ ਬਾਰੇ ਉਸ ਵੇਲੇ ਸਭ ਤੋਂ ਪਹਿਲਾਂ ਪ੍ਰੋਫੈਸਰ ਅਤਰ ਸਿੰਘ ਸਟੇਜ ਤੇ ਚੜ੍ਹਿਆ। ਕਮਿਸ਼ਨਰ ਜਲੰਧਰ ਤੋਂ ਆਇਆ, ਦਵੇਦੀ ਸਾਹਿਬ ਸਟੇਜ ਤੇ ਆਏ, ਇਕ ਦਮ ਸਟੇਜ ਭਰ ਗਈ, ਮੈਨੂੰ ਜੱਫੀਆਂ ਪਾ ਕੇ ਪਿਆਰ ਕਰੀ ਜਾਣ। ਕਹਿਣ ਲੱਗੇ ਵਾਹ ਬਈ, ਅਸੀਂ ਤਾਂ ਸਭ ਡਰ ਗਏ ਸੀ ਅਤੇ ਤੂੰ ਜੋ ਗੱਲ ਕਹੀ ਹੈ ਅਸੀਂ ਤੇਰੇ ਵਿਚਾਰਾਂ ਨਾਲ 100% ਸਹਿਮਤ ਹਾਂ। ਅੱਜ ਸਾਡੇ ਮਨ ਵਿਚੋਂ ਕੱਢ ਦਿਤਾ। ਅਸੀਂ ਤਾਂ ਇਹੀ ਕਹਿੰਦੇ ਸੀ ਕਿ ਰਾਜ ਕਰੇਗਾ ਖਾਲਸਾ ਬਾਕੀ ਰਹੇ ਨਾ ਕੋਇ। ਅੱਜ ਤੁਸੀਂ ਦੱਸ ਦਿਤਾ ਅਸੀਂ ਇਸ ਖਾਲਸੇ ਦੇ ਰਾਜ ਦੇ 100% ਹਾਮੀ ਹਾਂ। ਅਸੀਂ ਚਾਹੁੰਦੇ ਹੀ ਹਾਂ ਕਿ ਕੋਈ ਐਸਾ ਖਾਲਸਾ ਆਵੇ, ਕੋਈ ਐਸਾ ਵਿਅਕਤੀ ਆਵੇ ਜੋ ਐਸਾ ਰਾਜ ਕਰੇ।

ਉਸ ਵੇਲੇ ਨਿਤਿਆਨੰਦ ਜੀ ਨੇ ਕਿਹਾ ਕਿ ਮੈਂ ਅੱਜ ਪਹਿਲੀ ਵਾਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੁਣਿਆ ਹੈ। ਮੈਂ ਇਨ੍ਹਾਂ ਦੇ ਮੁੱਖ ਤੋਂ ਜਿਹੜੀਆਂ ਗੱਲਾਂ ਸੁਣੀਆਂ ਨੇ, ਮੈਂ ਮਾਫੀ ਮੰਗਦਾ ਹਾਂ ਕਿ ਮੈਂ ਪਹਿਲਾਂ ਤੁਹਾਨੂੰ ਵਾਧੂ ਸਮਾਂ ਬਿਠਾ ਰੱਖਿਆ। ਪਰ ਇਕ ਗੱਲ ਹੈ ਕਿ ਮੇਰੇ ਉਤੇ ਇਕ ਕ੍ਰਿਪਾ ਕਰੋ, ਆਹ ਤਸਵੀਰ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਇਹ ਨਾ ਮੇਰੇ ਤੋਂ ਵਾਪਸ ਮੰਗਣਾ। ਮੈਂ ਆਪਣੇ ਮਿਸ਼ਨ ਦੇ ਵਿਚ ਲਾਉਣੀ ਹੈ ਮੈਨੂੰ ਇਹ ਰਾਮਚੰਦਰ ਲੱਗ ਰਹੇ ਨੇ, ਕ੍ਰਿਸ਼ਨ ਲਗ ਰਹੇ ਨੇ। ਮੈਂ ਰੋਜ਼ ਨਮਸਕਾਰ ਕਰਨੀ ਹੈ ਇਨ੍ਹਾਂ ਨੂੰ ਤੇ ਹੁਣ ਮੈਨੂੰ ਅਨੰਦਪੁਰ ਸਾਹਿਬ ਲੈ ਚੱਲੋ। ਮੈਂ ਉਥੇ ਜਾ ਕੇ ਆਪਣੀ ਅਕੀਦਤ ਪੇਸ਼ ਕਰਨੀ ਚਾਹੁੰਦਾ ਹਾਂ, ਉਹ ਧਰਤੀ ਨੂੰ ਆਪਣੇ ਮਸਤਕ ਦੇ ਉਤੇ ਰੱਖਣਾ ਚਾਹੁੰਦਾ ਹਾਂ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀ ਛੋਹ ਪ੍ਰਾਪਤ ਹੋਈ ਹੈ।

ਤੀਸਰੇ ਦਿਨ ਅਸੀਂ ਉਹਨੂੰ ਲੈ ਕੇ ਚਲੇ ਗਏ। ਉਹ ਜਿਥੋਂ ਅਨੰਦਪੁਰ ਸਾਹਿਬ ਦਾ ਕਲਸ ਦਿੱਸਣ ਲਗ ਗਿਆ ਗੱਡੀ 'ਚੋਂ ਉਤਰ ਗਿਆ। ਜਾਂਦਾ ਹੀ ਧੂੜ ਦੇ ਵਿਚ ਲਿਟ ਗਿਆ, ਮਿੱਟੀ ਸਿਰ ਵਿਚ ਪਾ ਲਈ। ਆਪਣੇ ਸੋਹਣੇ ਕੱਪੜਿਆਂ ਦੇ ਪਾ ਲਈ, ਮੂੰਹ ਦੇ ਉਤੇ ਮਲ ਲਈ, ਥੋੜ੍ਹਾ ਜਿਹਾ ਤੁਰੇ ਜਾ ਕੇ ਲਿਟ ਜਾਏ, ਥੋੜ੍ਹਾ ਜਿਹਾ ਤੁਰੇ ਜਾ ਕੇ ਲਿਟ ਜਾਏ। ਉਹਦੀ ਭਾਵਨਾ ਹੱਦ ਤੋਂ ਜ਼ਿਆਦਾ ਮੈਂ ਦੇਖੀ। ਅਸੀਂ ਸ਼ਰਮਿੰਦੇ ਹੋਈਏ ਕਿ ਸਾਡੇ ਵਿਚ ਤਾਂ ਇਹ ਭਾਵਨਾ ਹੀ ਨਹੀਂ ਹੈ। ਜਿਹੜਾ ਹੈਡ ਹੁੰਦੇ ਹੋਏ, ਇਹਦੀ ਭਾਵਨਾ ਨੂੰ ਇਹਨੂੰ ਬੰਦਾ ਦੇਖਣ ਵਾਲਾ ਕੋਈ ਨਹੀਂ ਹੈ, ਅਸੀਂ ਦੋ ਤਿੰਨ ਬੰਦੇ ਹਾਂ। ਬਾਕੀ ਤਾਂ ਇਹੀ ਦੇਖ ਰਹੇ ਨੇ ਕਿ ਇਸ ਸਾਧ ਨੂੰ ਕੀ ਹੋ ਗਿਆ। ਜਾ ਕੇ ਕੇਸਗੜ੍ਹ ਸਾਹਿਬ ਦੇ ਅੱਗੇ ਉਹਨੇ ਬੜਾ ਹੀ ਰੋ-ਰੋ ਕੇ ਮੱਥਾ ਟੇਕਿਆ। ਕਹਿਣ ਲੱਗਿਆ ਕਿ ਹੇ ਮੇਰੇ ਰਾਮ! ਤੇਰੇ ਵਿਚ ਐਨੇ ਗੁਣ ਸੀ। ਤੂੰ ਮੁੜ ਕੇ ਫੇਰ ਆ ਗਿਆ ਕਲਜੁਗ ਵਿਚ।

ਸੋ ਇਸ ਗੱਲ ਨੂੰ ਸੁਣ ਕੇ 'ਰਾਜ ਕਰੇਗਾ ਖਾਲਸਾ' ਨਿਤਿਆਨੰਦ ਜੋ ਹੁਣ ਚੜ੍ਹਾਈ ਕਰ ਗਿਆ ਇਹ ਮੈਨੂੰ ਪਤਾ ਨਹੀਂ ਉਹ ਐਨਾ ਵਿਸ਼ਵਾਸ਼ੀ ਹੋ ਗਿਆ ਕਿ ਉਹ ਗੁਰੂ ਦਾ ਬਣ ਗਿਆ।

ਸੋ ਮੈਂ ਇਸ ਗੱਲ ਦਾ ਹਾਮੀ ਹਾਂ ਕਿ ਇਹ ਕਹਿਣਾ ਕਿ 'ਰਾਜ ਕਰੇਗਾ ਖਾਲਸਾ' ਜਿਹਨੇ ਇਹ ਬਣਾਇਆ ਹੈ ਦੋਹਰਾ। ਜਿਵੇਂ ਗਿਆਨੀ ਗਿਆਨ ਸਿੰਘ ਨੂੰ ਕਹਿੰਦੇ ਨੇ ਕਿ ਉਹਨੇ ਦੋਹਰੇ ਬਣਾ ਦਿਤੇ ਜਾਂ ਉਸ ਤੋਂ ਪਹਿਲਾਂ ਕਿਸੇ ਨੇ ਬਣਾ ਦਿਤੇ। ਸੋ ਇਹ ਗੱਲ ਗੁਰੂ ਗ੍ਰੰਥ ਸਾਹਿਬ ਦੇ ਵਿਪਰੀਤ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਖਾਲਸੇ ਦਾ ਰਾਜ ਤਾਂ ਹੈਗਾ ਹੀ ਹੈਗਾ।

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ॥*** *ਪੰਨਾ - 858*

***ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ***
***ਸਿਰਿ ਛਤੁ ਸਚਾ ਹਰਿ ਬਣਾਇ॥*** *ਅੰਗ - 590*

ਇਹ ਤਾਂ ਦਰਗਾਹ ਵਲੋਂ ਪਾਤਸ਼ਾਹੀ ਦਿਤੀ ਹੋਈ ਹੈ ਆਪਣੇ ਪਿਆਰਿਆਂ ਨੂੰ। ਇਸ ਕਰਕੇ ਕਰੇਗਾ ਜਿਹੜਾ ਕਹਿਣਾ ਹੈ ਨਾ ਇਹ ਵੀ ਸੱਤਰ ਜਿਹੜੀ ਹੈ ਇਹ ਕੁਛ ਕਮਜ਼ੋਰ ਹੈ। ਉਹ ਤਾਂ ਰਾਜ ਕਰ ਰਿਹਾ ਹੈ। ਸਾਰੀ ਦੁਨੀਆਂ ਦੇ ਉਤੇ ਰਾਜ ਕਰ ਰਿਹਾ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*** *ਅੰਗ - 186*

ਜਦੋਂ ਮੈਂ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਉਹ ਕਹਿਣ ਲੱਗਿਆ ਤੁਸੀਂ ਤਾਂ ਬਾਣੀ ਦੀ ਗੱਲ ਕਰਦੇ ਓਂ। ਮੈਂ ਕਿਹਾ ਬਾਕੀ ਨਹੀਂ ਮੈਨੂੰ ਪਤਾ ਹੈ। ਜੇ ਦੋ ਰਾਜਾਂ ਦੇ ਵਿਚਾਲੇ ਰਾਜ ਮਿਲ ਗਿਆ ਕੀ ਰਾਜ ਹੈ। ਅਸੀਂ ਇਨ੍ਹਾਂ ਗੱਲਾਂ ਵਿਚ ਨਹੀਂ ਪੈਂਦੇ ਹੈਗੇ। ਸਾਨੂੰ ਤਾਂ ਗੁਰੂ ਗ੍ਰੰਥ ਸਾਹਿਬ ਨੇ ਰਾਜ ਦਿਤਾ ਹੋਇਆ ਹੀ ਹੈ ਪਹਿਲਾਂ ਹੀ। ਜਿਨ੍ਹਾਂ ਦੇ ਕੋਲ ਇਹ ਬਖਸ਼ਿਸ਼ਾਂ ਨੇ, ਬਿਮਾਰ ਨੂੰ ਕਹਿਣ ਰਾਜ਼ੀ ਹੋ ਜਾਏਂਗਾ। ਉਹ ਉਠ ਕੇ ਤੁਰ ਪੈਂਦਾ ਹੈ। ਦਰਿਆ ਨੂੰ ਕਹਿੰਦਾ ਹੈ ਕਿ ਮੈਂ ਲੰਘਣਾ ਹੈ ਠਹਿਰ ਜਾ। ਐਸੀਆਂ ਸਾਖੀਆਂ ਆਉਂਦੀਆਂ ਨੇ ਆਪਣੇ ਇਤਿਹਾਸ ਦੇ ਅੰਦਰ। ਭਾਈ ਗੁਰਦਾਸ ਜੀ ਆਉਂਦੇ ਨੇ ਬਿਆਸਾ ਚੜ੍ਹਿਆ ਹੋਇਆ ਹੈ, ਗੁਰੂ ਦੇ ਦਰਸ਼ਨ ਕਰਨੇ ਨੇ। ਕਹਿੰਦੇ ਆ ਜਾਓ, ਮੇਰੇ ਪਿਛੇ- 'ਸੁਣਿਐ ਹਾਥੁ ਹੋਵੈ ਅਸਗਾਹੁ' ਪੜ੍ਹੀ ਜਾਓ। ਇਤਿਹਾਸ ਨੇ ਲਿਖਿਆ ਹੋਇਆ ਹੈ ਮੈਨੂੰ ਨਹੀਂ ਪਤਾ ਵੈਸੇ ਸ਼ਬਦਾਵਲੀ ਕੀ ਹੈ। ਪਰ ਉਹਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ-

***ਭੈ ਵਿਚਿ ਪਵਣੁ ਵਹੈ ਸਦਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥*** *ਅੰਗ - 464*

ਜੇ ਮੂਸਾ ਦੇ ਡੰਡੇ ਮਾਰੇ ਤੇ ਸਮੁੰਦਰ ਰਾਹ ਦੇ ਦਿੰਦਾ ਹੈ। ਫੇਰ ਸਾਨੂੰ ਵੀ ਰਾਹ ਮਿਲ ਜਾਣਾ ਕੋਈ ਔਖੀ ਗੱਲ ਨਹੀਂ ਹੈ। ਸੋ ਇਸ ਤਰ੍ਹਾਂ ਜਿਹੜਾ ਵਾਹਿਗੁਰੂ ਦੇ ਨਾਮ ਦੇ ਵਿਚ ਗੱਤਿਆ ਹੋਇਆ ਹੈ, ਅਭੇਦ ਹੈ ਉਹਦਾ ਰਾਜ ਹੈ। ਸੋ ਮੈਂ ਤਾਂ ਇਹੀ ਸੋਚਦਾ ਹਾਂ। ਮੈਨੂੰ ਨਾ ਰਾਜਨੀਤਕ ਗੱਲਾਂ ਦਾ ਪਤਾ ਹੈ, ਨਾ ਮੈਂ ਧਿਆਨ ਦਿੰਦਾ ਹਾਂ।

ਪ੍ਰਸ਼ਨ - ਬਾਬਾ ਜੀ ਮੇਰਾ ਪ੍ਰਸ਼ਨ ਇਹ ਸੀ ਕਿ ਸੰਤ ਈਸ਼ਰ ਸਿੰਘ ਮਹਾਰਾਜ ਨੇ ਵੀ ਇਹ ਬਚਨ ਕੀਤੇ ਸੀ।

ਉਤਰ - ਮੈਂ ਉਨ੍ਹਾਂ ਦੇ ਮੁਖ ਤੋਂ ਕਦੇ ਨਹੀਂ ਸੁਣਿਆ, ਜਦੋਂ ਵੀ ਉਹ ਕਹਿੰਦੇ ਸੀ ਤਾਂ ਇਹ ਕਹਿੰਦੇ ਸੀ ਕਿ -

***ਧਾਰਨਾ - ਚਿਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

ਪ੍ਰਸ਼ਨ - ਬਾਬਾ ਜੀ ਮੈਂ ਆਪ ਜੀ ਦਾ ਬਹੁਤ ਸਮਾਂ ਲਿਆ, ਇਸ ਦੇ ਲਈ ਆਪ ਦਾ ਬਹੁਤ-ਬਹੁਤ ਧੰਨਵਾਦ ਹੈ।

ਉਤਰ - ਤੁਸੀਂ ਮੇਰਾ ਸਮਾਂ ਲਿਆ? ਧੰਨਵਾਦ ਤਾਂ ਮੈਨੂੰ ਕਰਨਾ ਚਾਹੀਦਾ ਹੈ ਉਹ ਇਸ ਕਰਕੇ ਕਿ ਤੁਹਾਡੇ ਮੀਡੀਏ ਦੇ ਨਾਲ ਇਕ ਸਤਿ ਜਿਹੜਾ ਹੈ ਉਹ ਉਭਰ ਕੇ ਸਾਮ੍ਹਣੇ ਆਏਗਾ। ਜਿੰਨੇ ਪੜ੍ਹਨਗੇ ਉਨ੍ਹਾਂ ਸਾਰਿਆਂ ਨੂੰ ਸਤਿ ਦਾ ਪਤਾ ਲੱਗੇਗਾ ਕਿ ਸਤਿ ਕੀ ਹੁੰਦਾ ਹੈ, ਸਹੀ ਗੱਲ ਕੀ ਹੁੰਦੀ ਹੈ। ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਤੁਸੀਂ ਮੈਨੂੰ ਬੜੀ ਮਦਦ ਦਿਤੀ। ਜਿਹੜੀ ਗੱਲ ਮੈਂ ਚਾਹੁੰਦਾ ਹਾਂ ਉਹ ਤੁਸੀਂ ਕਰਦੇ ਹੋ। ਇਹ ਸਿਧਾਂਤ ਸਾਰੀ ਦੁਨੀਆਂ ਤੱਕ ਫੈਲਣ, ਅਸੀਂ ਸਿੱਖਾਂ ਤੱਕ ਹੀ ਨਹੀਂ ਪਹੁੰਚਾਉਣੇ। ਅਸੀਂ ਚਾਹੁੰਦੇ ਹਾਂ ਕਿ ਜਿਥੇ ਤੁਸੀਂ ਰਹਿੰਦੇ ਹੋਂ ਇਨ੍ਹਾਂ ਨੂੰ ਵੀ ਦੱਸੋ। ਕਿਸੇ ਤਰੀਕੇ ਵੀ ਦੱਸੋ। ਸਾਡੀ ਸਹੀ ਸੇਵਾ ਤਾਂ ਕਿ ਗੁਰੂ ਨਾਨਕ ਸਾਹਿਬ ਪ੍ਰਤੀ ਸ਼ਰਧਾ ਇਹੀ ਹੈ ਕਿ ਅਸੀਂ ਗੁਰੂ ਦੀ ਬਾਣੀ ਦਾ ਫੈਲਾਓ ਕਰੀਏ। ਜਦੋਂ ਬਾਣੀ ਦਾ ਫੈਲਾਓ ਕਰੋਂਗੇ ਦੁਨੀਆਂ ਵਿਚ ਸ਼ਾਂਤੀ ਆ ਜਾਏਗੀ। ਐਸ ਵੇਲੇ ਸ਼ਾਂਤੀ ਦੇਣ ਨੂੰ ਸਮਰੱਥ ਨੇ ਗੁਰੂ ਗ੍ਰੰਥ ਸਾਹਿਬ।

ਪ੍ਰਸ਼ਨ – ਜਿਵੇਂ ਤੁਸੀਂ ਦੋ ਗੁਰਦਵਾਰਾ ਸਾਹਿਬਾਨ ਦੇ ਵਿਚ ਸਮਾਂ ਦਿਤਾ ਸੀ, ਜਿਵੇਂ ਆਮ ਹਰ ਗੁਰਦਵਾਰੇ ਦੇ ਵਿਚ ਰਾਗੀਆਂ, ਢਾਡੀਆਂ ਦੇ ਅੱਗੇ ਮਾਇਆ ਰਖਦੇ ਨੇ। ਤੁਸੀਂ ਮਨ੍ਹਾਂ ਕਰਦੇ ਓਂ, ਕਿ ਸੰਤ ਈਸ਼ਰ ਸਿੰਘ ਈਸ਼ਰ ਸਿੰਘ ਜੀ ਬਾਬਾ ਜੀ ਨੇ ਮਨ੍ਹਾਂ ਕੀਤਾ ਹੋਇਆ ਹੈ ਕਿ ਨਹੀਂ ਮਾਇਆ ਚੜ੍ਹਾਉਣੀ। ਤੁਸੀਂ ਸਿਰਫ ਉਥੇ ਹੀ ਕਹਿੰਦੇ ਹੋਂ ਕਿ ਗੁਰਦੁਆਰਾ ਸਾਹਿਬ ਵਿਚ ਮਾਇਆ ਨਹੀਂ ਚੜ੍ਹਾਉਣੀ, ਬਾਹਰ ਜੇ ਤੁਹਾਨੂੰ ਕੋਈ ਸਹਾਇਤਾ ਵਾਸਤੇ ਮਾਇਆ ਦੇਵੇ, ਉਹਦੇ ਬਾਰੇ ਤੁਹਾਡਾ ਕੀ ਵਿਚਾਰ ਹੈ?

ਉਤਰ – ਉਹਦੇ ਬਾਰੇ ਇਹ ਹੈ ਕਿ ਸਾਡਾ ਪੱਕਾ ਨਿਰਣਾ ਹੈ ਕਿ ਇਕਾਗਰਤਾ ਦੇ ਨਾਲ ਜਿੰਨਾਂ ਚਿਰ ਕੋਈ ਬੰਦਾ ਨਹੀਂ ਬੋਲਦਾ ਓਨੀ ਦੇਰ ਤੱਕ ਸਹੀ ਖਿਆਲ ਜਾ ਨਹੀਂ ਸਕਦਾ। ਜਦੋਂ ਪੈਸੇ ਲੈ ਕੇ ਸਟੇਜ ਵਲ ਨੂੰ ਆਉਂਦਾ ਹੈ, ਉਸ ਬੰਦੇ ਦਾ ਸਾਮ੍ਹਣੇ ਆ ਕੇ ਖੜ੍ਹ ਜਾਣਾ, ਪੈਸੇ ਰੱਖ ਦੇਣਾ, ਉਸ ਇਕਾਗਰਤਾ ਨੂੰ ਭੰਗ ਕਰਦਾ ਹੈ। ਦੂਜਾ ਇਹ ਹੈ ਕਿ ਜਿਹੜਾ ਇਹ ਰਿਵਾਜ ਪਿਆ ਹੋਇਆ ਹੈ। ਸ਼ਬਦ ਦਾ ਤਾਂ ਅਸੀਂ ਮੁੱਲ ਨਹੀਂ ਲੈਂਦੇ। ਮੇਰਾ ਤਾਂ ਨਿਸ਼ਚਾ ਹੈ ਇਹ ਹੈ ਕਿ ਅਸੀਂ ਇਹਦੇ ਉਤੇ ਆਪਣਾ ਗੁਜ਼ਾਰਾ ਨਹੀਂ ਸਮਝਦੇ। ਦੂਜਾ ਮੈਨੂੰ ਇਹ ਹੈ ਕਿ ਸ਼ਬਦ ਦੇ ਅਵਜ਼ਾਨੇ ਦੇ ਕੋਈ ਪੈਸਾ ਲਿਆ ਹੋਇਆ ਠੀਕ ਗੱਲ ਨਹੀਂ ਹੈ। ਗੁਰੂ ਪੰਜਵੇਂ ਪਾਤਸ਼ਾਹ ਨੇ ਭਾਈ ਮੰਝ ਨੂੰ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਤੋਂ ਹਟਾ ਦਿਤਾ ਸੀ। ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਇਹਦੀ ਨੁਖਾਰ ਨਹੀਂ ਆਉਣੀ ਜਦ ਤਕ ਇਹ ਪੂਜਾ ਦਾ ਧਾਨ ਖਾਂਦਾ ਹੈ। ਦੂਜਾ ਭਾਈ ਗੁਰਦਾਸ ਜੀ ਨੇ ਲਿਖਿਆ ਹੋਇਆ ਹੈ ਕਿ –

***ਜਿਉ ਧਰਮਸਾਲਾ ਦੀ ਝਾਕੁ ਹੈ ਵਿਹੁ ਖੰਡਹੂ ਪਾਜੈ॥***

ਜਿਹੜੇ ਧਰਮਸਾਲਾ ਦੀ ਝਾਕ ਕਰਦੇ ਨੇ, ਗੁਰੂ ਦੇ ਸ਼ਬਦ ਦੇ ਬਦਲੇ ਪੈਸਾ ਲੈਂਦੇ ਨੇ। ਉਹ ਠੀਕ ਹੈ ਉਨ੍ਹਾਂ ਦਾ ਆਪਣਾ ਨਿਸ਼ਚਾ ਹੈ ਪਰ ਅਸੀਂ ਨਹੀਂ ਲੈ ਸਕਦੇ। ਅਸੀਂ ਸ਼ਬਦ ਨੂੰ ਮਹਾਨ ਸਮਝਦੇ ਹਾਂ। ਉਹਦੇ ਬਦਲੇ ਜੇ ਕੋਈ ਆਪਣਾ ਸਰੀਰ ਵੀ ਦੇਵੇਂ ਅਸੀਂ ਤਾਂ ਵੀ ਲੈਣ ਨੂੰ ਤਿਆਰ ਨਹੀਂ ਹਾਂ। ਸੋ ਇਸ ਕਰਕੇ ਅਸੀਂ ਸਟੇਜ ਤੇ ਪੈਸਾ ਨਹੀਂ ਲੈਂਦੇ।

ਦੂਜਾ ਰਿਹਾ ਗੁਰਦਵਾਰਿਆਂ ਦਾ ਸਾਡਾ ਇਹ ਪੱਕਾ ਨਿਸ਼ਚਾ ਹੈ ਕਿ ਗੁਰੂ ਮੇਰਾ ਬੈਠਾ ਹੈ ਇਥੇ ਹੀ। ਇਥੋਂ ਮੈਂ ਪੈਸਾ ਲੈ ਕੇ ਉਸ ਗੁਰੂ ਨੂੰ ਦੇਵਾਂ, ਫੇਰ ਰਤਵਾੜੇ ਸਾਹਿਬ ਵਾਲਾ ਗੁਰੂ ਹੋਰ ਹੋ ਗਿਆ, ਇਥੇ ਵਾਲਾ ਹੋਰ ਹੋ ਗਿਆ। ਮੈਂ ਇਥੇ ਗੁਰੂ ਕੋਲ ਗਿਆ। ਸੋ ਇਥੇ ਜੋ ਪੈਸਾ ਆਇਆ, ਸੰਗਤ ਜੁੜੀ ਹੈ, ਆਮਦਨ ਹੋਈ ਹੈ ਉਹਦੇ ਨਾਲ ਇਨ੍ਹਾਂ ਦਾ ਕੰਮ ਚਲੇਗਾ, ਮੈਂ ਇਨ੍ਹਾਂ ਦੀ ਮਦਦ ਕਰਨੀ ਹੈ ਕਿ ਮੈਂ ਇਨ੍ਹਾਂ ਤੋਂ ਆਪਣਾ ਹਿੱਸਾ ਵਾਪਸ ਲੈ ਲੈਣਾ ਹੈ। ਸੋ ਇਹ ਸਾਡੇ ਨਿਜੀ ਨਿਸ਼ਚੇ ਨੇ ਜਿਹੜੇ ਕਿਸੇ ਨਾਲ ਮੇਲ ਖਾਂਦੇ ਨੇ ਜਾਂ ਨਹੀਂ ਖਾਂਦੇ ਉਹ ਉਨ੍ਹਾਂ ਦੀ ਗੱਲ ਹੈ। ਸਾਡੀ ਸ਼ਰਧਾ ਭਾਵਨਾ ਇਹ ਹੈ ਕਿ ਗੁਰਦਵਾਰੇ ਤੋਂ ਅਸੀਂ ਨਹੀਂ ਸਿਰੋਪਾਓ, ਲੈਣਾ ਸਾਡੀਓ ਸੰਗਤ ਬੈਠੀ ਹੈ। ਹੁਣ ਮੈਂ ਰਤਵਾੜਾ ਸਾਹਿਬ ਕੀਰਤਨ ਕਰਦਾ ਹਾਂ ਉਥੇ ਮੈਂ ਕੋਈ ਸਿਰੋਪਾਓ ਲੈਂਦਾ ਹਾਂ? ਘਰ ਮੈਂ ਆਪਣੇ ਕੋਠੀ ਦੇ ਸਾਮ੍ਹਣੇ ਉਥੇ ਮੈਂ ਕੋਈ ਸਿਰੋਪਾਓ ਲੈਂਦਾ ਹਾਂ? ਹਾਂ ਮਾਇਆ ਪਹਿਲਾਂ ਮੈਂ ਲੈਂਦਾ ਨਹੀਂ ਸੀ। 1986 ਤੱਕ ਮੈਂ ਪੈਸੇ ਨੂੰ ਹੱਥ ਨਹੀਂ ਲਾਉਂਦਾ ਸੀ ਕਿਉਂਕਿ ਮੇਰੇ ਪਤਨੀ ਬੀਬੀ ਰਣਜੀਤ ਕੌਰ ਇਹ ਜਦੋਂ ਮੈਂ ਸਿੰਧ ਵਿਚ ਸੀ ਮੇਰੇ ਕੋਲ ਗਈ। ਉਸ ਵੇਲੇ ਮੈਂ 22 ਘੰਟੇ ਜਾਗ ਕੇ ਬੈਠਦਾ ਹੁੰਦਾ। ਇਹ ਮੇਰੇ ਕੋਲ ਰਹੀ। ਮੈਂ 9 ਮਹੀਨੇ ਇਹਨੂੰ ਨਾ ਬੁਲਾਇਆ। ਉਥੇ ਇਹਨੇ ਇਕ ਕਮਰਾ ਲਿਆ ਉਥੇ ਉਹ ਰਹਿੰਦੀ ਸੀ। ਦੀਵਾਲੀ ਵਾਲੀ ਰਾਤ ਸੀ, ਕੀਰਤਨ ਹੋ ਕੇ ਹਟਿਆ ਸੀ, ਮੈਂ ਸਿਰਫ ਇਕ ਗੱਲ ਕਰਨੀ ਹੈ ਤੁਹਾਡੇ ਨਾਲ ਤੇ ਤੁਸੀਂ ਅੱਜ ਘਰ ਪੈ ਜਾਓ। ਮੈਂ ਮੰਨ ਗਿਆ, ਮੈਂ ਕਿਹਾ ਪਹਿਲਾਂ ਮੈਨੂੰ ਉਹ ਗੱਲ ਦੱਸੋ ਕਿ ਜਿਹੜੀ ਮੇਰੇ ਨਾਲ ਕਰਨੀ ਹੈ। ਇਹਨੇ ਐਉਂ ਹੱਥ ਚੁੱਕਿਆ, ਕਹਿੰਦੀ ਆਪਾਂ ਹੱਥ ਐਂ (ਦੇਣ ਵਾਲਾ) ਕਰਨਾ ਹੈ, ਐਂ (ਲੈਣ ਵਾਲਾ) ਨਹੀਂ ਕਰਨਾ। ਮੈਨੂੰ ਤੁਹਾਡੇ ਨਾਲ ਕੋਈ  ਨਹੀਂ, ਤੁਸੀਂ ਪ੍ਰਚਾਰ ਕਰੋ, ਤਪ ਕਰੋ, ਭਜਨ ਕਰੋ ਜੋ ਕਰਨਾ ਹੈ ਕਰੋ, ਹੱਥ ਮੂਹਰੇ ਨਾ ਕਰਿਓ ਕਿਸੇ ਦੇ। ਉਸ ਦਿਨ ਤੋਂ ਮੈਂ ਇਹ ਗੱਲ ਮੰਨ ਲਈ। ਜੇ ਮੈਨੂੰ ਕੋਈ ਪੈਸਾ ਫੜਾਉਂਦਾ ਹੈ, ਮੇਰੇ ਨਾਲ ਰਹਿ ਕੇ ਦੇਖ ਲਓ ਮੈਂ ਕਦੇ ਨਹੀਂ ਐਉਂ ਹੱਥ ਕਰਦਾ। ਮੈਂ ਹਮੇਸ਼ਾ ਇਥੋਂ ਫੜਦਾ। ਹੇਠਾਂ ਨਹੀਂ ਮੈਂ ਹੱਥ ਕਰਦਾ। ਉਤੋਂ ਜਿਵੇਂ ਨਿਹੰਗ ਕਰਦੇ ਨੇ ਨਾ ਕਿ ਸਿਟ ਦੇ ਲੁੱਟਣਾ ਹੈ ਅਸੀਂ। ਆਹੀ ਹਾਲ ਮੇਰਾ ਹੈ। ਕਈ ਬੰਦੇ ਹੈਰਾਨ ਹੋ ਜਾਂਦੇ ਨੇ ਕਿ ਇਹ ਹੇਠਾਂ ਦੀ ਨੋਟ ਨਹੀਂ ਫੜਦਾ, ਉਤੋਂ ਦੀ ਫੜਦਾ ਹੈ। ਬਚਪਨ ਤੋਂ ਲੈ ਕੇ ਸਮਝ ਲਓ ਮੈਂ ਇਸ ਲਾਇਨ ਦੇ ਉਤੇ 26–27 ਤੋਂ ਲੱਗਿਆ ਹੋਇਆ ਹਾਂ। ਪੜ੍ਹਿਆ ਵੀ ਹਾਂ, ਖੇਤੀ ਵੀ ਕਰਦਾ ਰਿਹਾ, ਕੀਰਤਨ ਕਰਦਾ ਰਿਹਾ, ਇਕ ਤਾਂ ਮੈਂ ਕਦੇ ਕਿਸੇ ਦੇ ਘਰ ਖਾਂਦਾ ਨਹੀਂ ਹੈ। ਨਾ ਕਿਸੇ ਦੇ ਦੁੱਧ ਪੀਤਾ ਹੈ, ਨਾ ਚਾਹ ਪੀਤੀ ਹੈ, ਨਾ ਕਿਸੇ ਗੁਰਦੁਆਰੇ 'ਚ ਰੋਟੀ ਖਾਧੀ ਹੈ। ਸਿਰਫ ਖਾਧੀ ਹੈ ਜਦ ਮੈਨੂੰ ਹੱਦ ਤੋਂ ਜ਼ਿਆਦਾ ਭੁੱਖ ਲਗ ਜਾਵੇ। ਉਵੇਂ ਨਹੀਂ ਮੈਂ ਖਾਂਦਾ। ਉਹਦੇ ਅਵਜ਼ਾਨੇ ਦੇ ਵਿਚ ਜੇ ਮੈਂ ਪ੍ਰਸ਼ਾਦਾ ਛਕਿਆ ਹੈ ਤਾਂ ਆਪਣੀ ਜੇਬ ਵਿਚੋਂ 20 ਰੁਪਏ ਗੋਲਕ ਵਿਚ ਪਾਏ ਨੇ। ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੈਂ ਐਸ ਤਰ੍ਹਾਂ ਖਾਵਾਂ ਜਦ ਕਿ ਰੱਬ ਨੇ ਮੈਨੂੰ ਦਿਤਾ ਹੋਇਆ ਹੈ। ਪੈਸੇ ਪਹਿਲਾਂ ਪਾਉਣੇ ਨੇ ਪਿਛੋਂ ਪ੍ਰਸ਼ਾਦਾ ਲੈਣਾ ਹੈ। ਇਹ ਮੇਰੇ ਤੇ ਬੀਬੀ ਜੀ ਦੇ ਅੰਦਰ ਇਹ ਧਾਰਨਾ ਪੱਕੀ ਬੈਠੀ ਹੋਈ ਹੈ। ਕਿਉਂਕਿ ਅਸੀਂ ਇਸ ਗੱਲ ਨੂੰ ਸਤਿ ਮੰਨਦੇ ਹਾਂ ਕਿ –

***ਤਿਉ ਧਰਮਸਾਲਾ ਦੀ ਝਾਕ ਹੈ ਵਿਹੁ ਖੰਡਹੂ ਪਾਜੈ॥***

ਜਿਵੇਂ ਵਿਹੁ ਦੇ ਕੈਪਸੂਲ ਖੰਡ ਦੇ ਵਿਚ ਲਵੇੜੇ ਹੋਣ, ਐਉਂ ਪੂਜਾ ਦਾ ਧਾਨ ਫੈਲ ਜਾਂਦਾ ਹੈ। ਅਸੀਂ ਨਹੀਂ ਖਾਂਦੇ। ਕਿਉਂਕਿ ਗੁਰੂ ਮਹਾਰਾਜ ਨੇ ਪੂਜੇ ਹੋਏ ਧਾਨ ਦੀ ਤਸ਼ਬੀਹ ਨਹੀਂ ਕਰੀ ਹੋਈ। ਉਹ ਇਹ ਹੈ ਕਿ ਕਿਸੇ ਧਰਮ ਪੋਥੀ ਨੂੰ ਚੜ੍ਹੇ, ਧਰਮ ਮੂਰਤੀ ਨੂੰ ਚੜ੍ਹੇ, ਕਿਸੇ ਧਰਮ ਦੁਆਰੇ ਤੇ ਪੈਸਾ

ਮੱਥਾ ਟੇਕੇ, ਕਿਸੇ ਇਸ਼ਟ ਨੂੰ ਟੇਕਿਆ ਹੋਇਆ ਪੈਸਾ ਜਿਹੜਾ ਹੈ ਉਹ ਉਹਦਾ ਹੁੰਦਾ ਹੈ, ਉਹਦੇ ਉਤੇ ਸਾਡਾ ਕੋਈ ਹੱਕ ਨਹੀਂ।

1986 ਵਿਚ ਜਦੋਂ ਅਸਥਾਨ ਬਣਿਆ ਫੇਰ ਮੈਂ ਮੰਨ ਗਿਆ, ਉਸ ਤੋਂ ਪਹਿਲਾਂ ਜੇ ਸਾਡੇ ਕੋਲ ਪੈਸਾ ਹੋ ਵੀ ਜਾਂਦਾ ਸੀ ਤਾਂ ਪਹਿਲਾਂ ਮੇਰੇ ਘਰੋਂ ਬੀਬੀ ਅੰਦਰ ਨਹੀਂ ਸੀ ਪੈਸਾ ਵੜਨ ਦਿੰਦੀ। ਕਹਿੰਦੀ ਸੀ ਆਹ ਪੈਸਾ ਲੈ ਕੇ ਨਾ ਅੰਦਰ ਆਓ। ਬਾਹਰ-ਬਾਹਰ ਪੌੜੀਆਂ ਸੀ ਸਾਡੇ, ਉਥੇ ਇਕ ਖਾਨਾ ਬਣਿਆ ਹੋਇਆ ਸੀ, ਮੈਂ ਕਹਿਣਾ ਕਿ ਉਹ ਖਾਨੇ ਦੇ ਵਿਚ ਰੱਖਿਆ, ਤਾਲਾ ਲਾਇਆ। ਰਹਿ ਜਾਊਗਾ ਤਾਂ ਵੀ ਠੀਕ ਹੈ, ਵਾਹਾ, ਚਲਾ ਜਾਊ ਤਾਂ ਵੀ ਜਾਣ ਦੇ। ਇਹ ਤਾਂ ਅੰਦਰ ਨਹੀਂ ਵੜਨ ਦਿੰਦੀ। ਜਿਹੜਾ ਪੈਸਾ ਜ਼ਿਆਦਾ ਆਉਣ ਲੱਗਿਆ ਫੇਰ ਮੈਂ ਕਿਹਾ ਕਿ ਮੈਨੂੰ ਐਨਾ ਕੁ ਥਾਉਂ ਦੇ ਦੇ, ਓਨਾਂ ਕੁ ਥਾਉਂ ਮੈਂ ਰੱਖਿਆ ਹੋਇਆ ਹੈ। ਬਾਕੀ ਜੇ ਕਿਤੇ ਗਿਰ ਵੀ ਜਾਵੇ ਨਾ ਕੋਈ ਪੈਸਾ ਤਾਂ ਐਉਂ ਡਰਦੀ ਹੈ ਕਿ ਪਤਾ ਨਹੀਂ ਕੀ ਗਿਰ ਗਿਆ। ਹੱਥ ਨਹੀਂ ਲਾਉਣਾ। ਸੋ ਇਹ ਸਾਡਾ ਨਿਸ਼ਚਾ ਬਣ ਗਿਆ। ਆਪਣਾ ਖਾਣਾ ਹੈ। ਇਸ ਪੈਸੇ ਵਲ ਅਸੀਂ ਝਾਕਣਾ ਨਹੀਂ ਹੈ।

1986 ਤੋਂ ਪਹਿਲਾਂ ਮੈਂ ਅਮਰੀਕਾ ਵਿਚ ਆਇਆ, ਫੰਡ ਸਾਡੇ ਕੋਲ 15-16 ਹਜ਼ਾਰ ਜਮ੍ਹਾਂ ਹੋ ਗਿਆ। ਇਕ ਪਿੰਡ ਮੈਂ ਗਿਆ, ਉਹ ਕਹਿਣ ਲੱਗੇ ਅਸੀਂ ਬਹੁਤ ਗਰੀਬ ਹਾਂ। ਮੇਰੇ ਕੋਲ 16 ਹਜ਼ਾਰ ਰੁਪਿਆ ਪਿਆ ਹੈ, ਇਹਦੇ ਕਕਾਰ ਲਿਆਓ, ਦੋ ਸੌ ਬੰਦੇ ਨੇ ਅੰਮ੍ਰਿਤ ਛਕਿਆ ਹੈ। ਇਹਦੇ ਨਾਲ ਤੁਸੀਂ ਇਹ ਕਮਰਾ ਬਣਾ ਲਓ। ਉਹ ਉਗਰਾਹੀ ਕਰਾਉਂਦੇ ਰਹੇ ਉਹ ਪੈਸਾ ਉਥੇ ਖਰਚ ਹੋ ਜਾਂਦਾ ਹੈ। ਜਿਹੜੇ ਦੂਸਰੇ ਨੇ ਕੋਈ ਪੜ੍ਹ ਨਹੀਂ ਸਕਦਾ ਅਸੀਂ ਉਸ ਨੂੰ ਦਿੰਦੇ ਹਾਂ।

ਪਿਛੇ ਜਿਹੇ ਹੜ੍ਹ ਆ ਗਏ, ਮਲਹੋਤਰਾ ਸਾਹਿਬ ਜਿਥੋਂ ਮੇਰੇ ਵਾਕਫ ਹੋਏ, ਫਲੱਡਾਂ ਵਿਚ ਹੋਏ। ਮੈਂ ਪਾਣੀ ਵਿਚ ਘੁੰਮਦਾ ਫਿਰਦਾ ਸੀ ਇਨ੍ਹਾਂ ਨੇ ਦੇਖ ਲਿਆ ਕਿ ਬਜ਼ੁਰਗ ਆਦਮੀ ਹੈ, ਇਹ ਘਰ-ਘਰ ਦੇ ਵਿਚ ਫਿਰ ਰਿਹਾ ਹੈ, ਹਾਲਾਂਕਿ ਉਥੇ ਸੱਪ ਹੀ ਸੱਪ ਲੁਕੇ ਹੋਏ ਸੀ। ਉਸ ਵੇਲੇ ਉਹ ਲੋਕ ਜਦ ਇਕੱਠੇ ਹੋਏ, ਉਹ ਤਾਂ ਰੋਂਦੇ ਸੀ। ਮੈਂ ਵੀ ਰੋਂਦਾ ਸੀ। ਮੈਂ ਕੋਈ ਪੱਥਰ ਤਾਂ ਹਾਂ ਨਹੀਂ ਜਿਹੜਾ ਦਰਦ ਨਾ ਮੈਨੂੰ ਪਹੁੰਚੇ। ਮੈਂ ਕਿਹਾ ਤੁਸੀਂ ਫਿਕਰ ਨਾ ਕਰੋ। ਅੱਜ ਦਾ ਦਿਨ ਔਖੇ ਸੌਖੇ ਕੱਟ ਲਓ। ਕੱਲ੍ਹ ਸਵੇਰੇ ਹੀ ਤੁਹਾਡੇ ਕੋਲ ਸਾਰਾ ਸਮਾਨ ਆ ਜਾਏਗਾ। ਸਾਰੇ ਇਲਾਕੇ ਵਿਚ ਮੈਂ ਗਿਆ।

***'ਚਲਦਾ'***

(ਪੰਨਾ 40 ਦੀ ਬਾਕੀ)

ਇਹ ਟਿਕਣ ਵਿਚ ਨਹੀਂ ਆਉਂਦਾ। ਜਿਕੁਰ ਵੱਡਾ ਮਗਰਮੱਛ ਬਾਲਕ ਤੋਂ ਕਾਬੂ ਨਹੀਂ ਆ ਸਕਦਾ, ਇਕੁਰ ਹੀ ਹੇ ਮੁਨੀਸ਼ਰ! ਚਿੱਤ ਮੈਥੋਂ ਕਾਬੂ ਨਹੀਂ ਆਉਂਦਾ। ਮੈਨੂੰ ਪਹਿਲਾਂ ਕਿਰਪਾ ਕਰਕੇ ਚਿੱਤ ਦਾ ਸਰੂਪ ਤਾਂ ਸਮਝਾਓ। ਕੁੰਭਜ ਬੋਲਿਆ, ਰਾਜਨ, **ਚਿੱਤ ਦਾ ਸਰੂਪ ਵਾਸ਼ਨਾ ਹੈ। ਇਸ ਦੇ ਨਸ਼ਟ ਹੋਣ ਨਾਲ ਚਿੱਤ ਵੀ ਨਸ਼ਟ ਹੋ ਜਾਂਦਾ ਹੈ। ਡਾਲ ਦੇ ਨਾਸ਼ ਕਰਨ ਨਾਲ, ਬ੍ਰਿਛ ਨਾਸ਼ ਨਹੀਂ ਹੁੰਦਾ। ਜੜ੍ਹ ਦੇ ਨਾਸ਼ ਕਰਨ ਨਾਲ ਬ੍ਰਿਛ ਦਾ ਨਾਸ਼ ਹੁੰਦਾ ਹੈ।** ਏਕਾਂਤ ਵਿਚ ਬੈਠ ਕੇ, ਸਰਬ ਚਿੰਤਨਾਂ ਤੋਂ ਰਹਿਤ ਹੋ ਕੇ, ਇਕ ਆਸਰੇ ਦਾ ਤਿਆਗ ਕਰਨਾ ਅਰ ਦੂਜੇ ਦਾ ਅੰਗੀਕਾਰ ਕਰਨਾ ਅਰ ਇਸ ਧਿਆਨ ਵਿਚ ਇਸਥਿਤ ਹੋਣਾ ਕਿ ਮੈਂ ਐਸਾ ਤਿਆਗੀ ਹਾਂ, ਬਸ ਇਹ ਚਿੰਤਨ ਕਰਨਾ ਹੀ ਡਾਲ ਦਾ ਨਾਸ਼ ਕਰਨਾ ਹੈ। ਹੇ ਰਾਜਨ! ਇਕ ਡਾਲ ਦੇ ਨਾਸ਼ ਕਰਨ ਨਾਲ, ਬ੍ਰਿਛ ਨਾਸ਼ ਨਹੀਂ ਹੁੰਦਾ, ਸਗੋਂ ਹੋਰ ਵਧੇਰੇ ਫੁਲਦਾ ਫਲਦਾ ਹੈ। ਪਰ ਜੜ੍ਹ ਦੇ ਨਾਸ਼ ਕਰਨ ਨਾਲ ਬ੍ਰਿਛ ਦਾ ਨਾਸ਼ ਹੋ ਜਾਂਦਾ ਹੈ ਤਿਵੇਂ ਵਾਸ਼ਨਾ ਦਾ ਬੀਜ ਹਉਮੈਂ ਹੰਕਾਰ ਨਸ਼ਟ ਹੋਣ ਨਾਲ, ਚਿੱਤ ਦੇ ਸਭ ਦੇ ਸਭ ਫੁਰਨੇ ਨਸ਼ਟ ਹੋ ਜਾਂਦੇ ਹਨ। ਤਾਂ ਤੇ ਹਉਮੈਂ ਹੰਕਾਰ ਦਾ ਨਾਸ਼ ਕਰਕੇ ਸਦਾ ਸੁੱਖ ਦੀ ਪ੍ਰਾਪਤੀ ਕਰ। ਰਾਜਾ ਬੋਲਿਆ, ਹੇ ਦੇਵ ਪੁੱਤਰ! ਮੈਨੂੰ ਹੁਣ ਸਮਝ ਆਈ ਹੈ ਕਿ ਸੰਸਾਰ ਰੂਪੀ ਦੁਖਾਂ ਦੇ ਬ੍ਰਿਛ ਦਾ ਨਾਸ਼, ਇਸ ਦੀ ਜੜ੍ਹ ਕੱਟਣ ਨਾਲ ਹੁੰਦਾ ਹੈ, ਡਾਲਾਂ ਕੱਟਣ ਨਾਲ ਨਹੀਂ ਹੁੰਦਾ, ਪਰ ਮੈਂ ਤਾਂ ਹੁਣ ਤੱਕ ਚਿਰੰਕਾਲ ਤੋਂ ਡਾਲਾਂ ਹੀ ਕੱਟਦਾ ਰਿਹਾ ਹਾਂ, ਇਸੇ ਕਰਕੇ ਮੇਰੇ ਦੁਖ ਵੀ ਨਵਿਰਤ ਨਹੀਂ ਹੋਏ। ਹੁਣ ਕ੍ਰਿਪਾ ਕਰਕੇ ਇਹ ਦੱਸੋ ਕਿ ਹਉਮੈਂ ਹੰਕਾਰ ਦੀ ਉਤਪਤੀ, ਕਿਥੋਂ ਤੇ ਕਿਸ ਪ੍ਰਕਾਰ ਹੁੰਦੀ ਹੈ? ਕੁੰਭਜ ਨੇ ਉਤਰ ਦਿਤਾ ਕਿ ਤ੍ਰੈਗੁਣ ਅਤੀਤ, ਸੁਧ, ਅਫੁਰ ਚੇਤਨ ਵਿਚ, ਆਪਣੇ ਸਹਿਜ ਸੁਭਾਵ ਦੁਆਰਾ ਮੈਂ ਹਾਂ ਇਹ ਫੁਰਨਾ ਪੈਦਾ ਹੁੰਦਾ ਹੈ। ਇਹੋ ਦੇਸ਼, ਕਾਲ ਤੇ ਕਾਰਨਾਂ ਦਾ ਰਚਿਆ ਦਗਤ ਹੋ ਭਾਸਦਾ ਹੈ। ਇਸ ਵਿਚ ਹੀ ਹਰ ਪ੍ਰਕਾਰ ਦੇ ਕਾਰਨਾਂ ਦੀ ਉਤਪਾਦਕ (ਪੈਦਾ ਕਰਨ ਵਾਲੀ) ਸ਼ਕਤੀ ਮੌਜੂਦ ਹੈ ਅਰ ਇਸ ਵਿਚ ਹੀ, ਸਹਿਜ ਸੁਭਾਵ ਦੁਆਰਾ ਮੁੜ ਸ਼ੁਧ ਚੇਤਨਾ ਵਿਚ ਲੀਨ ਹੋਣ ਦੀ ਰਗਵਤ ਹੈ। ਬਸ ਜਦ ਅਨੰਤ ਜਨਮ ਮਰਨ ਦੇ ਗੇੜਾਂ ਮਗਰੋਂ ਹੌਲੀ ਹੌਲੀ ਇਹ ਰਗਵਤ ਪਰਪੱਕ ਹੋ ਜਾਂਦੀ ਹੈ ਤਾਂ ਉਹ ਸਮਾਂ ਆਉਂਦਾ ਹੈ, ਜਦ ਬ੍ਰਹਮਵੇਤਾ ਗੁਰੂ ਦੇ ਦਰਸ਼ਨ ਹੁੰਦੇ ਹਨ, ਇਸ ਦੇ ਉਪਦੇਸ਼ ਦੁਆਰਾ ਮੁੜ ਮੈਂ ਹਾਂ, ਇਹ ਫੁਰਨਾ (ਯਾਨੀ ਹਉਮੈਂ ਹੰਕਾਰ) ਨਵਿਰਤ ਹੋ ਜਾਂਦਾ ਹੈ, ਅਰ ਸ਼ੁਧ ਚੇਤਨ ਆਪਣੀ ਪਹਿਲੀ ਅਫੁਰ ਅਵਸਥਾ ਵਿਚ ਹੀ ਵਿਦਯਮਾਨ ਹੋ ਜਾਂਦਾ ਹੈ। ਹੇ ਤਿਆਗਵਾਨਾਂ ਵਿਚੋਂ ਉਤਮ, ਇਸ ਦਾ ਨਾਮ ਨਿਰਬਾਣ ਪਦ ਹੈ।

# ਅਨੰਦਮਈ ਜੀਵਨ ਜਾਂਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ ਦਸਵਾਂ

## ਆਪਣੇ ਚਕਿਤਿਸਕ ਬਣਨਾ ਸਿਖੋ

ਮੈਂ ਆਪਣੇ ਆਪ ਤੋਂ ਹੀ ਵੀ ਇਕ ਪ੍ਰਸ਼ਨ ਪੁੱਛਦਾ ਹਾਂ ਤੇ ਦੂਸਰਿਆਂ ਤੋਂ ਵੀ ਮੈਂ ਬਹੁਤ ਔਖੇ ਪ੍ਰਸ਼ਨ ਪੁੱਛੇ ਹਨ, ਕੋਈ ਵੀ ਉਸ ਦਾ ਉਤਰ ਨਹੀਂ ਦੇ ਸਕਿਆ, ਚਿਕਿਤਸਾ ਕੀ ਹੈ ਤੇ ਤੁਹਾਨੂੰ ਚਿਕਿਤਸਾ ਦੀ ਕੀ ਲੋੜ ਹੈ? ਚਿਕਿਤਸਾ ਦੇ ਕਿਹੜੇ ਪ੍ਰਤੀਬੰਧ ਹਨ? ਤੁਹਾਡਾ ਚਿਕਿਤਸਿਕ ਕੌਣ ਹੈ?

ਇਨ੍ਹਾਂ ਪ੍ਰਸ਼ਨਾਂ ਨੂੰ ਠੀਕ ਤਰ੍ਹਾਂ ਸਮਝਣ ਲਈ ਤੁਹਾਨੂੰ ਜੀਵਨ ਬਾਰੇ ਜਾਣ ਲੈਣਾ ਚਾਹੀਦਾ ਹੈ। ਸਰੀਰ ਬਦਲਦਾ ਹੈ, ਢਲਦਾ ਹੈ ਤੇ ਨਾਸ਼ਵਰ ਹੈ ਪਰ ਆਤਮਾ ਅਮਰ ਹੈ। ਇਹ ਇਕ ਉਹ ਸਤਿ ਹੈ ਜਿਹੜਾ ਸਭ ਜਾਣਦੇ ਹਨ ਅਤੇ ਮੰਨਦੇ ਹਨ, ਸਾਰੇ ਸਭਿਆਚਾਰ ਇਸ ਤੇ ਸਹਿਮਤ ਹਨ। ਮਿਸਾਲ ਵਜੋਂ ਜਦੋਂ ਈਸਾ ਜੀ ਗੈਲੀਲੀ ਸਮੁੰਦਰ ਦੇ ਤੱਟ ਤੇ ਸੀ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਨੂੰ ਦੱਸਿਆ ਕਿ ਸਰੀਰ ਨਾਸ਼ਵਾਨ ਹੈ, ਆਤਮਾ ਅਜਰ, ਅਮਰ ਤੇ ਅਟੱਲ ਹੈ। ਜੇ ਇਹ ਸੱਚ ਹੈ ਤਾਂ ਸਮੱਸਿਆ ਕਿਸ ਗੱਲ ਦੀ ਹੈ? ਜੇ ਤੁਸੀਂ ਇਕ ਵਾਰੀ ਇਹ ਜਾਣ ਗਏ ਹੋ ਸਮਝ ਗਏ ਹੋ ਕਿ ਸਰੀਰ ਨਾਸ਼ਵਰ ਹੈ, ਆਤਮਾ ਅਮਰ ਹੈ, ਫੇਰ ਕੀ ਡਰ ਹੈ। ਸਮੱਸਿਆ ਤਾਂ ਮਨ ਦੀ ਹੈ ਜਿਹੜਾ ਸਰੀਰ ਤੇ ਆਤਮਾ ਦੇ ਵਿਚ ਖੜ੍ਹਾ ਹੈ। ਸਾਰੀ ਸਾਧਨਾ, ਸਾਰੇ ਅਭਿਆਸ, ਮਨ ਲਈ ਹੀ ਹਨ। ਅਸੀਂ ਇਸ ਬਾਰੇ ਭਾਵੇਂ ਜੋ ਮਰਜ਼ੀ ਕਰੀਏ ਪਰ ਹਰ ਇਕ ਵਿਅਕਤੀ ਦਾ ਆਪਣਾ ਮਨ ਹੈ। ਮਨ ਨੂੰ ਸਮਝਣ ਲਈ ਤੁਹਾਨੂੰ ਆਪਣੀ ਸੋਚ ਵਿਧੀ ਸਮਝਣੀ ਪੈਂਦੀ ਹੈ, ਕੇਵਲ ਸੋਚਣੀ ਹੀ ਨਹੀਂ ਆਪਣੇ ਸੰਵੇਗਾਂ ਨੂੰ ਵੀ ਜਾਨਣਾ ਪੈਂਦਾ ਹੈ।

ਆਓ ਦੇਖੀਏ ਭਾਵ ਕੀ ਹਨ? ਭਾਵ ਕਿਵੇਂ ਪੈਦਾ ਹੁੰਦੇ ਹਨ? ਤੁਸੀਂ ਜਾਣਦੇ ਹੋ ਕਿ ਤੁਹਾਨੂੰ ਆਪਣੀ ਪਤਨੀ ਨਾਲ ਚੰਗਾ ਵਿਹਾਰ ਕਰਨਾ ਚਾਹੀਦਾ ਹੈ, ਤੁਹਾਨੂੰ ਦਿਆਲੂ, ਨਰਮ ਹਲੀਮੀ ਤੇ ਪਿਆਰ ਕਰਨ ਵਾਲੇ ਹੋਣਾ ਚਾਹੀਦਾ ਹੈ, ਇਹ ਸਭ ਕੁਝ ਜਾਣਦੇ ਹੋਏ ਵੀ ਤੁਸੀਂ ਇਕ ਦਮ ਉਤੇਜਿਤ ਹੋ ਜਾਂਦੇ ਹੋ। ਜ਼ੋਰ-ਜ਼ੋਰ ਦੀ ਬੋਲਣ ਲਗ ਪੈਂਦੇ ਹੋ, ਮਾਰਨ ਲਗ ਪੈਂਦੇ ਹੋ। ਤੁਸੀਂ ਕਰਨਾ ਨਹੀਂ ਚਾਹੁੰਦੇ, ਫੇਰ ਵੀ ਕਰ ਰਹੇ ਹੋ, ਜੇ ਤੁਸੀਂ ਇਹ ਕਰਦੇ ਹੀ ਰਹਿੰਦੇ ਹੋ, ਨਾ ਚਾਹੁੰਦੇ ਵੀ ਕਰਦੇ ਰਹਿੰਦੇ ਹੋ, ਇਸ ਤੋਂ ਭਾਵ ਹੈ ਕਿ ਤੁਸੀਂ ਬਿਮਾਰ ਹੋ ਤੇ ਤੁਹਾਨੂੰ ਚਿਕਿਤਸਾ ਦੀ ਲੋੜ ਹੈ।

ਚਿਕਿਤਸਾ ਤੋਂ ਭਾਵ ਹੈ, ਠੀਕ ਹੋਣਾ, ਨਿਅੰਤਰ ਵਿਚ ਰਹਿਣ ਦੀ ਵਿਧੀ ਨੂੰ ਸਿਖਣਾ। ਇਹੋ ਜਿਹੀ ਸਾਧਾਰਨਤਾ ਲਿਆਉਣੀ, ਨਿਅੰਤਰਤਾ ਲਿਆਉਣ ਲਈ ਤੁਹਾਨੂੰ ਚਿਕਿਤਸਾ ਬਾਰੇ ਜਾਨਣ ਦੀ ਲੋੜ ਹੈ।

ਚਿਕਿਤਸਾ ਤੋਂ ਭਾਵ ਹੈ, ਠੀਕ ਹੋਣ, ਨਿਅੰਤਰਣ ਵਿਚ ਰਹਿਣ ਦੀ ਵਿਧੀ ਨੂੰ ਸਿੱਖਣਾ। ਇਹੋ ਜਿਹੀ ਸਾਧਾਰਣਤਾ, ਨਿਅੰਤਰਤਾ ਲਿਆਉਣ ਲਈ ਤੁਹਾਨੂੰ ਚਿਕਿਤਸਾ ਬਾਰੇ ਜਾਨਣ ਦੀ ਲੋੜ ਹੈ। ਜੇ ਤੁਸੀਂ ਇਹ ਪ੍ਰਸ਼ਨ ਪੁੱਛੋ ਕਿ ਸਾਧਾਰਣ ਤੇ ਨਿਅੰਤਰ ਵਿਚ ਕਿਵੇਂ ਆਈਦਾ ਹੈ? ਕਿਵੇਂ ਸਾਧਾਰਣ ਬਣੀਦਾ ਹੈ? ਇਸ ਦੇ ਕਈ ਸਿਧਾਂਤ ਹਨ ਜਿਹੜੇ ਤੁਹਾਨੂੰ ਸਮਝ ਲੈਣੇ ਚਾਹੀਦੇ ਹਨ। ਜੇ ਤੁਸੀਂ ਇਨ੍ਹਾਂ ਸਿਧਾਂਤਾਂ ਨੂੰ ਮੁੱਖ ਰੱਖ ਕੇ ਆਪਣੇ ਆਪ ਨੂੰ ਸੋਧੋਗੇ ਆਪਣੇ ਆਪ ਤੇ ਕੰਮ ਕਰੋਗੇ ਤੁਹਾਨੂੰ ਫਾਇਦਾ ਹੋਵੇਗਾ ਤੇ ਤੁਹਾਡਾ ਚਿਕਿਤਸਕ ਤੁਹਾਡੇ ਤੇ ਪ੍ਰਸੰਨ ਹੋਵੇਗਾ ਤੇ ਹੈਰਾਨ ਹੋਵੇਗਾ ਕਿ ਤੁਸੀਂ ਐਨੀ ਛੇਤੀ ਕਿਵੇਂ ਸਿੱਖ ਗਏ ਹੋ। ਸਾਰੇ ਚਿਕਿਤਸਕਾਂ ਨੂੰ ਤੇ ਅਧਿਆਪਕਾਂ ਨੂੰ ਚਾਰ ਸਿਧਾਂਤ ਤਾਂ ਆਪਣੇ ਸ਼ਿਸ਼ਾਂ ਨੂੰ ਦੱਸਣੇ ਹੀ ਚਾਹੀਦੇ ਹਨ। ਪਹਿਲਾ, ਸਾਡੀ ਖਾਣ ਪੀਣ ਦੀ ਲੋੜ, ਦੂਸਰਾ ਕਾਮ, ਤੀਸਰਾ ਸੌਣਾ, ਚੌਥਾ ਆਤਮ ਸੰਭਾਲ। ਇਕ ਚਾਰ ਪ੍ਰਧਾਨ ਸੋਮੇ ਹਨ ਜਿਨ੍ਹਾਂ ਤੋਂ ਹੀ ਸਾਰੀਆਂ ਸਮੱਸਿਆਵਾਂ ਸ਼ੁਰੂ ਹੁੰਦੀਆਂ ਹਨ।

ਸਭ ਤੋਂ ਪਹਿਲਾਂ ਬਹੁਤ ਸਾਰੀ ਸਮੱਸਿਆ ਦਾ ਕਾਰਨ ਹੈ ਖਾਣਾ ਪੀਣਾ। ਅਸੀਂ ਆਪਣੀ ਇਸ ਜ਼ਰੂਰਤ ਨੂੰ ਕਿਵੇਂ ਨਿਅੰਤਰ ਵਿਚ ਲੈ ਕੇ ਆਉਂਦੇ ਹਾਂ? ਜੇ ਤੁਹਾਡਾ ਖਾਣਾ ਪੀਣਾ ਠੀਕ ਨਹੀਂ ਹੈ ਉਸ ਵਿਚ ਨਿਅੰਤਰ ਨਹੀਂ, ਉਹ ਪੌਸ਼ਟਿਕ ਨਹੀਂ, ਤੁਸੀਂ ਸੰਵੇਗਕ ਪੱਖੋਂ ਵੀ ਆਪਣਾ ਨਿਅੰਤਰ ਗੁਆ ਬੈਠੋਗੇ, ਕਿਉਂਕਿ ਤੁਸੀਂ ਸਰੀਰ ਨੂੰ ਪੂਰਾ ਆਹਾਰ ਨਹੀਂ ਪਹੁੰਚਾ ਰਹੇ। ਜਿਹੜੇ ਸ਼ਕਰ ਰੋਗ ਦੇ ਮਰੀਜ਼ ਹਨ ਉਨ੍ਹਾਂ ਨੂੰ ਪੁੱਛੋ ਉਹ ਕਿੰਨੇ ਉਦਾਸ ਤੇ ਦੁਖੀ ਰਹਿੰਦੇ ਹਨ, ਉਨ੍ਹਾਂ ਲਈ ਜੀਵਨ ਵਿਚ ਕੁਝ ਚੰਗਾ ਹੈ ਹੀ ਨਹੀਂ। ਤੁਸੀਂ ਭਾਵਕੁ ਬਿਮਾਰੀ ਸੰਵੇਗਕ ਬਿਮਾਰੀ ਦਾ ਵਿਸ਼ਲੇਸ਼ਨ ਕਰਕੇ ਉਸ ਦਾ ਰਿਸ਼ਤਾ ਖਾਣੇ ਨਾਲ ਜੋੜ ਸਕਦੇ ਹੋ। ਜੇ ਤੁਸੀਂ ਸਰੀਰ ਨੂੰ ਪੂਰੀ ਖੁਰਾਕ ਨਹੀਂ ਦਿਓਗੇ, ਤੁਹਾਡਾ ਸਰੀਰ

ਮੰਗੇਗਾ। ਤੁਸੀਂ ਸਰੀਰ ਨੂੰ ਮਾੜੀ ਖੁਰਾਕ ਦਿੰਦੇ ਹੋ ਕਿਉਂਕਿ ਤੁਹਾਡੀਆਂ ਆਦਤਾਂ ਬੁਰੀਆਂ ਹਨ। ਜਿਹੜੀ ਭੁੱਖ ਤੁਸੀਂ ਬਣਾ ਲਈ ਹੈ। ਸੁਆਦ ਦੀ ਭੁੱਖ ਕੋਈ ਕੁਦਰਤੀ ਨਹੀਂ ਹੈ, ਸੁਆਦ ਜਮਾਂਦਰੂ ਨਹੀਂ ਹੈ। ਸੁਆਦ ਦੀ ਭੁੱਖ ਜਿਵੇਂ ਜਿਵੇਂ ਤੁਸੀਂ ਵੱਡੇ ਹੁੰਦੇ ਹੋ, ਉਸ ਤਰ੍ਹਾਂ ਤੁਸੀਂ ਗ੍ਰਹਿਣ ਕਰਦੇ ਹੋ, ਸਮਾਜ ਤੇ ਸੰਸਾਰ ਦਾ ਉਸ ਵਿਚ ਬਹੁਤ ਵੱਡਾ ਹੱਥ ਹੈ। ਆਪਣਾ-ਆਪਣਾ ਸਭਿਆਚਾਰ ਸਭ ਨੂੰ ਹੀ ਬਹੁਤ ਚੰਗਾ ਲਗਦਾ ਹੈ। ਮੈਂ ਸਮਝਦਾ ਹਾਂ ਸਾਰੇ ਸਭਿਆਚਾਰ ਪੁਰਾਤਨ ਹੀ ਹਨ, ਅਸੀਂ ਵੀ ਪ੍ਰਾਚੀਨ ਹਾਂ, ਕੋਈ ਵੀ ਖਾਣੇ ਦੇ ਸੁਆਦ ਉਸ ਤਰ੍ਹਾਂ ਨਹੀਂ ਜਾਣਦਾ ਜਿਸ ਤਰ੍ਹਾਂ ਉਹ ਹੈ। ਪਕਾ ਕੇ, ਰਿੰਨ ਕੇ, ਭੁੰਨ ਕੇ ਹੀ ਖਾਣਾ ਚਾਹੀਦਾ ਹੈ ਪਰ ਤੁਸੀਂ ਖਾਣਾ ਹੀ ਨਹੀਂ ਚਾਹੁੰਦੇ। ਕੋਈ ਵੀ ਖਾਣ ਵਾਲੀਆਂ ਚੀਜ਼ਾਂ ਨੂੰ ਉਸ ਤਰ੍ਹਾਂ ਨਹੀਂ ਖਾਂਦਾ ਜਿਸ ਤਰ੍ਹਾਂ ਉਹ ਹਨ, ਤੁਸੀਂ ਤਾਂ ਉਹ ਖਾਂਦੇ ਹੋ ਜੋ ਤੁਸੀਂ ਸਿਖਿਆ ਹੈ ਅਪਣਾਇਆ ਹੈ। ਇਸ ਤਰ੍ਹਾਂ ਨਾਲ ਅਸੀਂ ਕਈ ਖਾਣ ਦੀਆਂ ਆਦਤਾਂ ਤੇ ਕਈ ਤਰ੍ਹਾਂ ਦੀ ਭੁੱਖ ਅਪਣਾ ਲਈ ਹੈ ਜਿਹੜੀ ਕਿ ਸਾਡੇ ਸਰੀਰ ਲਈ ਠੀਕ ਨਹੀਂ। ਇਹ ਸਾਡੇ ਸਭਿਆਚਾਰ ਦੀ ਦੇਣ ਹੈ। ਅਸੀਂ ਚੰਗਾ ਤੇ ਪੌਸ਼ਟਿਕ ਆਹਾਰ ਨਹੀਂ ਖਾਂਦੇ, ਅਸੀਂ ਆਪਣੇ ਸਰੀਰ ਨੂੰ ਉਹ ਤੱਤ ਨਹੀਂ ਦਿੰਦੇ ਜਿਹੜੇ ਉਸ ਨੂੰ ਚਾਹੀਦੇ ਹਨ ਜਿਹੜੇ ਉਸ ਲਈ ਆਵੱਸ਼ਕ ਹਨ। ਅਸੀਂ ਤਾਂ ਸਰੀਰ ਨੂੰ ਊਟ ਪਟਾਂਗ ਹੀ ਦਿੰਦੇ ਰਹਿੰਦੇ ਹਾਂ ਜਿਸ ਨਾਲ ਬਹੁਤ ਸਮੱਸਿਆ ਪੈਦਾ ਹੋ ਜਾਂਦੀ ਹੈ।

ਦੂਸਰੀ ਪ੍ਰਾਚਨੀ ਲੋੜ ਹੈ ਸੌਣਾ। ਮੈਂ ਸੌਣ ਉਤੇ ਪੂਰੀ ਖੋਜ ਕੀਤੀ ਹੈ। ਇਹ ਖੋਜ ਮੈਂ Hamburg University ਵਿਚ ਕੀਤੀ ਹੈ। ਇਕ ਦਿਨ ਮੈਂ ਆਪ ਵੀ ਹਿੱਸਾ ਲਿਆ, ਮੈਂ ਨਿਸ਼ਚਾ ਕੀਤਾ, ਮੈਂ ਦੇਖਾਂਗਾ ਕਿ ਜਦੋਂ ਨੀਂਦ ਆਉਂਦੀ ਹੈ ਕੀ ਹੁੰਦਾ ਹੈ, ਮੈਂ ਸੌਂ ਹੀ ਨਹੀਂ ਸਕਿਆ, ਕਿਉਂਕਿ ਮੈਂ ਆਪਣੇ ਮਨ ਨੂੰ ਜਾਂਚ ਰਿਹਾ ਸੀ। ਜਦੋਂ ਤੱਕ ਮੈਂ ਜਾਂਚਦਾ ਰਿਹਾ ਦੇਖਦਾ ਰਿਹਾ ਮੈਂ ਸੌਂ ਨਹੀਂ ਸਕਿਆ।

ਕਦੀ ਕਦੀ ਅਸੀਂ ਬਹੁਤ ਹੀ ਵਿਆਕੁਲ ਹੋ ਜਾਂਦੇ ਹਾਂ। ਬਹੁਤ ਹੀ ਪਰੇਸ਼ਾਨ ਹੋ ਜਾਂਦੇ ਹਾਂ ਤੇ ਮਨ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਮਨ ਨੂੰ ਮਨ ਕਦੀ ਵੀ ਨਹੀਂ ਸਮਝ ਸਕਦਾ ਇਹ ਤਾਂ ਸੰਭਵ ਹੀ ਨਹੀਂ। ਮਨ ਤੋਂ ਪਰ੍ਹੇ ਕੁਝ ਹੈ। ਇਸ ਤੋਂ ਭਾਵ ਇਹ ਨਹੀਂ ਕਿ ਮਨ ਤੋਂ ਪਰ੍ਹੇ ਪਹੁੰਚਿਆ ਹੀ ਨਹੀਂ ਜਾ ਸਕਦਾ, ਇਹ ਵੀ ਨਹੀਂ ਕਿ ਉਹ ਪਹੁੰਚ ਤੋਂ ਬਾਹਰ ਹੈ ਪਰ੍ਹੇ ਵੇਦਾਂਤ ਫਿਲੌਸਫੀ ਅਨੁਸਾਰ ਤੇ ਯੋਗ ਫਿਲੌਸਫੀ ਅਨੁਸਾਰ (beyond) ਦਾ ਅਰਥ ਹੈ ਪਹੁੰਚਿਆ ਜਾ ਸਕਣ ਵਾਲਾ। ਤੁਹਾਡੀ ਆਤਮਾ ਤੁਹਾਡੇ ਮਨ ਤੋਂ ਪਰ੍ਹੇ ਹੈ ਭਾਵ ਤੁਹਾਡੇ ਅੰਦਰ ਹੈ ਡੂੰਘਾ ਜੋ ਕੁਝ ਵੀ ਪਰ੍ਹੇ (beyond) ਹੈ ਉਸ ਦੀ ਖੋਜ ਉਪਰੀ ਤਰੀਕੇ ਨਾਲ ਨਾ ਕਰੋ, ਉਸ ਲਈ ਡੂੰਘੇ ਜਾਓ। ਜਦੋਂ ਤੁਸੀਂ ਕਿਸੇ ਚੀਜ਼ ਲਈ ਚੇਤਨ ਹੋ ਜਾਂਦੇ ਹੋ, ਉਹ ਮਨ ਤੋਂ ਪਰ੍ਹੇ ਹੀ ਹੁੰਦੀ ਹੈ। ਜਦੋਂ ਤੁਸੀਂ ਡੂੰਘੀ ਤੇ ਸੂਖਮ ਤੇ ਨਿਰਭਰ ਹੋ ਜਾਂਦੇ ਹੋ, ਫੇਰ ਮਨ ਨੂੰ ਸਾਕਸ਼ੀ ਨਾ ਬਣਾਓ, ਉਸ ਨੂੰ ਸਮਝੋ। ਤੁਸੀਂ ਸਮਝਦੇ ਹੋ ਕਿ ਮਨ ਸਰਬਵਿਆਪਕ ਹੈ, ਤੁਸੀਂ ਮਨ ਦੀ ਸੁਣਦੇ ਹੋ ਤੇ ਉਸ ਦੇ ਅਨੁਸਾਰ ਚਲਦੇ ਹੋ। ਜੇ ਤੁਸੀਂ ਇਸ ਤਰ੍ਹਾਂ ਹੀ ਕਰਦੇ ਰਹੇ ਤੁਹਾਨੂੰ ਕਿੰਨੇ ਹੀ ਜੀਵਨ ਮਨ ਨੂੰ ਸਮਝਣ ਨੂੰ ਲਗ ਜਾਣਗੇ।

ਤੁਸੀਂ ਟੇਪ ਰਿਕਾਰਰ ਦੀ ਵਰਤੋਂ ਕਰੋ। ਜੋ ਕੁਝ ਵੀ ਤੁਸੀਂ ਸੋਚਦੇ ਹੋ ਉਹ ਰਿਕਾਰਡ ਹੁੰਦੀ ਰਹੇ, ਲੱਖਾਂ ਕਰੋੜਾਂ ਵਿਚਾਰ ਤੁਹਾਡੇ ਮਨ ਵਿਚੋਂ ਲੰਘਦੇ ਹਨ, ਕੋਈ ਅੱਧੇ ਘੰਟੇ ਵਿਚ ਹੀ ਇਹ ਸਾਰੇ ਲੰਘ ਜਾਂਦੇ ਹੋਣਗੇ। ਜੇ ਤੁਸੀਂ ਸਾਰੇ ਵਿਚਾਰਾਂ ਨੂੰ ਰਿਕਾਰਡ ਕਰਨਾ ਚਾਹੋ ਤਾਂ ਪੂਰਾ ਦਿਨ ਹੀ ਲੱਗ ਜਾਵੇਗਾ। ਇਕ ਦਿਨ ਦੇ ਵਿਚਾਰਾਂ ਨੂੰ ਰਿਕਾਰਡ ਲਈ ਪੂਰਾ ਹਫਤਾ ਲਗ ਜਾਵੇਗਾ। ਇਸ ਤਰ੍ਹਾਂ ਤੁਸੀਂ ਦੇਖੋਗੇ ਮਨ ਨੂੰ ਛੇਤੀ ਕਿਤੇ ਨਹੀਂ ਸਮਝਿਆ ਜਾ ਸਕਦਾ। ਇਹ ਤਾਂ ਇਕ ਬਾਹਰੀ ਤਰੀਕਾ ਹੈ ਮਨ ਨੂੰ ਸਮਝਣ ਦਾ, ਇਹ ਹੀ ਅੱਜ ਦਾ ਵਿਗਿਆਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਉਹ ਅਸਫਲ ਹੈ। ਇਸੇ ਕਰਕੇ ਮਨੋਵਿਗਿਆਨ ਦੇ ਪੱਖ ਵੀ ਵਿਗਿਆਨਕ ਨਹੀਂ ਮੰਨੇ ਜਾਂਦੇ। ਦੋ ਧਾਰਨਾਵਾਂ ਹਨ ਇਕ ਹੈ ਕਿ ਬਾਹਰੀ ਪ੍ਰਯੋਗ ਕੀਤਾ ਜਾਂਦਾ ਹੈ, ਦੂਸਰਾ ਹੈ ਅੰਦਰ ਦਾ ਪ੍ਰਯੋਗ, ਅੰਦਰ ਦਾ ਪ੍ਰਯੋਗ ਤੁਹਾਨੂੰ ਅੰਦਰ ਹੋਰ ਅੰਦਰ ਡੂੰਘਾ ਲੈ ਜਾਂਦਾ ਹੈ। ਇਹ ਬਿਲਕੁਲ ਇਕ ਵੱਖਰਾ ਤਰੀਕਾ ਹੈ, ਅੰਦਰ ਦੀ ਖੋਜ ਵਿਚ ਬਾਹਰੀ ਕੋਈ ਵੀ ਯੰਤਰ ਨਹੀਂ ਹਨ, ਤੁਹਾਨੂੰ ਆਪਣੀ ਸਹਾਇਤਾ ਆਪ ਹੀ ਕਰਨੀ ਪੈਂਦੀ ਹੈ, ਤੁਹਾਨੂੰ ਤਰੀਕਾ ਸਮਝਣਾ ਪਵੇਗਾ ਕਿਵੇਂ ਕਰਨਾ ਹੈ ਜਾਨਣਾ ਪਵੇਗਾ, ਉਸ ਤਰੀਕੇ ਨਾਲ ਹੀ ਅੰਦਰ ਜਾਣਾ ਹੈ, ਉਸ ਤਰੀਕੇ ਨਾਲ ਹੀ ਅੰਦਰ ਜਾਣਾ ਪਵੇਗਾ। ਜਿਵੇਂ ਤੁਸੀਂ ਕੋਈ ਤਰੀਕੇ ਬਣਾਉਂਦੇ ਹੋ, ਕਈ ਨੇਮ ਬਣਾਉਂਦੇ ਹੋ, ਕਈ ਤਰੀਕੇ ਆਪਣੀ ਖੋਜ ਕਰਨ ਲਈ ਬਣਾਉਂਦੇ ਹੋ, ਅਨੁਸਾਸ਼ਨ ਬਣਾਉਂਦੇ ਹੋ। ਇਸੇ ਤਰ੍ਹਾਂ ਅੰਦਰ ਦੀ ਖੋਜ ਲਈ ਵੀ ਤਰੀਕਿਆਂ ਦੀ ਜ਼ਰੂਰਤ ਹੈ, ਪਰ ਪੂਰੀ ਤਰ੍ਹਾਂ ਨਾਲ ਮਨ ਨੂੰ ਸਮਝਣਾ ਸੰਭਵ ਹੀ ਨਹੀਂ।

ਬਾਹਰੀ ਸੰਸਾਰ ਤਾਂ ਮਨ ਨੂੰ ਬੌਂਦਲਾਅ ਕੇ ਹੀ ਰੱਖਦਾ ਹੈ ਕਿਉਂਕਿ ਬਾਹਰੀ ਸੰਸਾਰ ਤਾਂ ਹਰ ਪਲ ਬਦਲਦਾ ਹੈ। ਭੌਤਿਕ ਵਿਗਿਆਨ ਕਹਿੰਦਾ ਹੈ ਕਿ ਹਰ ਕੁਝ ਚਲ ਰਿਹਾ ਹੈ, ਜਦੋਂ ਸਭ ਕੁਝ ਹਰ ਸਮੇਂ ਗਤੀ ਵਿਚ ਹੀ ਹੈ, ਚੱਲ ਹੀ ਰਿਹਾ ਹੈ, ਬਦਲ ਹੀ ਰਿਹਾ ਹੈ ਤਾਂ ਮਨ ਤਾਂ ਧੂੰਆਂਧਾਰ ਬਣ ਹੀ ਜਾਂਦਾ ਹੈ ਤੇ ਘਟਨਾਵਾਂ ਚੰਗੀ ਤਰ੍ਹਾਂ ਮਨ ਵਿਚ

ਚਿਤਰੀਆਂ ਹੀ ਨਹੀਂ ਜਾ ਸਕਦੀਆਂ। ਬਾਹਰੀ ਸੰਸਾਰ ਵਿਚ ਤਾਂ ਤੁਸੀਂ ਬਦਲਾਅ, ਗਤੀ ਬੰਦ ਕਰ ਹੀ ਨਹੀਂ ਸਕਦੇ। ਤੁਸੀਂ ਸਿਰਫ ਇਕ ਗੱਲ ਕਰ ਸਕਦੇ ਹੋ, ਤੁਸੀਂ ਆਪਣੇ ਮਨ ਨੂੰ ਸ਼ੁਧ ਕਰ ਸਕਦੇ ਹੋ। ਮਨ ਨੂੰ ਕਿਵੇਂ ਸ਼ੁਧ ਕੀਤਾ ਜਾ ਸਕਦਾ ਹੈ? ਉਸ ਲਈ ਤੁਹਾਨੂੰ ਮਨ ਦੇ ਵੱਖ-ਵੱਖ ਕਾਰਜ, ਵੱਖ-ਵੱਖ ਫੰਕਸ਼ਨ ਸਮਝਣੇ ਪੈਣਗੇ।

ਮਨ ਦੇ ਆਪਣੇ ਚਾਰ ਮੁੱਖ ਕਾਰਜ ਹਨ, ਮਾਨਸ - ਜਿਸ ਨੂੰ ਤੁਸੀਂ ਸੰਵੇਦਾਨਤਮ, ਚਾਲਕ ਮਨ, ਬੁੱਧੀ ਜਿਸਨੂੰ ਤੁਸੀਂ ਅਕਲ ਸਿਆਣਪ ਕਹਿੰਦੇ ਹੋ, ਅਹੰਕਾਰ ਹਉਮੈ ਤੇ ਚਿੱਤ, ਜਿਸ ਤੋਂ ਸਾਰੇ ਗਿਆਨ ਦਾ ਪ੍ਰਵਾਹ ਹੁੰਦਾ ਹੈ, ਤੁਹਾਡੀਆਂ ਯਾਦਾਂ ਦਾ ਭੰਡਾਰ। ਜਦੋਂ ਤੁਸੀਂ ਇਹ ਚਾਰ ਕਾਰਜ ਸਮਝ ਜਾਂਦੇ ਹੋ ਫੇਰ ਤੁਸੀਂ ਇਹ ਜਾਣ ਜਾਂਦੇ ਹੋ ਕਿ ਹਰ ਇਕ ਕਾਰਜ ਮਹੱਤਵਪੂਰਨ ਹੈ। ਜਦੋਂ ਤੁਸੀਂ ਇਹ ਚਾਰੋਂ ਕਾਰਜ ਸਮਝ ਵੀ ਜਾਂਦੇ ਹੋ ਤੁਹਾਨੂੰ ਇਕ ਸਮੱਸਿਆ ਸਮਝਣੀ ਪਵੇਗੀ ਤੁਹਾਡਾ ਮਨ ਕੁਝ ਕਰਨਾ ਚਾਹੁੰਦਾ ਹੈ ਪਰ ਤੁਹਾਡੀ ਬੁੱਧੀ ਤੁਹਾਡੀ ਸਿਆਣਪ ਤੁਹਾਨੂੰ ਕਰਨ ਨਹੀਂ ਦਿੰਦੀ।

ਇਹ ਤੁਹਾਡੇ ਰੋਜ਼ਾਨਾ ਜੀਵਨ ਵਿਚ ਬਹੁਤ ਵਾਰੀ ਹੁੰਦਾ ਹੈ। ਮਨ ਕਹਿੰਦਾ ਹੈ ਅੱਜ ਕੰਮ ਨਹੀਂ ਕਰਨਾ ਪਰ ਬੁੱਧੀ ਕਹਿੰਦੀ ਹੈ ਜੇ ਅਜ ਕੰਮ ਨਹੀਂ ਕੀਤਾ, ਪੈਸੇ ਨਹੀਂ ਮਿਲਣੇ, ਬਿਲ ਕਿਥੋਂ ਦੇਣੇ ਹਨ। ਸੋ ਤੁਸੀਂ ਮਨ ਦੇ ਵਿਪਰੀਤ ਹੋ ਕੇ ਹੀ ਕੰਮ ਕਰ ਰਹੇ ਹੋ। ਪਰ ਬਹੁਤ ਵਾਰੀ ਤੁਸੀਂ ਆਪਣੇ ਮਨ ਦੀ ਮੰਨਦੇ ਹੋ ਬੁੱਧੀ ਦੀ ਸੁਣਦੇ ਹੀ ਨਹੀਂ। ਇਸ ਤਰ੍ਹਾਂ ਨਾਲ ਇਹ ਦਵੰਦ ਚਲਦਾ ਹੀ ਰਹਿੰਦਾ ਹੈ। ਦਵੰਦ ਨਾਲ ਵੰਡ ਹੋ ਜਾਂਦੀ ਹੈ। ਹਰ ਵੇਲੇ ਦਾ ਦਵੰਦ, ਜੋ ਅੰਤਰ ਨੂੰ ਵੰਡ ਦਿੰਦਾ ਹੈ। ਇਹ ਹੀ ਬਹੁਤ ਸਾਰੀਆਂ ਬੀਮਾਰੀਆਂ ਦਾ ਕਾਰਨ ਬਣ ਜਾਂਦਾ ਹੈ। ਤੁਹਾਡਾ ਆਪਣੇ ਸਰੀਰ ਬਾਰੇ ਆਪਣੇ ਮਨ ਬਾਰੇ ਅਗਿਆਨ ਹੀ ਤੁਹਾਡੀ ਬਿਮਾਰੀ ਦਾ ਕਾਰਨ ਬਣਦਾ ਹੈ। ਸਭ ਤੋਂ ਔਖਾ ਹੈ ਆਪਣੀਆਂ ਆਦਤਾਂ ਨਾਲ ਜੂਝਣਾ।

ਆਓ ਆਦਤਾਂ ਦਾ ਵਿਸ਼ਲੇਸ਼ਨ ਕਰੀਏ। ਕੋਈ ਵੀ ਚੀਜ਼ ਜਦੋਂ ਤੁਸੀਂ ਬਾਰ-ਬਾਰ ਕਰੋਗੇ, ਦੌਹਰਾਓਗੇ, ਬਹੁਤ ਦੇਰ ਤੱਕ ਕਰਦੇ ਰਹੋਗੇ ਉਹ ਤੁਹਾਡੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ ਤੇ ਉਹ ਤੁਹਾਡੀ ਆਦਤ ਬਣ ਜਾਂਦੀ ਹੈ। ਜਦੋਂ ਤੁਸੀਂ ਆਪਣੇ ਜੀਵਨ ਦਾ ਵਿਸ਼ਲੇਸ਼ਨ ਕਰਦੇ ਹੋ, ਝਾਤੀ ਪਾਉਂਦੇ ਹੋ, ਆਪਣੀਆਂ ਆਦਤਾਂ ਨੂੰ ਦੇਖੋ, ਉਨ੍ਹਾਂ ਨੇ ਇਕ ਪੜਦਾ ਢਕਿਆ ਹੋਇਆ ਹੈ, ਉਨ੍ਹਾਂ ਨੇ ਬਾਹਰੀ ਇਕ ਤਹਿ ਬਣਾਈ ਹੋਈ ਹੈ। ਤੁਸੀਂ ਸਾਰੇ ਹੀ ਅੰਦਰੋਂ ਬਹੁਤ ਸੋਹਣੇ ਹੋ। ਅੰਤਰ ਆਤਮਾ ਹੈ, ਆਤਮਾ ਅਮਰ ਹੈ ਹਰ ਇਕ ਵਿਚ ਇਕੋ ਹੀ ਆਤਮਾ ਹੈ, ਪਰ ਤੁਸੀਂ ਆਪਣੇ ਆਪ ਨੂੰ ਮਾੜੇ ਸਮਝਦੇ ਹੋ ਤੇ ਆਪਣੇ ਆਪ ਨੂੰ ਨਿਖੇਦਦੇ ਹੋ ਇਹ ਤੁਸੀਂ ਆਪਣੀਆਂ ਸੰਵੇਗਕ ਆਦਤਾਂ ਕਾਰਨ ਕਰਦੇ ਹੋ। ਇਨ੍ਹਾਂ ਆਦਤਾਂ ਨੇ ਤੁਹਾਡੇ ਤੇ ਇਕ ਮਖੌਟਾ ਚੜ੍ਹਾਇਆ ਹੋਇਆ ਹੈ। ਇਨ੍ਹਾਂ ਆਦਤਾਂ ਦੇ ਸਮੂੰਹ ਨੇ ਹੀ ਤੁਹਾਡੀ ਸ਼ਖਸ਼ੀਅਤ ਬਣਾਈ ਹੈ। ਤੁਹਾਡਾ ਵਿਅਕਤੀਤ੍ਵ ਜੋ ਵੀ ਤੁਸੀਂ ਪ੍ਰਗਟ ਕਰਦੇ ਹੋ, ਜੋ ਕੁਝ ਵੀ ਤੁਸੀਂ ਸਮਝਦੇ ਹੋ, ਜਿਥੋਂ ਤੱਕ ਤੁਸੀਂ ਜਾ ਸਕਦੇ ਹੋ, ਇਹ ਸਭ ਕੁਝ ਤੁਹਾਡੀਆਂ ਆਦਤਾਂ ਦਾ ਹੀ ਇਕੱਠ ਹੈ ਤੇ ਤੁਹਾਡੀਆਂ ਸਾਰੀਆਂ ਆਦਤਾਂ ਦਾ ਸਰੋਤ ਹੈ ਤੁਹਾਡੀਆਂ ਪ੍ਰਾਚੀਨ ਜ਼ਰੂਰਤਾਂ ਹਨ।

ਇਕ ਕਲਾ ਸੰਵੇਗ ਨੂੰ ਸਮਝਣਾ ਕਾਫੀ ਲਾਭਕਾਰੀ ਹੋਵੇਗਾ। ਜੇ ਤੁਸੀਂ ਸੰਵੇਗਕ ਸਮੱਸਿਆ ਨੂੰ ਦੇਖੋਗੇ ਇਹ ਜਾਨਣਾ ਚਾਹੋਗੇ ਕਿ ਮੈਨੂੰ ਗੁੱਸਾ ਕਿਉਂ ਆਉਂਦਾ ਹੈ। ਮੇਰਾ ਪਤੀ ਥੱਕ ਕੇ ਘਰ ਆਉਂਦਾ ਹੈ ਤੇ ਮੈਂ ਉਸ ਉਤੇ ਕਿਉਂ ਗੁੱਸਾ ਕਰਾਂ। ਜੇ ਤੁਸੀਂ ਇਹ ਇਕ ਆਦਤ ਠੀਕ ਕਰ ਵੀ ਲਵੋਗੇ, ਜੜ ਤੇ ਕੁਝ ਹੋਰ ਵੀ ਹੈ ਜਿਹੜਾ ਤੁਸੀਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰ ਰਹੇ। ਕਿਤੇ ਨਾ ਕਿਤੇ ਤੁਹਾਡੀਆਂ ਮੋਢੀ ਜ਼ਰੂਰਤਾਂ ਦਾ ਸੰਤੁਲਨ ਵਿਗੜਿਆ ਹੋਇਆ ਹੈ। ਭਾਵ ਖਾਣ ਪੀਣ, ਸੌਣ, ਕਾਮ ਤੇ ਸਵੈ ਸੰਭਾਲ। ਬੜੇ ਸਾਲਾਂ ਦੀ ਗੱਲ ਹੈ ਮਾਤਾ ਜੀ ਸਾਡੀ ਸੰਸਥਾ ਦੀ ਪਹਿਲੀ ਚੇਅਰ ਪਰਸਨ ਸੀ। ਸ਼ਿਕਾਗੋ, ਵਿਚ ਉਹ ਬਹੁਤ ਪਿਆਰ ਵਾਲੀ ਸੀ। ਸਾਡਾ ਸਬੰਧ ਬਹੁਤ ਹੀ ਪਿਆਰ ਵਾਲਾ ਸੀ। ਪਹਿਲੀ ਵਾਰੀ ਜਦੋਂ ਉਹ ਮੈਨੂੰ ਮਿਲਣ ਆਈ, ਉਸ ਨੂੰ ਜੋੜਾਂ ਦਾ ਦਰਦ ਸੀ। ਦੋ ਬੰਦੇ ਫੜ ਕੇ ਉਸ ਨੂੰ ਮੇਰੇ ਕੋਲ ਲੈ ਕੇ ਆਏ, ਮੈਂ ਉਸ ਨੂੰ ਦੇਖਿਆ ਤੇ ਮੇਰੇ ਮੂੰਹੋਂ ਅਬੜਵਾਹੇ ਨਿਕਲ ਗਿਆ, ਤੁਸੀਂ ਤਾਂ ਮੇਰੀ ਮਾਤਾ ਹੋ। ਤੁਸੀਂ ਕਿਵੇਂ ਇਸ ਤਰ੍ਹਾਂ ਦੋ ਬੰਦਿਆਂ ਦਾ ਸਹਾਰਾ ਲੈ ਕੇ ਚਲ ਸਕਦੇ ਹੋ। ਮੈਂ ਉਨ੍ਹਾਂ ਦੋਨਾਂ ਨੂੰ ਕਿਹਾ, ਛੱਡ ਦਿਓ, ਇਨ੍ਹਾਂ ਨੂੰ ਤੇ ਉਨ੍ਹਾਂ ਨੂੰ ਕਿਹਾ, ਮੇਰੇ ਕੋਲ ਟੁਰ ਕੇ ਆਓ। ਉਹ ਮੇਰੇ ਕੋਲ ਟੁੱਰ ਕੇ ਆਏ। ਦੋਨੋਂ ਹੈਰਾਨ ਹੋ ਗਏ। ਮੈਂ ਉਨ੍ਹਾਂ ਨੂੰ ਕਿਹਾ, ਤੁਸੀਂ ਮੇਰੀ ਮਾਤਾ ਹੋ, ਤੁਸੀਂ ਠੀਕ ਹੋ ਜਾਓਗੇ, ਉਨ੍ਹਾਂ ਨੇ ਮੈਨੂੰ ਜੱਫੀ ਪਾਈ ਤੇ ਰੋਣਾ ਸ਼ੁਰੂ ਕਰ ਦਿਤਾ, ਉਸ ਪਿਛੋਂ ਅਸੀਂ ਮਾਂ ਪੁੱਤਰ ਦੀ ਤਰ੍ਹਾਂ ਹੀ ਰਹੇ, ਪਰ ਉਨ੍ਹਾਂ ਦੀ ਆਦਤ ਮਾੜੀ ਸੀ, ਉਹ ਬਹੁਤ ਮੋਟੇ ਸੀ ਮੈਂ ਕਿਹਾ, ਮਾਤਾ ਤੁਹਾਨੂੰ ਆਪਣਾ ਵਜ਼ਨ ਘੱਟ ਕਰਨਾ ਪਵੇਗਾ।

ਉਹ ਕਹਿਣ ਲੱਗੇ ਮੇਰੀ ਖੁਰਾਕ ਤਾਂ ਬਹੁਤ ਹੀ ਸੰਤੁਲਨ ਹੈ ਤੇ ਕੰਟਰੋਲ ਹੈ ਪਰ ਉਨ੍ਹਾਂ ਦੀ ਭੈਣ ਕਹਿਣ ਲੱਗੀ, ਜੋ ਕੁਝ ਵੀ ਫਰਿਜ ਵਿਚ ਪਿਆ ਹੁੰਦਾ ਹੈ ਇਹ ਸਭ ਕੁਝ ਖਾ ਜਾਂਦੀ ਹੈ, ਮੈਨੂੰ ਨਹੀਂ ਖਾਣ ਦਿੰਦੀ, ਜੋ ਕੁਝ ਵੀ ਸਵੇਰੇ ਖਾਂਦੀ ਹੈ ਸ਼ਾਮ ਨੂੰ ਯਾਦ ਹੀ ਨਹੀਂ ਰਹਿੰਦਾ, ਇਹ ਕਿਉਂ ਇਸ ਤਰ੍ਹਾਂ ਕਰਦੀ ਹੈ? ਉਹ ਕਹਿਣ ਲੱਗੀ

ਰਾਤ ਨੂੰ ਸੁੱਤੇ ਪਏ ਉਠ ਕੇ ਫਰਿਜ਼ ਖੋਲ੍ਹ ਕੇ ਖਾ ਕੇ ਫੇਰ ਆ ਕੇ ਸੌਂ ਜਾਂਦੀ ਹੈ, ਸਵੇਰੇ ਉਠ ਕੇ ਕਿੱਟੀ ਨੂੰ ਡਾਂਟਦੀ ਹੈ ਕਿ ਤੂੰ ਸਭ ਕੁਝ ਖਾ ਗਈ। ਫੇਰ ਇਕ ਦਿਨ ਮੈਂ ਆਪਣੀ ਸੰਸਥਾ ਦੀ ਕੁੜੀ ਨੂੰ ਇਹ ਦੇਖਣ ਲਈ ਕਿ ਕੀ ਠੀਕ ਹੈ, ਪਾਸ ਰੱਖਿਆ। ਮੈਂ ਉਸ ਨੂੰ ਕਿਹਾ ਤੂੰ ਕਹਿਣਾ ਕੁਝ ਨਹੀਂ ਕੇਵਲ ਦੇਖਣਾ ਹੈ। ਉਸ ਦਿਨ ਰਾਤ ਨੂੰ ਮਾਮਾ ਉਠ ਕੇ ਫਰਜ਼ਿ ਕੋਲ ਗਈ ਤੇ ਕੇਕ ਕੱਢ ਕੇ ਖਾਧਾ। ਮੈਂ ਕੁੜੀ ਨੂੰ ਕਿਹਾ ਸਾਰਾ ਕੇਕ ਫਰਿਜ਼ ਵਿਚੋਂ ਚੁੱਕ ਲਵੋ। ਦੂਸਰੀ ਰਾਤ ਜਦੋਂ ਮਾਮਾ ਨੇ ਫਰਿਜ਼ ਖੋਲ੍ਹਿਆ, ਕੋਈ ਕੇਕ ਨਹੀਂ ਸੀ, ਫੇਰ ਉਸ ਨੇ ਜਦੋਂ ਅੱਖਾਂ ਖੋਲ੍ਹੀਆਂ ਉਸ ਨੇ ਦੇਖਿਆ ਉਹ ਫਰਜ ਕੋਲ ਖੜ੍ਹੀ ਹੈ ਫੇਰ ਉਸ ਨੇ ਮਹਿਸੂਸ ਕੀਤਾ ਕਿ ਉਹ ਇਸ ਤਰ੍ਹਾਂ ਕਰਦੀ ਰਹੀ ਹੈ।

ਬਹੁਤ ਸਾਰੀਆਂ ਚੀਜ਼ਾਂ ਜਦੋਂ ਤੁਸੀਂ ਕਰਦੇ ਹੋ, ਤੁਸੀਂ ਅਚੇਤ ਹੀ ਕਰਦੇ ਹੋ। ਇਹ ਜ਼ਰੂਰੀ ਨਹੀਂ ਕਿ ਤੁਸੀਂ ਨੀਂਦ ਵਿਚ ਕਰੋ, ਪਰ ਤੁਸੀਂ ਸੁਚੇਤ ਨਹੀਂ ਹੁੰਦੇ ਕਿ ਤੁਸੀਂ ਕੀ ਕਰ ਰਹੇ ਹੋ। ਜਦੋਂ ਤੁਸੀਂ ਕੁਝ ਵੀ ਅਚੇਤ ਹੋ ਕੇ ਕਰਦੇ ਹੋ, ਉਸ ਤੋਂ ਭਾਵ ਹੈ ਕਿ ਤੁਹਾਡੀ ਆਦਤ ਬਹੁਤ ਹੀ ਡੂੰਘੀ ਹੈ, ਐਨੀ ਗਹਿਰੀ ਡੂੰਘੀ ਆਦਤ ਹੈ ਤੁਹਾਡੀ ਕਿ ਤੁਹਾਨੂੰ ਆਪ ਨੂੰ ਹੀ ਨਹੀਂ ਪਤਾ। ਜਦੋਂ ਅਚੇਤ ਤੁਸੀਂ ਕੋਈ ਕੰਮ ਕਰਦੇ ਹੋ, ਉਸ ਤੋਂ ਭਾਵ ਹੈ ਕਿ ਤੁਸੀਂ ਆਪਣੀ ਮਜ਼ਬੂਰੀ ਅੱਗੇ ਝੁਰਦੇ ਹੋ, ਤੁਸੀਂ ਮਜ਼ਬੂਰ ਹੋ ਤੇ ਸਭ ਤੋਂ ਮਾੜੀ ਗੱਲ ਤਾਂ ਇਹ ਹੈ ਕਿ ਤੁਸੀਂ ਹਾਰ ਮੰਨ ਲਈ ਹੈ, ਇਹ ਸਭ ਤੋਂ ਮਾੜੀ ਗੱਲ ਹੈ। ਜਦੋਂ ਤੁਸੀਂ ਆਪਣੇ ਆਪ ਨੂੰ ਸੋਧਣ ਦੀ ਹਾਰ ਮੰਨ ਲਈ ਉਹ ਸਭ ਤੋਂ ਮਾੜੀ ਗੱਲ ਹੈ, ਉਸ ਤੋਂ ਭਾਵ ਹੈ ਕਿ ਤੁਸੀਂ ਆਪਣੇ ਆਪ ਨੂੰ ਨਿਖੇਦ ਰਹੇ ਹੋ, ਜਦੋਂ ਕੋਈ ਗੱਲ ਕਹਿੰਦਾ ਹੈ ਤਾਂ ਤੁਹਾਨੂੰ ਗੁੱਸਾ ਚੜ੍ਹਦਾ ਹੈ ਤੇ ਗੁੱਸੇ ਹੋ ਕੇ ਤੁਸੀਂ ਬੋਲਦੇ ਹੋ।

ਤੁਸੀਂ ਝੂਠ ਬੋਲਦੇ ਹੋ, ਆਪਣੇ ਆਪ ਨੂੰ ਨਖੇਦਦੇ ਹੋ, ਤੁਸੀਂ ਆਪਣੀ ਇੱਛਾ ਸ਼ਕਤੀ ਗੁਆ ਲੈਂਦੇ ਹੋ, ਆਪਣੀ ਸਾਹਸ ਸ਼ਕਤੀ ਗੁਆ ਲੈਂਦੇ ਹੋ, ਇਹ ਸਭ ਕੁਝ ਕਰਕੇ ਤੁਸੀਂ ਆਪਣੇ ਆਪ ਨੂੰ ਦੁੱਖ ਪਹੁੰਚਾਉਂਦੇ ਹੋ, ਕਸ਼ਟ ਪਹੁੰਚਾਉਂਦੇ ਹੋ। ਜਦੋਂ ਇਹ ਸਭ ਕੁਝ ਕਰ ਲੈਂਦੇ ਹੋ, ਉਥੇ ਚਿਕਿਤਸਕ ਕੀ ਕਰ ਸਕਦਾ ਹੈ। ਕੋਈ ਵੀ ਤੁਹਾਡਾ ਅੰਦਰ ਤਾਂ ਦੇਖ ਨਹੀਂ ਰਿਹਾ, ਕੀ ਹੋ ਰਿਹਾ ਹੈ, ਤੁਸੀਂ ਕੀ ਕਰ ਰਹੇ ਹੋ। ਜੇ ਤੁਸੀਂ ਝੂਠ ਬੋਲੋ, ਲੋਕੀ ਦੱਸ ਦੇਣਗੇ ਪਰ ਜੇ ਤੁਸੀਂ ਆਪਣੇ ਆਪ ਨਾਲ ਝੂਠ ਬੋਲ ਰਹੇ ਹੋ, ਆਪਣੇ ਆਪ ਨੂੰ ਹੀ ਧੋਖਾ ਦੇ ਰਹੇ ਹੋ ਤਾਂ ਕੋਈ ਕੁਝ ਨਹੀਂ ਕਰ ਸਕਦਾ। ਚੰਗਾ ਮਨੁੱਖ ਵੀ ਇਸ ਤਰ੍ਹਾਂ ਕਰ ਸਕਦਾ ਹੈ। ਇਕ ਚੰਗਾ ਮਨੁੱਖ ਇਕ ਹਲੀਮੀ ਵਾਲਾ, ਨਰਮ ਦਿਲ, ਪਿਆਰ ਕਰਨ ਵਾਲਾ ਦੂਸਰਿਆਂ ਦੀ ਸਹਾਇਤਾ ਕਰਨ ਵਾਲਾ ਵੀ ਬਹੁਤ ਵਾਰੀ ਆਪਣੇ ਆਪ ਨਾਲ ਝੂਠ ਬੋਲਦੇ ਹਨ। ਇਹ ਸਮਝਣ ਵਾਸਤੇ ਤੁਹਾਨੂੰ ਆਪਣੇ ਅੰਦਰ ਦੇ ਵੱਖ-ਵੱਖ ਪੱਧਰ ਸਮਝਣੇ ਪੈਣਗੇ। ਆਪਣਾ ਅਚੇਤ ਸਮਝਣ ਲਈ ਤੁਹਾਨੂੰ ਸਤਰਕ ਰਹਿਣਾ ਪਵੇਗਾ, ਆਪਣੇ ਆਪ ਨੂੰ ਹਰ ਸਮੇਂ ਦੇਖਣਾ ਪਵੇਗਾ ਤੇ ਹਰ ਸਮੇਂ ਆਪਣੇ ਆਪ ਨਾਲ ਬਹੁਤ ਕਰੜੇ ਨਾ ਹੋਵੋ, ਮਨ ਇਕ ਨਦੀ ਦੀ ਤਰ੍ਹਾਂ ਹੈ ਤੁਸੀਂ ਇਸ ਦਾ ਬਹਾਅ ਰੋਕ ਨਹੀਂ ਸਕਦੇ, ਤੁਸੀਂ ਸੋਚਣਾ ਰੋਕ ਨਹੀਂ ਸਕਦੇ, ਮਨ ਇਕ ਨਦੀ ਦੀ ਤਰ੍ਹਾਂ ਹੈ। ਜੇ ਤੁਸੀਂ ਇਸ ਨੂੰ ਰੋਕ ਕੇ ਬੰਨ੍ਹ ਵੀ ਲੈਣਾ ਚਾਹੋਗੇ ਤਾਂ ਉਹ ਇਕ ਉਬਾਲ ਉਠ ਜਾਵੇਗਾ, ਅੰਤ ਨੂੰ ਇਕ ਫਨਾਹ ਹੋ ਜਾਵੇਗਾ। ਇਸ ਕਰਕੇ ਕਦੀ ਵੀ ਸੋਚਣ ਦਾ ਪਰਵਾਹ ਨਾ ਰੋਕੋ, ਕਦੀ ਵੀ ਉਸ ਨੂੰ ਦੱਬੋ ਨਾ, ਦਬਾਉਣਾ ਤੇ ਪਰਵਾਹ ਨੂੰ ਰੋਕਣਾ ਇਕ ਮਾੜਾ ਤਰੀਕਾ ਹੈ ਇਸ ਤਰ੍ਹਾਂ ਮਨ ਨੂੰ ਨਹੀਂ ਸਮਝਿਆ ਜਾ ਸਕਦਾ।

ਮਨ ਨਾਲ ਜੂਝਣ ਦੇ ਦੋ ਤਰੀਕੇ ਹਨ, ਪਹਿਲਾ ਹੈ ਕਿ ਤੁਸੀਂ ਆਤਮ ਚਿੰਤਨ ਕਰਨਾ ਸਿੱਖੋ, ਅੰਤਰ ਸੋਚੋ, ਆਪਾ ਚੀਨੋ। ਬੈਠੋ ਦੇਖੋ ਤੁਸੀਂ ਕੀ ਸੋਚ ਰਹੇ ਹੋ। ਤੁਸੀਂ ਸਭ ਕੁਝ ਜਾਣਦੇ ਹੋ ਤੁਸੀਂ ਆਪਣੀਆਂ ਕਮਜ਼ੋਰੀਆਂ ਨੂੰ ਜਾਣਦੇ ਹੋ, ਵਾਸਤਵ ਵਿਚ ਤੁਸੀਂ ਹਰ ਸਮੇਂ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਹੀ ਲੱਗੇ ਰਹਿੰਦੇ ਹੋ, ਜੇ ਤੁਸੀਂ ਚਿਕਿਤਸਕ ਕੋਲ ਚਲੇ ਵੀ ਜਾਂਦੇ ਹੋ, ਉਹ ਕੀ ਕਰੇਗਾ? ਚਿਕਿਤਸਕ ਕੀ ਕਰੇਗਾ, ਤੁਸੀਂ ਤਾਂ ਉਨ੍ਹਾਂ ਨੂੰ ਬੁੱਕਲ ਵਿਚ ਲਕੋ ਰਹੇ ਹੋ। ਚਿਕਿਤਸਾ ਵਿਚ ਤੁਸੀਂ ਬੜੇ ਸੱਚੇ ਬਣਨ ਦੀ ਕੋਸ਼ਿਸ਼ ਕਰਦੇ ਹੋ, ਚਿਕਿਤਸਾ ਵਿਚ ਦੋਨਾਂ ਨੂੰ ਹੀ ਬਿਲਕੁਲ ਸੱਚੇ ਸੁੱਚੇ ਹੋਣਾ ਪੈਂਦਾ ਹੈ। ਦੁਖ ਇਸ ਗੱਲ ਦਾ ਹੈ ਕਿ ਇਸ ਤਰ੍ਹਾਂ ਹੁੰਦਾ ਨਹੀਂ, ਹਮੇਸ਼ਾ ਹੋ ਨਹੀਂ ਸਕਦਾ। ਇਹੋ ਹੀ ਕਾਰਨ ਹੈ ਕਿ ਚਿਕਿਤਸਾ ਕੰਮ ਨਹੀਂ ਕਰਦੀ। ਕਦੀ ਤੁਸੀਂ ਇਹੋ ਜਿਹੇ ਬੰਦੇ ਨੂੰ ਵੀ ਮਿਲੋਗੇ ਜਿਹੜਾ ਚਿਕਿਤਸਾ ਕੋਲ ਪੰਦਰਾਂ ਸਾਲ ਤੋਂ ਜਾ ਰਿਹਾ ਹੈ, ਪਰ ਕੁਝ ਵੀ ਨਹੀਂ ਹੋਇਆ। ਬਹੁਤ ਵਾਰੀ ਮਰੀਜ਼, ਡਾਕਟਰ ਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਂਦਾ ਹੈ। ਉਹ ਕਹਿਣ ਲਗ ਪੈਂਦਾ ਹੈ ਕਿ ਮੈਂ ਤਾਂ ਡਾਕਟਰ ਤੋਂ ਬਿਨਾਂ ਕੋਈ ਫੈਸਲਾ ਹੀ ਨਹੀਂ ਲੈ ਸਕਦਾ ਪਰ ਜੇ ਕਿਸੇ ਹੋਰ ਤੇ ਇਹੋ ਜਿਹਾ ਭਰੋਸਾ ਕਰਨਾ ਹੋਵੇ ਤਾਂ ਉਹ ਦੁਖਦਾਈ ਹੋ ਜਾਂਦਾ ਹੈ।

ਕਿਸੇ ਤੇ ਵੀ ਡਾਕਟਰ ਤੇ ਜਾਂ ਚਕਿਤਸਕ ਤੇ ਵੀ ਬਹੁਤ ਭਰੋਸਾ ਕਰਨਾ ਠੀਕ ਨਹੀਂ, ਇਨ੍ਹਾਂ ਦਾ ਰੋਲ ਤੁਹਾਡੇ ਜੀਵਨ ਵਿਚ ਤੁਹਾਨੂੰ ਖੁਸ਼ ਬਨਾਉਣਾ, ਸਵਸਥ ਬਣਾਉਣਾ ਤੇ ਆਪਣੇ ਆਪ ਜੋਗਾ ਬਨਾਉਣਾ ਹੈ। ਜੇ ਤੁਸੀਂ ਆਪਣੇ ਆਪ ਜੋਗੇ ਨਹੀਂ ਬਣ ਰਹੇ, ਖੁਸ਼ ਨਹੀਂ ਹੋ ਰਹੇ, ਸਵੱਸਥ ਨਹੀਂ ਹੋ ਰਹੇ ਤਾਂ ਗੁਰੂ ਨੂੰ ਜਾਂ ਚਿਕਿਤਕ ਨੂੰ ਛੱਡ ਦਿਓ। ਭਾਵ ਹੈ ਜਾਂ ਤਾਂ ਉਹ ਤੁਹਾਡੀ ਸਹਾਇਤਾ ਨਹੀਂ ਕਰ ਰਹੇ ਜਾਂ ਫੇਰ ਤੁਸੀਂ ਉਹ ਕੁਝ ਨਹੀਂ ਕਰ ਰਹੇ ਜੋ ਤੁਹਾਡਾ ਡਾਕਟਰ ਤੁਹਾਨੂੰ ਕਰਨ ਲਈ ਕਹਿ ਰਿਹਾ ਹੈ।

***'ਚਲਦਾ'***

# ਚੜ੍ਹਦੀ ਕਲਾ

***ਰਘਬੀਰ ਸਿੰਘ 'ਬੀਰ'***

## ਮੌਤ ਕੀ ਹੈ?

## (੧)

ਉਹ ਕਿਹੜਾ ਹੈ ਜਿਸ ਨੂੰ ਮੌਤ ਦੇ ਨਾਂ ਤੋਂ ਡਰ ਨਾ ਆਉਂਦਾ ਹੋਵੇ, ਜਿਸ ਦੇ ਸਾਮ੍ਹਣੇ ਮੌਤ ਦਾ ਨਾਮ ਸੁਣ ਕੇ ਇਕ ਡਰਾਵਣੀ, ਮਨਹੂਸ ਤੇ ਬੁਰੀ ਤਸਵੀਰ ਨਾ ਖਿੱਚੀ ਜਾਂਦੀ ਹੋਵੇ। ਦੁਨੀਆਂ ਦੇ ਆਮ ਮਨੁੱਖ ਕਿਸੇ ਚੀਜ਼ ਤੋਂ ਇਤਨਾ ਨਹੀਂ ਡਰਦੇ ਜਿਤਨਾ ਮੌਤ ਤੋਂ। ਇਹ ਇਤਨੀ ਭਿਆਨਕ ਤੇ ਸ਼ਕਤੀਵਾਨ ਗਿਣੀ ਗਈ ਹੈ ਕਿ ਰਾਜੇ, ਮਹਾਰਾਜ, ਯੋਧੇ, ਸੂਰਮੇ, ਅਮੀਰ, ਗਰੀਬ, ਪੰਡਤ, ਵਿਦਵਾਨ ਸਭ ਦੁਨੀਆਂ ਦੇ ਲੋਕ ਇਸ ਦਾ ਨਾਮ ਸੁਣ ਕੇ ਕੰਬ ਉਠਦੇ ਹਨ।

***ਧਨਵੰਤਾ ਅਰੁ ਨਿਰਧਨ ਮਨਈ***
***ਤਾ ਕੀ ਕਛੂ ਨਾ ਕਾਨੀ ਰੇ॥***
***ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥***
*ਪੰਨਾ - 855*

ਇਨਸਾਨ ਹੀ ਨਿਰਾ ਮੌਤ ਤੋਂ ਨਹੀਂ ਡਰਦਾ ਸਗੋਂ ਪੰਛੀ, ਜਾਨਵਰ ਆਦਿ ਵੀ ਮੌਤ ਤੋਂ ਡਰਦੇ ਤੇ ਘਬਰਾਂਦੇ ਹਨ। ਮੌਤ ਸਬੰਧੀ ਤਾਂ ਇਥੋਂ ਤਕ ਆਖਿਆ ਗਿਆ ਹੈ –

***ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥***
*ਪੰਨਾ - 851*

ਜਿਥੇ ਆਮ ਦੁਨੀਆਂ ਦੇ ਖਿਆਲ ਵਿਚ ਮੌਤ ਅਤਿਅੰਤ ਡਰਾਵਣੀ ਚੀਜ਼ ਹੈ ਉਥੇ ਇਸ ਨੂੰ ਇਕ ਡਾਹਢੀ ਯਕੀਨੀ ਜਾਂ ਨਾ ਟਲਣ ਵਾਲੀ ਚੀਜ਼ ਵੀ ਮੰਨਿਆ ਜਾਂਦਾ ਹੈ। ਅਗਰ ਇਨਸਾਨ ਨੂੰ ਕਿਸੇ ਚੀਜ਼ ਦਾ ਪੂਰਾ ਯਕੀਨ ਹੈ ਤਾਂ ਉਹ ਮੌਤ ਹੈ। ਇਨਸਾਨ ਦੇ ਖਿਆਲ ਵਿਚ ਐਸਾ ਕੋਈ ਨਹੀਂ ਜਿਸ ਨੂੰ ਮੌਤ ਨਹੀਂ ਆਉਣੀ।

ਮੌਤ ਦੀ ਭਿਆਨਕ ਝਾਕੀ ਨੇ ਮਹਾਤਮਾ ਬੁੱਧ ਨੂੰ ਰਾਜ ਛੱਡ ਕੇ ਯੋਗੀ ਬਣਨ ਤੇ ਮਜਬੂਰ ਕੀਤਾ ਅਤੇ ਕਬੀਰ ਜੀ ਤੋਂ ਇਹ ਸਤਰਾਂ ਲਿਖਵਾਈਆਂ।

***ਹਾਡ ਜਲੇ ਜੈਸੇ ਲਕਰੀ ਕਾ ਤੂਲਾ॥***
***ਕੇਸ ਜਲੇ ਜੈਸੇ ਘਾਸ ਕਾ ਪੂਲਾ॥*** *ਪੰਨਾ - 870*

(2)

ਇਨਸਾਨ ਦੇ ਹੱਥ ਵਿਚ ਖੋਜ ਇਕ ਐਸੀ ਜ਼ਬਰਦਸਤ ਜੁਗਤੀ ਹੈ ਜਿਹੜੀ ਇਸ ਨੂੰ ਹਰ ਮਾਮਲੇ ਦੀ ਤਹਿ ਤਕ ਪੁਚਾ ਦੇਂਦੀ ਹੈ ਅਤੇ ਲੁਕੀ ਸਚਾਈ ਨੂੰ ਦਰਸਾ ਦੇਂਦੀ ਹੈ। ਆਮ ਤੌਰ ਤੇ ਹਰ ਮਾਮਲੇ ਦੀ ਅਸਲੀਅਤ, ਖੋਜ ਕੀਤਿਆਂ ਉਸ ਦੀ ਜ਼ਾਹਿਰਾ ਸ਼ਕਲ ਤੋਂ ਉਲਟ ਜਾਂ ਵਖਰੀ ਨਿਕਲਦੀ ਹੈ। ਧਰਤੀ ਖਲੋਤੀ ਜਾਪਦੀ ਹੈ ਪਰ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਇਹ ਇਕ ਸਕਿੰਟ ਵਿਚ ਕਰੀਬਨ ਸਾਢੇ ਅਠਾਰਾਂ ਮੀਲ ਦੀ ਤੇਜ਼ ਰਫਤਾਰ ਨਾਲ ਘੁੰਮ ਰਹੀ ਹੈ। ਪਾਣੀ ਦੀ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਇਹ ਦੋ ਅਦ੍ਰਿਸ਼ਟ ਗੈਸਾਂ ਦੇ ਮਿਲਣ ਨਾਲ ਪੈਦਾ ਹੁੰਦਾ ਹੈ, ਜੋ ਇਸ ਦੀ ਜ਼ਾਹਿਰਾ ਸ਼ਕਲ ਤੋਂ ਬਿਲਕੁਲ ਵਖਰੀਆਂ ਤੇ ਉਲਟ ਹੁੰਦੀਆਂ ਹਨ। ਏਸੇ ਤਰ੍ਹਾਂ ਮੌਤ ਸਬੰਧੀ ਇਨਸਾਨ ਨੂੰ ਡਾਹਢੇ ਚਕਿਰਤ ਕਰਨ ਵਾਲੇ ਨਤੀਜਿਆਂ ਤੇ ਪਹੁੰਚਾਇਆ ਹੈ ਜੋ ਕਿ ਮੌਤ ਦੀ ਜ਼ਾਹਿਰਾ ਭਿਆਨਕ ਸ਼ਕਲ ਸੂਰਤ ਦੇ ਬਿਲਕੁਲ ਉਲਟ ਹਨ।

ਜਦ ਅਸੀਂ ਮੌਤ ਸਬੰਧੀ ਗਹੁ ਨਾਲ ਵਿਚਾਰ ਕਰੀਏ ਅਤੇ ਇਸ ਦੀ ਜ਼ਾਹਿਰਾ ਭਿਆਨਕ ਸ਼ਕਲ ਦੇ ਪਰਦੇ ਹੇਠਾਂ ਲੁਕੀ ਅਸਲੀਅਤ ਨੂੰ ਲੱਭਣ ਤੁਰੀਏ ਤਾਂ ਸਭ ਤੋਂ ਪਹਿਲਾਂ ਇਹ ਸਵਾਲ ਪੈਦਾ ਹੋਵੇਗਾ ਕਿ ਕੀ ਇਹ ਸਾਡਾ ਸਰੀਰ ਜਿਹੜਾ ਮੌਤ ਆਉਣ ਉਤੇ ਬੇਤਰਸੀ ਨਾਲ ਜਲਾਇਆ ਜਾਂ ਸੈਂਕੜੇ ਮਣਾਂ ਦੀ ਮਿਟੀ ਹੇਠ ਦਬਾਇਆ ਜਾਂਦਾ ਹੈ, ਇਸ ਨੂੰ ਸਾੜਨ ਜਾਂ ਦਬਾਣ ਦਾ ਕੋਈ ਦੁਖ, ਪੀੜ ਜਾਂ ਡਰ ਹੁੰਦਾ ਵੀ ਹੈ? ਜ਼ਰਾ ਸੋਚਣ ਨਾਲ ਪਤਾ ਲਗੇਗਾ ਕਿ ਸਾਡਾ ਸਰੀਰ ਤਾਂ ਜੜ੍ਹ ਵਸਤੂ ਹੈ। ਜੈਸਾ ਪੱਥਰ, ਲੱਕੜੀ, ਲੋਹਾ, ਤੈਸਾ ਹੀ ਸਾਡਾ ਸਰੀਰ ਮੌਤ ਮਗਰੋਂ ਹੀ ਪੱਥਰ ਲੱਕੜੀ ਵਾਂਗਰ ਜੜ੍ਹ (lifeless) ਨਹੀਂ ਬਣਦਾ, ਸਗੋਂ ਇਸ ਵਿਚ ਜਾਨ, ਪਰਾਨ ਹੁੰਦਿਆਂ ਵੀ ਜੜ੍ਹ ਵਸਤੂ ਹੀ ਹੁੰਦਾ ਹੈ। ਇਸ ਵਿਚ ਮਹਿਸੂਸ ਕਰਨ ਦੀ ਸ਼ਕਤੀ ਨਾ ਜਿਊਂਦਿਆਂ ਨਾ ਮੋਇਆਂ ਕਦੀ ਵੀ ਨਹੀਂ ਹੁੰਦੀ। ਮਿਸਾਲ ਦੇ ਤੌਰ ਤੇ ਜਦ ਆਦਮੀ ਨੂੰ ਡਾਕਟਰ ਬੇਹੋਸ਼ ਕਰ ਦੇਣ ਤਾਂ ਉਸ ਵਿਚ ਜਾਨ ਹੁੰਦੀ ਹੈ ਪਰ ਉਸ ਦੇ ਸਰੀਰ ਨੂੰ ਚੀਰੋ, ਕੱਟੋ, ਵੱਢੋ, ਕੁਝ ਪਤਾ ਨਹੀਂ ਲਗਦਾ। ਮਹਿਸੂਸ ਕਰਨ ਦੀ ਸ਼ਕਤੀ ਸਰੀਰ ਵਿਚ ਨਹੀਂ ਹੁੰਦੀ ਸਗੋਂ ਇਨਸਾਨ ਦੀ ਚੇਤਨਤਾ ਵਿਚ ਹੁੰਦੀ ਹੈ, ਸਰੀਰ ਆਪਣੇ ਆਪ ਵਿਚ ਕਦੀ ਵੀ ਕੁਝ ਮਹਿਸੂਸ ਨਹੀਂ ਕਰਦਾ।

ਜੇਕਰ ਸਾੜਨ ਜਾਂ ਦਬਾਣ ਨਾਲ ਆਦਮੀ ਦੇ ਸਰੀਰ ਨੂੰ ਕੋਈ ਤਕਲੀਫ਼ ਨਹੀਂ ਹੁੰਦੀ, ਨਾ ਹੀ ਸਰੀਰ ਨੂੰ ਕੋਈ ਡਰ ਲਗਦਾ ਹੈ, ਤਾਂ ਮੌਤ ਦਾ ਆਦਮੀ ਦੇ ਸਰੀਰ ਨੂੰ ਸਾੜਨ ਵਾਲਾ ਹਿੱਸਾ, ਭੈ-ਭੀਤ ਜਾਂ ਡਰਾਉਣਾ ਨਾ ਰਿਹਾ। ਹੁਣ ਦੂਜਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਆਦਮੀ

'ਸਰੀਰ' ਹੈ ਜਾਂ 'ਸਰੀਰ' ਵਿਚ ਰਹਿਣ ਵਾਲੀ ਕੋਈ ਚੀਜ਼? ਇਕ ਮਿੱਤਰ ਨੂੰ ਜਦ ਇਕ ਵਾਰੀ ਪੁਛਿਆ ਗਿਆ ਕਿ ਆਪ ਕੌਣ ਹੋ? ਤਾਂ ਇਸ ਸਵਾਲ ਦੇ ਜਵਾਬ ਵਿਚ ਪਹਿਲੇ ਤਾਂ ਉਸ ਨੇ ਆਪਣਾ ਨਾਮ ਤੇ ਪਤਾ ਦਸ ਦਿਤਾ ਪਰ ਜਦ ਉਸ ਨੂੰ ਆਖਿਆ ਗਿਆ ਕਿ ਇਹ ਨਾਮ ਤੇ ਪਤਾ ਤਾਂ ਤੇਰੀਆਂ ਆਪਣੀਆਂ ਬਣਾਈਆਂ ਫਰਜ਼ੀ ਚੀਜ਼ਾਂ ਹਨ, ਤੂੰ ਅਸਲ ਵਿਚ ਦਸ ਕੌਣ ਹੈਂ? ਤਾਂ ਉਸ ਨੇ ਝੱਟ ਆਪਣੇ ਸਰੀਰ ਨੂੰ ਹੱਥ ਲਾ ਕੇ ਆਖਿਆ ਕਿ ਮੈਂ 'ਇਹ' ਹਾਂ। ਜਦ ਉਸ ਨੂੰ ਫੇਰ ਕਿਹਾ ਗਿਆ ਕਿ ਇਹ ਤਾਂ ਤੇਰਾ ਸਰੀਰ ਹੈ ਤੂੰ ਆਪ ਕੌਣ ਹੈਂ, ਜੋ ਇਸ ਸਰੀਰ ਵਿਚ ਰਹਿੰਦਾ ਹੈਂ ਅਤੇ ਪਿਆ ਆਖਦਾ ਹੈਂ – ਕਿ ਮੈਂ ਸਰੀਰ ਹਾਂ? ਤਾਂ ਉਹ ਬੜਾ ਹੈਰਾਨ ਹੋਇਆ ਤੇ ਆਖਣ ਲੱਗਾ ਕਿ ਇਸ ਦਾ ਤਾਂ ਮੈਨੂੰ ਪਤਾ ਨਹੀਂ, ਮੈਂ ਤਾਂ ਅੱਜ ਤਕ ਸਰੀਰ ਨੂੰ ਆਪਣਾ ਆਪ ਸਮਝਦਾ ਸੀ। ਸੰਸਾਰ ਵਿਚ ਆਮ ਲੋਕ ਸਰੀਰ ਨੂੰ ਹੀ ਆਪਣਾ ਆਪ ਸਮਝਦੇ ਹਨ ਪਰ ਖੋਜ ਸਾਬਤ ਕਰਦੀ ਹੈ ਕਿ ਆਦਮੀ ਸਰੀਰ ਨਹੀਂ ਸਗੋਂ ਸਰੀਰ ਤੋਂ ਵਖਰੀ ਸਰੀਰ ਵਿਚ ਰਹਿਣ ਵਾਲੀ ਕੋਈ ਚੀਜ਼ ਹੈ।

ਅਸੀਂ ਉਤੇ ਦੱਸ ਆਏ ਹਾਂ ਕਿ ਸਰੀਰ ਨੂੰ ਜੜ੍ਹ ਵਸਤੂ ਹੋਣ ਕਰਕੇ ਮੌਤ ਦਾ ਕੋਈ ਡਰ, ਭੈ, ਦੁਖ ਨਹੀਂ ਹੁੰਦਾ ਤਾਂ ਫਿਰ ਮੌਤ ਦਾ ਡਰ ਤੇ ਦੁਖ ਕਿਸ ਨੂੰ ਹੰਦਾ ਹੈ? ਸਰੀਰ ਵਿਚ ਰਹਿਣ ਵਾਲੇ ਜੀਵ, ਰੂਹ ਜਾਂ ਆਤਮਾ ਨੂੰ ਮੌਤ ਦਾ ਦੁਖ ਹੁੰਦਾ ਹੈ? ਜਿਨ੍ਹਾਂ ਮਹਾਂਪੁਰਸ਼ਾਂ ਨੇ ਜੀਵ ਜਾਂ ਆਤਮਾ ਦੀ ਖੋਜ ਕੀਤੀ ਹੈ ਉਨ੍ਹਾਂ ਦੱਸਿਆ ਹੈ –

*ਮਰਣਹਾਰੁ ਇਹੁ ਜੀਅਰਾ ਨਾਹੀ॥* *ਪੰਨਾ - 188*

*ਦੇਹੀ ਅੰਦਰਿ ਨਾਮੁ ਨਿਵਾਸੀ॥*
*ਆਪੇ ਕਰਤਾ ਹੈ ਅਬਿਨਾਸੀ॥* *ਪੰਨਾ - 1026*

*ਨਾ ਜੀਉ ਮਰੈ ਨਾ ਮਾਰਿਆ ਜਾਈ॥*
*ਕਰਿ ਦੇਖੈ ਸਬਦਿ ਰਜਾਈ ਹੇ॥* *ਪੰਨਾ - 1026*

ਜੇਕਰ ਸਰੀਰ ਜੜ੍ਹ ਵਸਤੂ ਹੈ, ਮਹਿਸੂਸ ਕਰਨ ਦੀ ਸ਼ਕਤੀ ਹੀ ਇਸ ਵਿਚ ਨਹੀਂ ਅਤੇ ਸਰੀਰ ਵਿਚ ਰਹਿਣ ਵਾਲੀ ਰੂਹ, ਜਾਂ ਜੀਵ ਆਤਮਾ, ਮੌਤ ਤੋਂ ਪਰ੍ਹੇ ਕਦੀ ਮਰਨ ਵਾਲੀ ਚੀਜ਼ ਨਹੀਂ ਤਾਂ ਫਿਰ ਇਹ ਮੌਤ ਕਿਸ ਨੂੰ ਭਿਆਨਕ ਲਗਦੀ ਹੈ? ਵਿਚਾਰ ਕੀਤਿਆਂ ਸਾਨੂੰ ਪਤਾ ਲਗੇਗਾ ਕਿ ਜੀਵ ਜਾਂ ਰੂਹ ਜੋ ਆਪਣੀ ਅਸਲੀਅਤ ਭੁੱਲ ਕੇ, ਆਪਣੇ ਆਪ ਨੂੰ ਸਰੀਰ ਮੰਨੀ ਬੈਠੀ ਹੈ ਅਤੇ ਸਰੀਰਾਂ ਨੂੰ ਮੌਤ ਮਗਰੋਂ ਸਾੜਦੇ ਦਫ਼ਨੀਂਦੇ ਦੇਖਦੀ ਹੈ, ਉਹ ਆਪਣੀ ਨਾਵਾਕਫ਼ੀ ਕਰਕੇ, ਅਵਿਦਿਆ ਕਰਕੇ ਮੌਤ ਤੋਂ ਡਰਦੀ ਹੈ। ਦੂਸਰੇ ਅੱਖਰਾਂ ਵਿਚ ਮੌਤ ਦਾ ਦੁੱਖ, ਡਰ ਤੇ ਕਲੇਸ਼, ਜੀਵ ਜਾਂ ਰੂਹ ਨੂੰ ਆਪਣੀ ਅਗਿਆਨਤਾ ਅਤੇ ਨਾਵਾਕਫ਼ੀਅਤ ਕਰਕੇ ਹੁੰਦਾ ਹੈ।

ਕਬੀਰ ਨੇ ਜਦ ਪਹਿਲੇ ਮੌਤ ਨੂੰ ਦੇਖਿਆ ਤਾਂ ਹੱਡਾਂ ਨੂੰ ਲੱਕੜੀ ਅਤੇ ਕੇਸਾਂ ਨੂੰ ਘਾਹ ਵਾਂਗਰ ਸੜਦਿਆਂ ਦੇਖ ਕੇ ਘਬਰਾਇਆ ਅਤੇ ਉਦਾਸ ਹੋ ਤੁਰਿਆ, ਪਰ ਇਸ ਦੀ ਉਦਾਸੀ ਵਿਚ ਜਦ ਉਸ ਨੇ ਆਪਣੀ ਅਸਲੀਅਤ ਦੀ ਖੋਜ ਕੀਤੀ ਤਾਂ ਕੁਝ ਚਿਰ ਮਗਰੋਂ ਬਾਹਾਂ ਖੜ੍ਹੀਆਂ ਕਰਕੇ ਪੁਕਾਰ ਪੁਕਾਰ ਕੇ ਆਖਣ ਲੱਗਾ –

*ਜਿਹ ਮਰਨੈ ਸਭੁ ਜਗਤੁ ਤਰਾਸਿਆ॥*
*ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥*
*ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥*
*ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥*
*ਮਰਨੋ ਮਰਨੁ ਕਹੈ ਸਭੁ ਕੋਈ॥*
*ਸਹਜੇ ਮਰੈ ਅਮਰੁ ਹੋਇ ਸੋਈ॥*
*ਕਹੁ ਕਬੀਰ ਮਨਿ ਭਇਆ ਅਨੰਦਾ॥*
*ਗਇਆ ਭਰਮੁ ਰਹਿਆ ਪਰਮਾਨੰਦਾ॥* *ਪੰਨਾ - 327*

ਮੌਤ ਸਬੰਧੀ ਇਹ ਕੋਈ ਨਿਰੀ ਕਬੀਰ ਜੀ ਦੀ ਖੋਜ ਦਾ ਹੀ ਸਿੱਟਾ ਨਹੀਂ, ਇਸ ਪਾਸੇ ਜਿਤਨੇ ਮਹਾਂਪੁਰਸ਼ਾਂ ਨੇ ਖੋਜ ਕੀਤੀ ਹੈ ਸਭ ਨੇ ਇਸੀ ਪ੍ਰਕਾਰ ਨਤੀਜੇ ਕੱਢੇ ਹਨ। ਏਸੇ ਸਬੰਧ ਵਿਚ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ–

*ਪਵਨੈ ਮਹਿ ਪਵਨੁ ਸਮਾਇਆ॥*
*ਜੋਤੀ ਮਹਿ ਜੋਤਿ ਰਲ ਜਾਇਆ॥*
*ਮਾਟੀ ਮਾਟੀ ਹੋਈ ਏਕ॥*
*ਰੋਵਨਹਾਰੇ ਕੀ ਕਵਨ ਟੇਕ॥*
*ਕਉਨੁ ਮੂਆ ਰੇ ਕਉਨੁ ਮੂਆ॥*
*ਬ੍ਰਹਮਗਿਆਨੀ ਮਿਲਿ ਕਰਹੁ ਬੀਚਾਰਾ॥*
*ਇਹ ਤਉ ਚਲਤੁ ਭਇਆ॥*
... ... ...
*ਨਹ ਕੋ ਮੂਆ ਨਾ ਮਰਣੈ ਜੋਗੁ॥*
*ਨਹਿ ਬਿਨਸੈ ਅਬਿਨਾਸੀ ਹੋਗੁ॥*
*ਜੋ ਇਹੁ ਜਾਣਹੁ ਸੋ ਇਹੁ ਨਾਹਿ॥*
*ਜਾਨਣਹਾਰੇ ਕਉ ਬਲਿ ਜਾਉ॥* *ਪੰਨਾ - 885*

ਮੌਤ ਸਬੰਧੀ ਅੱਜਕਲ੍ਹ ਦੇ ਇਕ ਸਾਇੰਸਦਾਨ ਮਿਸਟਰ ਹੈਰੀਸ ਐਮ.ਡੀ. ਆਪਣੀ ਪੁਸਤਕ ਇਮੋਰਟੈਲਿਟੀ (Immortality) ਵਿਚ ਲਿਖਦੇ ਹਨ –

Since the law of conservation of energy was established, our idea of mortality has changed considerably. We know nothing dies, everything changes. Complete annihilation is impossible; matter and energy are eternal since one is unable either to create or destroy matter.

ਜਦ ਇਨਸਾਨ ਨੂੰ ਆਪਣੀ ਅਸਲੀਅਤ ਦਾ ਹੋਰ ਚੰਗੀ ਤਰ੍ਹਾਂ ਪਤਾ ਲੱਗ ਜਾਵੇ ਤਾਂ ਉਹ ਮਰਨ ਤੋਂ ਕੇਵਲ

ਨਿਸਚਿੰਤ ਹੀ ਨਹੀਂ ਹੋ ਜਾਂਦਾ ਸਗੋਂ ਮੌਤ ਨੂੰ ਚਾਅ ਨਾਲ ਉਡੀਕਣ ਲੱਗ ਜਾਂਦਾ ਹੈ। ਉਸ ਨੂੰ ਮੌਤ ਦੇ ਪਰਦੇ ਤੋਂ ਪਰ੍ਹੇ ਦੀ ਖੇਡ ਦਿਸਣ ਲੱਗ ਜਾਂਦੀ ਹੈ ਅਤੇ ਕਿਉਂਕਿ ਉਹ ਖੇਡ ਮੌਤ ਦੇ ਇਸ ਪਾਸੇ ਦੀ ਖੇਡ ਨਾਲੋਂ ਚੰਗੇਰੀ ਹੁੰਦੀ ਹੈ, ਉਹ ਉਸ ਨੂੰ ਉਤਸ਼ਾਹ ਨਾਲ ਉਡੀਕਦਾ ਹੈ। ਜਦ ਪਹਿਲੇ ਮੌਤ ਨੂੰ ਦੇਖ ਕੇ ਉਦਾਸ ਹੋ ਜਾਣ ਵਾਲੇ ਕਬੀਰ ਜੀ ਉਤੇ ਇਹ ਅਵਸਥਾ ਆਈ ਤਾਂ ਆਪ ਆਖਦੇ ਹੁੰਦੇ ਸਨ –

*ਕਬੀਰਾ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ॥*
*ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੁੋਬਿੰਦੁ॥*
*ਪੰਨਾ - 1364*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ - 1364*

## (3)

ਮੌਤ ਸਬੰਧੀ ਇਨਸਾਨ ਦੀ ਖੋਜ ਦਾ ਆਖਰੀ ਸਿੱਟਾ ਜਾਂ ਨਤੀਜਾ ਬੜਾ ਅਜੀਬ ਹੈ। ਇਸ ਵਿਚ ਮੌਤ ਦੀ ਹੋਂਦ ਹੀ ਨਹੀਂ ਰਹਿੰਦੀ। ਜਦ ਇਨਸਾਨ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਸਬੰਧ ਦੇ ਪੰਜੇ ਤੱਤ, (ਹਵਾ, ਪਾਣੀ, ਅੱਗ, ਮਿੱਟੀ, ਆਕਾਸ਼) ਮੌਤ ਮਗਰੋਂ ਉਸੇ ਤਰ੍ਹਾਂ ਜਿਉਂ ਦੇ ਤਿਉਂ ਰਹਿੰਦੇ ਹਨ ਅਤੇ ਆਤਮਾ ਅਮਰ ਅਜੋਨੀ ਹੋਣ ਕਰਕੇ ਆਦਿ ਤੋਂ ਤੱਤਾਂ ਨਾਲ ਵੱਖੋ-ਵੱਖਰੀਆਂ ਸ਼ਕਲਾਂ ਬਣਾ-ਬਣਾ ਕੇ ਤੇ ਢਾਹ ਢਾਹ ਕੇ ਖੇਡਦੀ ਰਹਿੰਦੀ ਹੈ ਤਾਂ ਉਹ ਸਾਰੀ ਸੰਸਾਰ ਰਚਨਾ ਵਿਚ ਦੇਖਦਾ ਹੈ ਕਿ ਮੌਤ ਤਾਂ ਕਿਤੇ ਹੈ ਹੀ ਨਹੀਂ। ਅਮਰ ਆਤਮਾ, ਸਦੀਵੀ ਤੱਤਾਂ ਨਾਲ ਉਸੇ ਤਰ੍ਹਾਂ ਖੇਡ ਰਹੀ ਦਿਖਾਈ ਦੇਂਦੀ ਹੈ ਜਿਵੇਂ ਹਵਾ ਸਮੁੰਦਰ ਦੇ ਪਾਣੀ ਨਾਲ ਖੇਡਦੀ ਰਹਿੰਦੀ ਹੈ। ਹਵਾ ਦੇ ਚੱਲਣ ਨਾਲ ਸਮੁੰਦਰ ਵਿਚ ਬੁਲਬੁਲੇ, ਲਹਿਰਾਂ, ਤੂਫ਼ਾਨ ਪੈਦਾ ਹੁੰਦੇ ਹਨ ਪਰ ਹਵਾ ਦੇ ਖਲੋ ਜਾਣ ਨਾਲ ਪਾਣੀ ਮੁੜ ਆਪਣੀ ਅਸਲ ਸ਼ਾਂਤ ਹਾਲਤ ਵਿਚ ਆ ਜਾਂਦਾ ਹੈ। ਹਵਾ ਵੀ ਜਿਉਂ ਦੀ ਤਿਉਂ ਤੇ ਪਾਣੀ ਵੀ ਜਿਉਂ ਦਾ ਤਿਉਂ ਰਹਿੰਦਾ ਹੈ।

ਖੋਜੀ ਇਨਸਾਨ ਨੂੰ ਇਸ ਤੋਂ ਅੱਗੇ ਜਦ ਇਹ ਪਤਾ ਲੱਗ ਜਾਵੇ ਕਿ ਇਸ ਸੰਸਾਰ ਰਚਨਾ ਵਿਚ ਜੋ ਪੰਜੇ ਤੱਤ ਦਿਸਦੇ ਹਨ, ਇਹ ਵੀ ਆਤਮਾ, ਪਰਮ-ਆਤਮਾ, ਪਰਮ-ਤੱਤ ਵਿਚੋਂ ਹੀ ਉਤਪੰਨ ਹੁੰਦੇ ਹਨ।

*ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਪੰਨਾ - 160*
*ਓਅੰਕਾਰਿ ਉਤਪਾਤੀ॥*
*ਕੀਆ ਦਿਨਸੁ ਸਭ ਰਾਤੀ॥*
*ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥*
*ਚਾਰਿ ਬੇਦ ਚਾਰੇ ਖਾਣੀ॥*
*ਖੰਡ ਦੀਪ ਸਭਿ ਲੋਆ॥*
*ਏਕ ਕਵਾਵੈ ਤੇ ਸਭਿ ਹੋਆ॥ ਪੰਨਾ - 1003*

ਜਦ ਖੋਜੀ ਇਨਸਾਨ ਨੂੰ ਪਤਾ ਲੱਗ ਜਾਵੇ ਕਿ ਸਾਰੀ ਜਗਤ ਰਚਨਾ ਤੋਂ ਪਹਿਲੇ ਕੇਵਲ ਵਾਹਿਗੁਰੂ ਹੀ ਸੀ ਅਤੇ ਸਾਰੀ ਜਗਤ ਰਚਨਾ ਕੇਵਲ ਵਾਹਿਗੁਰੂ ਤੋਂ ਪੈਦਾ ਹੋਈ, ਤਾਂ ਉਸ ਨੂੰ ਇਹ ਜਗਤ ਉਸੇ ਤਰ੍ਹਾਂ 'ਹਰੀ ਦਾ ਰੂਪ' ਦਿਸਣ ਲਗ ਜਾਂਦਾ ਹੈ ਜਿਵੇਂ ਨਜ਼ਰ ਵਾਲੇ ਆਦਮੀ ਨੂੰ ਸਮੁੰਦਰ ਦੇ ਸਭ ਬੁਲਬਲੇ, ਸਭ ਲਹਿਰਾਂ, ਸਭ ਛੱਲਾਂ ਕੇਵਲ ਪਾਣੀ ਦਾ ਹੀ ਰੂਪ ਦਿਸਦੀਆਂ ਹਨ। ਜਿਵੇਂ ਬੁਲਬਲਿਆਂ, ਛੱਲਾਂ, ਲਹਿਰਾਂ ਵਿਚ ਸਿਵਾਏ ਪਾਣੀ ਤੋਂ ਕੁਝ ਹੋਰ ਨਹੀਂ ਹੁੰਦਾ, ਤਿਵੇਂ ਜਗਤ ਰਚਨਾ ਵਿਚ ਸਿਵਾਏ ਕਰਤਾਰ ਦੇ ਹੋਰ ਕੋਈ ਦੂਸਰੀ ਚੀਜ਼ ਹੈ ਹੀ ਨਹੀਂ। ਜਿਵੇਂ ਬੁਲਬਲਿਆਂ ਤੇ ਲਹਿਰਾਂ ਦੇ ਬਣਨ ਤੇ ਲੀਨ ਹੋਣ ਵਿਚ ਨਾ ਪਾਣੀ ਜੰਮਦਾ ਹੈ, ਨਾ ਮਰਦਾ ਹੈ ਕੇਵਲ ਸ਼ਕਲ ਬਦਲਦਾ ਰਹਿੰਦਾ ਹੈ, ਤਿਵੇਂ ਸੰਸਾਰ ਰਚਨਾ ਦੇ ਬਣਨ ਅਤੇ ਲੀਨ ਹੋਣ ਵਿਚ ਨਾ ਵਾਹਿਗੁਰੂ ਜੰਮਦਾ ਹੈ ਨਾ ਮਰਦਾ ਹੈ, ਕੇਵਲ ਸ਼ਕਲਾਂ ਬਦਲਦਾ ਰਹਿੰਦਾ ਹੈ। ਇਸ ਲਈ ਮੌਤ ਸਬੰਧੀ ਇਨਸਾਨ ਦੀ ਸਦੀਆਂ ਦੀ ਖੋਜ ਦਾ ਅੰਤਮ ਨਤੀਜਾ ਇਹ ਹੈ ਕਿ–

*ਨਹ ਕਿਛੁ ਜਨਮੈ ਨਹ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥ ਪੰਨਾ - 281*
*ਨਾ ਕਿਛੁ ਆਵਤ ਨ ਕਿਛੁ ਜਾਵਤ॥*
*ਸਭੁ ਖੇਲੁ ਕੀਓ ਹਰਿ ਰਾਇਓ॥ ਪੰਨਾ - 209*
*ਮਰੈ ਨਾਹੀ ਸਦ ਸਦ ਹੀ ਜੀਵੈ*
*ਅਮਰੁ ਭਇਆ ਅਬਿਨਾਸੀ ਥੀਵੈ॥*
*ਨਾ ਕੋ ਆਵੈ ਨਾ ਕੋ ਜਾਵੈ*
*ਗੁਰਿ ਦੂਰਿ ਕੀਆ ਭਰਮੀਜਾ ਹੇ॥ ਪੰਨਾ - 1074*

ਮੌਤ ਭਿਆਨਕ ਤੇ ਮਾੜੀ ਉਸ ਆਦਮੀ ਨੂੰ ਲਗਦੀ ਹੈ ਜਿਹੜਾ ਮੌਤ ਲਈ ਤਿਆਰ ਨਾ ਹੋਵੇ, ਜਿਹੜਾ ਆਪਣੇ ਜੀਵਨ ਵਿਚ ਮੌਤ ਦੀ ਅਸਲੀਅਤ ਨੂੰ ਸਮਝ ਕੇ, ਆਪਣੀ ਅੰਤਮ ਤਬਦੀਲੀ ਲਈ ਤਿਆਰ ਹੋ ਜਾਂਦਾ ਹੈ, ਉਸ ਨੂੰ ਮੌਤ ਉਸੇ ਤਰ੍ਹਾਂ ਚੰਗੀ ਲਗਦੀ ਹੈ ਜਿਵੇਂ ਥੱਕੇ ਟੁੱਟੇ ਆਦਮੀ ਨੂੰ ਨੀਂਦਰ।

ਮੌਤ ਦੇ ਭਿਆਨਕ ਲੱਗਣ ਦਾ ਸਭ ਤੋਂ ਵੱਡਾ ਕਾਰਨ ਇਨਸਾਨ ਦਾ ਇਸ ਲਈ ਤਿਆਰ ਨਾ ਹੋਣਾ ਹੈ। ਜੀਵਨ ਇਕ ਸਫਰ ਹੈ। ਜਿਹੜਾ ਪੁਰਸ਼ ਇਸ ਸਫਰ ਨੂੰ ਸਫਰ ਨਾ ਸਮਝੇ ਅਤੇ ਇਸ ਨੂੰ ਕੋਈ ਸਦਾ ਰਹਿਣ ਵਾਲੀ ਸਦੀਵੀ ਚੀਜ਼ ਖਿਆਲ ਕਰਦਾ ਰਹੇ ਤਾਂ ਸਫਰ ਦੇ ਮੁੱਕਣ ਉਤੇ ਉਹ ਕਿਉਂ ਨਾ ਨਿਰਾਸ ਹੋਵੇ? ਅਸੀਂ ਰੇਲ ਵਿਚ ਸਫਰ ਕਰਦੇ ਹਾਂ, ਸਾਨੂੰ ਸ਼ੁਰੂ ਤੋਂ ਅਖੀਰ ਤੱਕ ਪਤਾ ਹੁੰਦਾ ਹੈ ਕਿ ਅਸੀਂ ਮੁਸਾਫਰ ਹਾਂ ਅਤੇ ਆਪਣਾ ਸਟੇਸ਼ਨ ਆਉਣ ਉਤੇ ਰੇਲ ਤੋਂ ਉਤਰ ਜਾਣਾ ਹੈ। ਇਸ ਲਈ ਅਸੀਂ ਰਾਹ ਵਿਚ ਅਨੇਕ ਸਟੇਸ਼ਨਾਂ ਦੀ ਸੈਰ ਕਰਦੇ ਉਨ੍ਹਾਂ ਸਟੇਸ਼ਨਾਂ ਦੇ ਮੁਸਾਫਰ ਉਤਰਦੇ ਚੜ੍ਹਦੇ ਦੇਖਦੇ ਹੋਏ, ਰਸਤੇ ਦੇ ਹਮਸਫਰਾਂ ਨਾਲ

ਗੱਲਾਂ ਬਾਤਾਂ ਕਰਦੇ, ਹੱਸਦੇ-ਖੇਡਦੇ ਆਪਣੇ ਸਟੇਸ਼ਨ ਆਉਣ ਉਤੇ ਖੁਸ਼ੀ ਨਾਲ ਉਤਰ ਜਾਂਦੇ ਹਾਂ। ਰੇਲ ਤੋਂ ਉਤਰਨ ਵੇਲੇ ਸਾਨੂੰ ਤਕਲੀਫ਼ ਤੇ ਨਿਰਾਸਤਾ ਕਿਉਂ ਨਹੀਂ ਹੁੰਦੀ? ਇਸ ਕਰਕੇ ਅਸੀਂ ਰੇਲ ਵਿਚ ਬੈਠਣ ਤੋਂ ਪਹਿਲੇ ਤੇ ਰੇਲ ਵਿਚ ਸਫਰ ਕਰਦਿਆਂ ਹੋਇਆਂ, ਇਸ ਨੂੰ ਆਪਣਾ ਘਰ ਨਹੀਂ ਸਮਝਿਆ ਹੁੰਦਾ। ਸਾਨੂੰ ਪਤਾ ਹੁੰਦਾ ਹੈ ਕਿ ਸਾਡੇ ਸਫਰ ਲਈ ਰੇਲ ਵਿਚ ਚੜ੍ਹਨਾ ਜਿਥੇ ਜ਼ਰੂਰੀ ਹੈ, ਉਥੇ ਸਫਰ ਦੇ ਖਤਮ ਹੋ ਜਾਣ ਉਤੇ ਰੇਲ ਤੋਂ ਉਤਰਨਾ ਵੀ ਜ਼ਰੂਰੀ ਹੈ। ਜੋ ਆਦਮੀ ਜੀਵਨ ਨੂੰ ਸਫਰ ਸਮਝੇ ਉਹ ਇਸ ਦੇ ਅੰਤ ਨੂੰ ਡਰਾਵਣਾ ਨਹੀਂ ਸਮਝੇਗਾ। ਇਸ ਦੇ ਉਲਟ ਜੋ ਆਦਮੀ ਜੀਵਨ ਨੂੰ ਸਫਰ ਸਮਝਣ ਦੀ ਥਾਂ ਸਦੀਵੀ ਚੀਜ਼ ਸਮਝੇ ਅਤੇ ਇਸ ਧੋਖੇ ਵਿਚ ਜੀਵਨ ਬਤੀਤ ਕਰੇ, ਉਸ ਦਾ ਜੀਵਨ ਦੇ ਅੰਤ ਸਮੇਂ ਨਿਰਾਸ ਹੋਣਾ ਤੇ ਡਰਨਾ ਲਾਜ਼ਮੀ ਹੈ। ਸਾਡੀ ਇਹ ਡਾਹਢੀ ਭੁੱਲ ਹੈ ਕਿ ਅਸੀਂ ਆਪਣੇ ਜੀਵਨ ਵਿਚ ਮੌਤ ਦਾ ਨਾਮ ਤਕ ਨਹੀਂ ਸੁਨਣਾ ਚਾਹੁੰਦੇ। ਮੌਤ ਦੇ ਵਿਸ਼ੇ ਨੂੰ ਡਾਹਢਾ ਮਨਹੂਸ ਤੇ ਭੈੜਾ ਵਿਸ਼ਾ ਸਮਝਦੇ ਹਾਂ। ਆਪਣੇ ਆਪ ਨੂੰ ਤੇ ਆਪਣੇ ਬਾਲ ਬੱਚਿਆਂ ਨੂੰ 'ਮੌਤ' ਦੀ ਸਚਾਈ ਤੋਂ ਅਨਜਾਣ ਰੱਖਣਾ ਆਪਣਾ ਫਰਜ਼ ਸਮਝਦੇ ਹਾਂ। ਆਪਣੇ ਬਾਲ ਬੱਚਿਆਂ ਨੂੰ ਐਸੀ ਤਾਲੀਮ ਦਿੰਦੇ ਹਾਂ ਜਿਸ ਵਿਚ ਮੌਤ ਦਾ ਜ਼ਿਕਰ ਤਕ ਨਹੀਂ ਹੁੰਦਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਛਿੰਨ ਛਿੰਨ, ਪਲ ਪਲ ਮੌਤ ਵਲ ਵਧਦਿਆਂ ਹੋਇਆਂ ਵੀ ਸਾਨੂੰ ਮੌਤ ਸਬੰਧੀ ਜ਼ਰਾ ਵੀ ਸਮਝ ਨਹੀਂ ਆਉਂਦੀ।

ਇਹ ਖਿਆਲ ਗ਼ਲਤ ਹੈ ਕਿ ਮੌਤ ਨੂੰ ਯਾਦ ਰੱਖਿਆਂ ਅਸੀਂ ਜੀਵਨ ਵਿਚ ਖੁਸ਼ ਨਹੀਂ ਰਹਿ ਸਕਦੇ ਜਾਂ ਮੌਤ ਨੂੰ ਯਾਦ ਰੱਖਿਆਂ ਅਸੀਂ ਦੁਨੀਆਂ ਵਿਚ ਤਰੱਕੀ ਨਹੀਂ ਕਰ ਸਕਦੇ। ਇਸ ਦੇ ਉਲਟ ਅਸਲੀਅਤ ਇਹ ਹੈ ਕਿ ਮੌਤ ਨੂੰ ਯਾਦ ਰੱਖਿਆਂ ਅਸੀਂ ਆਪਣੇ ਜੀਵਨ ਨੂੰ ਐਸੇ ਸੁਚੱਜੇ ਤਰੀਕੇ ਨਾਲ ਗੁਜ਼ਾਰ ਸਕਦੇ ਹਾਂ ਕਿ ਜੀਵਨ ਵਿਚ ਵੀ ਪੂਰੀ ਖੁਸ਼ੀ ਤੇ ਸੁਖ ਆਰਾਮ ਭੋਗ ਸਕੀਏ ਅਤੇ ਜੀਵਨ ਦੇ ਅੰਤ ਉਤੇ ਇਸ ਨੂੰ ਉਸੇ ਖੁਸ਼ੀ ਨਾਲ ਤਿਆਗ ਸਕੀਏ ਜਿਸ ਖੁਸ਼ੀ ਨਾਲ ਕਿ ਪੁਰਾਣੇ ਕੱਪੜੇ ਤਿਆਗ ਕੇ ਨਵੇਂ ਕੱਪੜੇ ਪਾਏ ਜਾਂਦੇ ਹਨ। ਸਾਨੂੰ ਰੇਲ ਦੇ ਸਫਰ ਕਰਨ ਵੇਲੇ ਪਤਾ ਹੁੰਦਾ ਹੈ ਕਿ ਅਸਾਂ ਕੁਝ ਸਮੇਂ ਮਗਰੋਂ ਆਪਣਾ ਸਟੇਸ਼ਨ ਆਉਣ ਉਤੇ ਉਤਰ ਜਾਣਾ ਹੈ, ਪਰ ਇਹ ਪਤਾ ਹੁੰਦਿਆਂ ਹੋਇਆਂ ਵੀ ਅਸੀਂ ਆਪਣੇ ਸਫਰ ਨੂੰ ਪੂਰੇ ਆਰਾਮ ਵਾਲਾ ਤੇ ਸੁਖੀ ਬਨਾਣ ਦੀ ਕੋਸ਼ਿਸ਼ ਕਰਦੇ ਹਾਂ। ਘਰੋਂ ਚੀਜ਼ਾਂ ਲੈ ਕੇ ਚਲਦੇ ਹਾਂ, ਜਿਨ੍ਹਾਂ ਦੀ ਸਫਰ ਵਿਚ ਲੋੜ ਪੈਣੀ ਹੈ। ਰੇਲ ਵਿਚ ਉਚੇ ਤੋਂ ਉਚੇ ਦਰਜੇ ਵਿਚ (ਆਪਣੇ ਵਿਤ ਅਨੁਸਾਰ) ਸਫਰ ਕਰਦੇ ਹਾਂ, ਰਸਤੇ ਵਿਚ ਸਟੇਸ਼ਨਾਂ ਉਤੋਂ ਜਾਂ ਖਾਣੇ ਦੀ ਨਾਲ ਲੱਗੀ ਗੱਡੀ ਵਿਚੋਂ ਵਿਤ ਅਨੁਸਾਰ ਚੰਗੀਆਂ-ਚੰਗੀਆਂ ਚੀਜ਼ਾਂ ਖਾਂਦੇ-ਪੀਂਦੇ ਚਲੇ ਜਾਂਦੇ ਹਾਂ, ਪਰ ਨਾਲ ਹੀ ਸਾਨੂੰ ਸਦਾ ਇਹ ਪਤਾ ਵੀ ਹੁੰਦਾ ਹੈ ਕਿ ਅਸੀਂ ਸਫਰ ਕਰ ਰਹੇ ਹਾਂ ਅਤੇ ਸਫਰ ਮੁਕਣ ਤੇ ਰੇਲ ਨੂੰ ਛੱਡ ਜਾਣਾ ਹੈ। ਜਿਵੇਂ ਰੇਲ ਦੇ ਸਫਰ ਵਿਚ ਇਹ ਜਾਣਦਿਆਂ ਹੋਇਆਂ ਕਿ ਇਹ ਸਫਰ ਹੈ, ਸਾਡੀ ਖਾਹਿਸ਼ ਇਸ ਸਫਰ ਨੂੰ ਪੂਰੇ ਸੁਖ ਤੇ ਆਰਾਮ ਵਾਲਾ ਬਨਾਣ ਦੀ ਹੁੰਦੀ ਹੈ, ਇਸੇ ਤਰ੍ਹਾਂ ਜੀਵਨ ਦੇ ਸਫਰ ਨੂੰ ਸਮਝਦਿਆਂ ਹੋਇਆਂ ਵੀ ਇਨਸਾਨ ਇਸ ਸਫਰ ਨੂੰ ਸੁਹਾਵਣਾ, ਸੁਖੀ ਤੇ ਆਰਾਮ ਵਾਲਾ ਬਣਾ ਸਕਦਾ ਹੈ।

ਜਿਵੇਂ ਰੇਲ ਦੇ ਸਫਰ ਵਿਚ ਅੱਵਲ ਦਰਜੇ ਦੇ ਮੁਸਾਫਰ ਸਪਰਿੰਗ ਵਾਲੀਆਂ ਸੀਟਾਂ ਤੇ ਬਹਿੰਦੇ ਹਨ, ਸ਼ਾਵਰ ਬਾਥ (Shower Bath) ਪੱਖੇ, ਬਿਜਲੀ ਬੱਤੀਆਂ ਅਤੇ ਹੋਰ ਆਰਾਮ ਭੋਗਦੇ ਹੋਏ ਵੀ ਇਨ੍ਹਾਂ ਚੀਜ਼ਾਂ ਨੂੰ ਆਪਣੀ ਮਲਕੀਅਤ ਨਹੀਂ ਸਮਝਦੇ, ਏਸੇ ਤਰ੍ਹਾਂ ਜੀਵਨ ਦੇ ਸਫਰ ਵਿਚ ਵੀ ਇਨਸਾਨ, ਬਾਲ ਬੱਚਿਆਂ, ਕੋਠੀਆਂ, ਮਹੱਲਾਂ, ਦੌਲਤ, ਇੱਜ਼ਤ ਸਭ ਚੀਜ਼ਾਂ ਨੂੰ ਭੋਗਦਾ ਹੋਇਆ ਸਫਰ ਦੇ ਅੰਤ ਵਿਚ ਉਸੇ ਤਰ੍ਹਾਂ ਖੁਸ਼ੀ ਤੇ ਅਡੋਲ ਰਹਿ ਸਕਦਾ ਹੈ, ਜਿਵੇਂ ਅੱਵਲ ਦਰਜੇ ਦਾ ਮੁਸਾਫਰ ਆਪਣਾ ਸਟੇਸ਼ਨ ਆਉਣ ਉਤੇ ਰੇਲ ਨੂੰ ਛੱਡ ਕੇ ਖੁਸ਼ ਹੁੰਦਾ ਹੈ।

ਮੌਤ ਦੀ ਤਿਆਰੀ ਜੀਵਨ ਵਿਚ ਹੋਣੀ ਚਾਹੀਦੀ ਹੈ। ਜੋ ਇਸ ਵੱਡੇ ਫਰਜ਼ ਨੂੰ ਭੁਲਾ ਕੇ ਜੀਵਨ ਬਤੀਤ ਕਰਨਗੇ, ਉਨ੍ਹਾਂ ਨੂੰ ਅੰਤ ਸਮੇਂ ਰੋਣਾ, ਤੇ ਕੁਰਲਾਣਾ ਪਵੇਗਾ। ਜੋ ਇਸ ਜੀਵਨ ਵਿਚ ਮੌਤ ਦੇ ਭੇਦ ਨੂੰ, ਮੌਤ ਦੀ ਅਸਲੀਅਤ ਨੂੰ ਸਮਝ ਜਾਣਗੇ, ਉਹ ਉਸੇ ਤਰ੍ਹਾਂ ਅਡੋਲ ਰਹਿ ਕੇ ਸਰੀਰ ਤਿਆਗ ਸਕਣਗੇ, ਜਿਵੇਂ ਪਤਝੜ ਦੇ ਆਉਣ ਉਤੇ ਦਰਖਤ ਪੱਤਰਾਂ ਨੂੰ ਤਿਆਗਦੇ ਹਨ।

(ਪੰਨਾ 50 ਦੀ ਬਾਕੀ)

ਅਗਲੀ ਸ਼ਾਮ ਮੈਂ ਤੇ ਥਰੀਸਾ ਫੇਰ ਇਕ ਵਾਰੀ ਸਵਾਮੀ ਜੀ ਦੇ ਕਮਰੇ ਵਿਚ ਉਨ੍ਹਾਂ ਦੇ ਮਹਿਮਾਨ ਵਜੋਂ ਪਹੁੰਚੇ। ਸਵਾਮੀ ਜੀ ਕਹਿਣ ਲੱਗੇ, "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਸੀ ਤੁਹਾਡੇ ਮਿਤਰ ਦੋਸਤ ਕਿਵੇਂ ਹਨ, ਭੋਲੇ ਹੋਣਾ, ਭੋਲਾਪਨ ਸੰਸਾਰ ਵਿਚ ਰਹਿਣ ਲਈ ਕਾਫੀ ਨਹੀਂ ਹੈ, ਤੁਹਾਨੂੰ ਸੰਸਾਰਕ ਪੱਖੋਂ ਵੀ ਸਿਆਣੇ ਹੋਣਾ ਚਾਹੀਦਾ ਹੈ।

ਮੈਨੂੰ ਇਕ ਦਮ ਈਸਾ ਜੀ ਦਾ ਕਿਹਾ ਯਾਦ ਆ ਗਿਆ ਜੋ ਉਨ੍ਹਾਂ ਨੇ ਕਿਹਾ ਸੀ, ਸੱਪ ਦੀ ਤਰ੍ਹਾਂ ਸਿਆਣੇ ਰਹੋ ਤੇ ਘੁੱਗੀ ਦੀ ਤਰ੍ਹਾਂ ਭੋਲੇ।

ਸਵਾਮੀ ਜੀ ਕਹਿਣ ਲੱਗੇ ਜਿਨ੍ਹਾਂ ਨੂੰ ਤੁਸੀਂ ਸਭ ਤੋਂ ਵੱਧ ਪਿਆਰ ਕਰਦੇ ਹੋ ਉਹ ਹੀ ਤੁਹਾਨੂੰ ਸਭ ਤੋਂ ਵੱਧ ਦੁਖ ਦਿੰਦੇ ਹਨ, ਤੁਹਾਨੂੰ ਠੋਕਰ ਲਗਾਉਂਦੇ ਹਨ, ਸੰਸਾਰ ਇਸ ਤਰ੍ਹਾਂ ਹੀ ਹੈ।

ਮੈਂ ਸਵਾਮੀ ਜੀ ਨੂੰ ਭਰੋਸਾ ਦਿਵਾਇਆ, ਅਗਲੀ ਵਾਰੀ ਮੈਂ ਕੁਝ ਹੋਰ ਹੀ ਕਰਾਂਗਾ। ਸਵਾਮੀ ਜੀ ਨੇ ਕਿਹਾ, ਜ਼ਰੂਰ ਤੇ ਦੋਨੋਂ ਹੀ ਹੱਸ ਪਏ। ਮੈਨੂੰ ਸਮਝ ਆ ਗਈ ਕਿ ਮੇਰੇ ਜੀਵਨ ਦਾ ਭਰੋਸਾ ਟੁੱਟਣਾ ਕਿਉਂ ਜ਼ਰੂਰੀ ਸੀ। ਮੇਰੇ ਭਰੋਸੇ ਦੇ ਘਰ ਨੂੰ ਢਾਹੁੰਣਾ ਜ਼ਰੂਰੀ ਸੀ, ਭਰੋਸੇ ਨੂੰ ਖਤਮ ਕਰਕੇ ਹੀ ਅਨੁਭਵ ਦਾ ਮਹੱਲ ਬਣ ਸਕਦਾ ਸੀ।

ਥਰੀਸਾ ਸਾਰੀ ਗੱਲਬਾਤ ਵਿਚ ਚੁੱਪ ਕਰਕੇ ਬੈਠੀ ਰਹੀ ਫੇਰ ਉਸ ਨੇ ਮੂੰਹ ਉਤੇ ਚੁੱਕ ਕੇ ਦੇਖਿਆ, ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸੀ, ਉਹ ਸਵਾਮੀ ਜੀ ਨੂੰ ਕਹਿਣ ਲੱਗੀ, "ਸਵਾਮੀ ਜੀ! ਤੁਸੀਂ ਤਾਂ ਸਾਨੂੰ ਮਾਰ ਹੀ ਦਿਤਾ ਸੀ।"

"ਹਾਂ" ਸਵਾਮੀ ਜੀ ਨੇ ਜਵਾਬ ਦਿਤਾ, ਉਨ੍ਹਾਂ ਦੇ ਚਿਹਰੇ ਤੇ ਜਲਾਲ ਸੀ। ਉਨ੍ਹਾਂ ਨੇ ਕਿਹਾ, "ਦੇਖੋ ਕਬਰ ਵਿਚੋਂ ਕਿੰਨੀਆਂ ਸੋਹਣੀਆਂ ਰੂਹਾਂ ਨਿਕਲੀਆਂ ਹਨ। ਮਰ ਕੇ ਹੀ ਜੀਵਨ ਦੀ ਪ੍ਰਾਪਤੀ ਹੁੰਦੀ ਹੈ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........

ਪਤਾ/Address ..........

..........

..........

.......... Pin Code ..........

Phone .......... Email : ..........

ਮੈਂ.......... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......... ਮਿਤੀ.......... ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 02, 09, 16, 23, 30 ਜਨਵਰੀ।

**ਸੰਗਰਾਂਦ** - 13 ਜਨਵਰੀ, ਦਿਨ ਵੀਰਵਾਰ।

**ਪੂਰਨਮਾਸ਼ੀ** - 25 ਜਨਵਰੀ, ਦਿਨ ਮੰਗਲਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਜਨਵਰੀ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**-: Postal Address :-**


**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 25/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 100/- | |
| 31. | ਗੁਰੂ ਅਮਰਦਾਸ ਪਰਸੀਐ | | |

| English Version | Price |
|---|---|
| 1. Baisakhi | Rs. 5/- |
| 2. How Rend The Veil of Untruth | Rs. 70/- |
| C. Discourses on the Beyond-1 | Rs 50/- |
| 4. Discourses on the Beyond -2 | Rs. 50/- |
| 5. Discourses on the Beyond -3 | Rs. 50/- |
| 6. Discourses on the Beyond -4 | Rs. 60/- |
| 7. Discourses on the Beyond -5 | Rs. 60/- |
| 8. The way to the imperceptible | Rs. 80/- |
| 9. The Lights Immortal | Rs. 20/- |
| 10. Transcendental Bliss | Rs. 70/- |
| 11. How to Know Thy Real Self-(Vol-1) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |